30-SEP-PAGE-1.qxd 9/29/2025 10:39 PM Page 1

ਮੰਗਲਵਾਰ, 30 ਸਤੰਬਰ, 2025
15 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 120

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 30 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




# ਪੰਜਾਬ ਨੂੰ ਅਣਗੌਲਣ 'ਤੇ ਮੋਦੀ ਸਰਕਾਰ ਖਿਲਾਫ਼ ਅਸੰਬਲੀ 'ਚ ਮਤਾ ਪਾਸ

**ਚੰਡੀਗੜ੍ਹ** : ਪੰਜਾਬ ਅਸੰਬਲੀ ਨੇ ਸੋਮਵਾਰ ਹੜ੍ਹਾਂ ਨਾਲ ਝੰਬੇ ਸੂਬੇ ਨੂੰ ਵਿਸ਼ੇਸ਼ ਮਾਲੀ ਪੈਕੇਜ ਨਾ ਦੇਣ 'ਤੇ ਸਰਬਸੰਮਤੀ ਨਾਲ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨਿੰਦਾ ਕਰਦਾ ਮਤਾ ਪਾਸ ਕੀਤਾ। ਮਤੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੁਲਾਕਾਤ ਦਾ ਮੌਕਾ ਨਾ ਦੇਣ ਦੀ ਵੀ ਨਿੰਦਾ ਕੀਤੀ ਗਈ ਹੈ। ਇਸ ਨੂੰ ਸੂਬੇ ਦੇ ਲੋਕਾਂ ਦਾ ਅਪਮਾਨ ਦੱਸਿਆ ਗਿਆ ਹੈ। ਇਸ ਦੌਰਾਨ ਭਾਜਪਾ ਦੇ ਵਿਧਾਇਕ ਸਦਨ ਵਿੱਚ ਨਹੀਂ ਸਨ।

ਵਿਸ਼ੇਸ਼ ਅਜਲਾਸ ਦੇ ਦੂਜੇ ਤੇ ਆਖਰੀ ਦਿਨ ਸੋਮਵਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਕਿਸਾਨਾਂ ਨੂੰ ਡੀਸਿਲਟਿੰਗ ਲਈ ਪ੍ਰਤੀ ਏਕੜ 7200 ਰੁਪਏ ਤੇ ਦਰਿਆਵਾਂ 'ਚ ਰੁੜ੍ਹ ਗਈਆਂ ਫਸਲਾਂ ਲਈ ਪ੍ਰਤੀ ਏਕੜ 18800 ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੁਆਵਜ਼ਾ 15 ਅਕਤੂਬਰ ਤੋਂ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ 26 ਤੋਂ 75 ਫੀਸਦੀ ਫਸਲਾਂ ਦੇ ਨੁਕਸਾਨ 'ਤੇ 10 ਹਜ਼ਾਰ ਅਤੇ 75 ਤੋਂ 100 ਫੀਸਦੀ ਨੁਕਸਾਨ 'ਤੇ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ। 13 ਸਤੰਬਰ ਤੋਂ ਗਿਰਦਾਵਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਤੇ 15 ਅਕਤੂਬਰ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਦਰਿਆ ਦੇ ਨਾਲ ਲੱਗਦੀਆਂ ਵਹਿ ਗਈਆਂ ਜ਼ਮੀਨਾਂ ਲਈ 18,800 ਰੁਪਏ ਮਿਲਣਗੇ। ਘਰਾਂ ਦੇ ਨੁਕਸਾਨ ਦਾ ਪ੍ਰਤੀ ਘਰ ਇੱਕ ਲੱਖ 20 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ।

ਉਨ੍ਹਾ ਕਿਹਾ ਕਿ ਦੀਵਾਲੀ ਤੋਂ ਪਹਿਲਾਂ ਮੁਆਵਜ਼ਾ ਮਿਲੇਗਾ।

ਮੁੱਖ ਮੰਤਰੀ ਨੇ ਸਦਨ ਨੂੰ 43 ਮਿੰਟ ਦੇ ਕਰੀਬ ਸੰਬੋਧਨ ਕੀਤਾ। ਉਨ੍ਹਾ ਸਿਆਸਤ ਤੋਂ ਉੱਪਰ ਉੱਠ ਕੇ ਪੰਜਾਬ ਨੂੰ ਮੁੜ ਖੜ੍ਹਾ ਕਰਨ ਦੀ ਵਚਨਬੱਧਤਾ ਦੁਹਰਾਈ।

ਇਸ ਦੌਰਾਨ ਹੜ੍ਹ ਰਾਹਤ ਵਜੋਂ ਪੰਜਾਬ ਲਈ ਐਲਾਨੀ ਮਾਮੂਲੀ ਰਾਹਤ ਰਾਸ਼ੀ ਬਾਰੇ ਅਤੇ ਕੇਂਦਰ ਸਰਕਾਰ ਤੋਂ 20 ਹਜ਼ਾਰ ਕਰੋੜ ਰੁਪਏ ਦੇ ਵਿਸ਼ੇਸ਼ ਵਿੱਤੀ ਪੈਕੇਜ ਦੀ ਮੰਗ ਕਰਦਾ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਆਖਰੀ ਦਿਨ ਸੱਤਾਧਾਰੀ ਤੇ ਵਿਰੋਧੀ ਧਿਰ ਦਰਮਿਆਨ ਤਿੱਖੀਆਂ ਝੜਪਾਂ ਹੋਈਆਂ। ਅਮਨ ਅਰੋੜਾ ਨੇ ਦਰਿਆਵਾਂ ਦੀ ਸਫਾਈ ਨਾ ਹੋਣ ਲਈ ਪਿਛਲੀ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾ ਕਿਹਾ ਕਿ ਬਿਆਸ ਦਰਿਆ ਨੂੰ ਕੇਂਦਰ ਸਰਕਾਰ ਨੇ ਕੰਜ਼ਰਵੇਸ਼ਨ ਸਾਈਟ ਐਲਾਨ ਦਿੱਤਾ, ਜਿਸ ਨਾਲ ਇਸ ਦਰਿਆ 'ਚੋਂ ਮਿੱਟੀ ਕੱਢਣ 'ਤੇ ਪਾਬੰਦੀ ਲੱਗ ਗਈ। ਤਤਕਾਲੀ ਪੰਜਾਬ ਦੀ ਕਾਂਗਰਸ ਸਰਕਾਰ ਨੇ ਇਸ ਦਾ ਨੋਟਿਸ ਤੱਕ ਨਹੀਂ ਲਿਆ। ਅਰੋੜਾ ਨੇ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ 'ਤੇ ਸਰਕਾਰ ਦਾ ਪੱਖ ਕਲੀਅਰ ਕੀਤਾ। ਉਨ੍ਹਾ ਕੈਗ ਦੀ ਰਿਪੋਰਟ ਦੇ ਹਵਾਲੇ ਨਾਲ ਵਿਰੋਧੀ ਧਿਰ ਨੂੰ ਨਿਸ਼ਾਨੇ 'ਤੇ ਲਿਆ। ਅਰੋੜਾ ਨੇ ਬਹਿਸ ਦੌਰਾਨ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ ਦੇ ਨੇਮਾਂ ਵਿਚ ਸੋਧ ਕੀਤੀ ਜਾਵੇ। ਉਨ੍ਹਾ ਕਿਹਾ ਕਿ ਸਦਨ ਦੇ ਸਾਰੇ ਮੈਂਬਰਾਂ ਨੂੰ ਇਕਜੁੱਟ ਹੋ ਕੇ ਕੇਂਦਰ ਸਰਕਾਰ ਖਿਲਾਫ ਆਵਾਜ਼ ਚੁੱਕਣੀ ਚਾਹੀਦੀ ਹੈ।

## ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੀਵਾਲੀ ਤੋਂ ਪਹਿਲਾਂ ਦੇ ਦੇਵਾਂਗੇ : ਮਾਨ



## ਸ਼ਾਹ ਨਾਲ ਅੱਜ ਮੁਲਾਕਾਤ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਸੂਬੇ ਵਿੱਚ ਹੜ੍ਹਾਂ ਦੇ ਸੰਕਟ ਨੂੰ ਦੇਖਦੇ ਹੋਏ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ ਦੇ ਸੰਬੰਧ ਵਿੱਚ ਮੰਗਲਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਨਗੇ।

## ਬਾਜਵਾ ਨੇ 25 ਲੱਖ ਦੀ ਨਿੱਜੀ ਜਾਇਦਾਦ ਬਚਾਉਣ ਲਈ ਸਰਕਾਰ ਦੇ 1.18 ਕਰੋੜ ਖਰਚਾਏ : ਚੀਮਾ

**ਚੰਡੀਗੜ੍ਹ** : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਪੰਜਾਬ ਵਿਧਾਨ ਸਭਾ ਦੇ ਫਲੋਰ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਤਿੱਖਾ ਹਮਲਾ ਬੋਲਦਿਆਂ ਉਨ੍ਹਾ 'ਤੇ ਧੁੱਸੀ ਬੰਨ੍ਹ ਅੰਦਰ ਬਿਆਸ ਦਰਿਆ ਦੇ ਕੰਢੇ 'ਤੇ ਰੇਤ ਦੀ ਮਾਈਨਿੰਗ ਦੇ ਮਕਸਦ ਨਾਲ ਜ਼ਮੀਨ ਖਰੀਦਣ ਅਤੇ ਫਿਰ ਰਾਜ ਸਰਕਾਰ 'ਤੇ ਜਨਤਕ ਫੰਡ ਰਾਹੀਂ ਉਸ ਜ਼ਮੀਨ ਦੀ ਰੱਖਿਆ ਵਾਸਤੇ ਡੰਗੇ ਲਗਾਉਣ ਲਈ ਦਬਾਅ ਪਾਉਣ ਦਾ ਦੋਸ਼ ਲਾਇਆ।

ਵਿੱਤ ਮੰਤਰੀ ਨੇ ਕਿਹਾ ਕਿ ਜਦੋਂ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕਦੇ ਹਾਊਸ ਕਮੇਟੀ ਦੇ ਗਠਨ ਅਤੇ ਕਦੇ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਦੇ ਅਸਤੀਫ਼ੇ ਦੀ ਮੰਗ ਕਰਦੇ ਹਨ, ਉਨ੍ਹਾਂ ਦੀਆਂ ਆਪਣੀਆਂ ਕਾਰਵਾਈਆਂ

• ਬਾਕੀ ਸਫਾ 2 'ਤੇ

## ਬਾਜਵਾ ਨੇ ਝੂਠ ਬੋਲਿਆ : ਗੋਇਲ



**ਚੰਡੀਗੜ੍ਹ** : ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸੋਮਵਾਰ ਹੜ੍ਹਾਂ 'ਤੇ ਸਿਆਸਤ ਕਰਨ ਅਤੇ ਸਦਨ ਨੂੰ ਗੁੰਮਰਾਹ ਕਰਨ ਨੂੰ ਲੈ ਕੇ ਵਿਰੋਧੀ ਧਿਰ ਨੂੰ ਕਰੜੇ ਹੱਥੀਂ ਲਿਆ।ਵਿਧਾਨ ਸਭਾ ਦੇ ਵਿਸ਼ੇਸ਼ ਅਜਲਾਸ ਦੌਰਾਨ 'ਪੰਜਾਬ ਦਾ ਪੁਨਰਵਾਸ' ਮਤੇ 'ਤੇ ਬੋਲਦਿਆਂ ਗੋਇਲ ਨੇ ਕਿਹਾ ਕਿ ਲੰਬਾ ਸਮਾਂ ਸੱਤਾ ਦਾ ਸੁੱਖ ਭੋਗਣ ਵਾਲੀ, ਅੱਜ ਦੀ ਵਿਰੋਧੀ ਧਿਰ ਦੇ ਆਗੂ ਸਿਰਫ਼ ਰਾਜਨੀਤੀ ਕਰਨ ਲਈ ਹੀ ਸਰਕਾਰ ਉਤੇ ਬੇਬੁਨਿਆਦ ਇਲਜ਼ਾਮ ਲਗਾ ਰਹੇ ਹਨ।

ਉਨ੍ਹਾ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਫੋਕੀ ਰਾਜਨੀਤੀ ਲਈ ਸਦਨ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਕਿ ਰਣਜੀਤ ਸਾਗਰ ਡੈਮ ਤੋਂ 7 ਲੱਖ ਕਿਊਸਿਕ ਪਾਣੀ ਛੱਡਿਆ ਗਿਆ, ਜਦਕਿ ਸੱਚਾਈ ਇਹ ਹੈ ਕਿ ਰਣਜੀਤ ਸਾਗਰ ਡੈਮ ਤੋਂ ਕਰੀਬ 2.15 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਸੀ। ਉਨ੍ਹਾ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਸਦਨ ਵਿਚ ਝੂਠ ਬੋਲ ਕੇ ਅਪਰਾਧ ਕੀਤਾ ਹੈ, ਜਿਸ ਲਈ ਉਨ੍ਹਾ ਨੂੰ ਸਦਨ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਸਦਨ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ।

ਉਨ੍ਹਾ ਕਿਹਾ ਕਿ ਜਿਹੜੇ ਵਿਰੋਧੀ ਧਿਰ ਦੇ ਆਗੂ ਗੁਰਦਾਸਪੁਰ ਦੇ ਸੱਕੀ ਨਾਲੇ ਦੀ ਸਫ਼ਾਈ ਨਾ ਹੋਣ ਬਾਰੇ ਝੂਠਾ ਪ੍ਰਚਾਰ ਕਰ ਰਹੇ ਹਨ, ਉਨ੍ਹਾਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਝ ਦਿਨ ਪਹਿਲਾਂ ਗੁਰਦਾਸਪੁਰ ਵਿੱਚ ਲੱਗੇ ਬਾਬਾ ਗੁੱਜਰ ਮੇਲੇ ਦੌਰਾਨ ਇਲਾਕੇ ਦੀਆਂ 20 ਪੰਚਾਇਤਾਂ ਨੇ ਮੇਰਾ ਸਨਮਾਨ ਇਸ ਲਈ ਕੀਤਾ ਕਿ ਮੈਂ ਸੱਕੀ ਨਾਲੇ ਦੀ ਸਫ਼ਾਈ ਕਰਵਾਈ ਹੈ।

## ਕਾਰਾਂ ਦੀ ਸਿੱਧੀ ਟੱਕਰ, ਪੰਜ ਮੌਤਾਂ

**ਕੁਰੂਕਸ਼ੇਤਰ** : ਸੋਮਵਾਰ ਸਵੇਰੇ ਸਾਢੇ 7 ਵਜੇ ਇੱਥੋਂ 8 ਕਿਲੋਮੀਟਰ ਦੂਰ ਕੈਥਲ-ਕੁਰੂਕਸ਼ੇਤਰ ਸੜਕ 'ਤੇ ਪਿੰਡ ਘਰਾਰਸੀ ਕੋਲ ਦੋ ਕਾਰਾਂ ਦੀ ਸਿੱਧੀ ਟੱਕਰ ਵਿੱਚ ਪੰਜ ਵਿਅਕਤੀਆਂ ਦੀ ਮੌਤ ਹੋ ਗਈ। ਅੰਬਾਲਾ ਦੇ ਪਿੰਡ ਬੁਬਕਾ ਤੋਂ ਛੇ ਯਾਤਰੀਆਂ ਨੂੰ ਲੈ ਕੇ ਜਾ ਰਹੀ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਕਾਰ ਵਿੱਚ ਸਵਾਰ ਪੰਜ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਪ੍ਰਵੀਨ, ਪਵਨ, ਰਾਜੇਂਦਰ, ਉਰਮਿਲਾ ਅਤੇ ਸੁਮਨ ਵਜੋਂ ਹੋਈ ਹੈ। 18 ਸਾਲਾ ਵੰਸ਼ਿਕਾ ਗੰਭੀਰ ਜ਼ਖ਼ਮੀ ਹੋ ਗਈ ਅਤੇ ਜ਼ੇਰੇ ਇਲਾਜ ਹੈ। ਦੂਜੀ ਕਾਰ ਵਿੱਚ ਸਫਰ ਕਰ ਰਹੇ ਚਾਰ ਵਿਅਕਤੀ ਵੀ ਜ਼ਖ਼ਮੀ ਹੋ ਗਏ। ਇਹ ਸਾਰੇ ਅੰਬਾਲਾ ਦੇ ਮੁਲਾਨਾ ਜਾ ਰਹੇ ਸਨ।

## ਫਲਸਤੀਨੀਆਂ ਦਾ ਨਸਲਘਾਤ ਕਰ ਰਹੇ ਇਜ਼ਰਾਈਲ ਖਿਲਾਫ 6 ਨੂੰ ਮਾਰਚ

**ਜਲੰਧਰ** : 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਦੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੁਖਦਰਸ਼ਨ ਨੱਤ ਦੀ ਪ੍ਰਧਾਨਗੀ ਹੇਠ ਹੋਈ।



ਮੀਟਿੰਗ ਵਿੱਚ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਆਰ ਐੱਮ ਪੀ ਆਈ ਦੇ ਕੁੱਲ ਹਿੰਦ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਐੱਮ ਐੱਲ ਨਿਊ ਡੈਮੋਕਰੇਸੀ ਦੇ ਆਗੂ ਅਜਮੇਰ ਸਿੰਘ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਆਗੂ ਬਲਕਰਨ ਸਿੰਘ ਮੋਗਾ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਅਤੇ ਐੱਮ ਸੀ ਪੀ ਆਈ ਯੂ ਦੇ ਕਿਰਨਜੀਤ ਸਿੰਘ ਸੇਖੋਂ ਤੋਂ ਇਲਾਵਾ ਪ੍ਰਿਥੀਪਾਲ ਸਿੰਘ ਮਾੜੀਮੇਘਾ, ਪ੍ਰਗਟ ਸਿੰਘ ਜਾਮਾਰਾਏ ਅਤੇ ਮਹਿੰਦਰ ਪਾਲ ਸਿੰਘ ਮੁਹਾਲੀ ਸ਼ਾਮਲ ਹੋਏ। ਮੀਟਿੰਗ ਵਿੱਚ ਫੈਸਲਾ ਹੋਇਆ ਕਿ ਫਲਸਤੀਨ ਤੇ ਗਾਜ਼ਾ ਦੀ ਤਬਾਹੀ ਦੇ ਵਿਰੋਧ ਵਿੱਚ ਦੇਸ਼ ਭਗਤ ਯਾਦਗਾਰ ਹਾਲ ਵਿਖੇ 6 ਅਕਤੂਬਰ ਨੂੰ ਮਾਝਾ ਅਤੇ ਦੁਆਬੇ ਦੇ ਜ਼ਿਲ੍ਹਿਆਂ ਦੀ ਕਨਵੈਨਸ਼ਨ ਕਰਨ ਤੋਂ ਬਾਅਦ ਮਾਰਚ ਕੀਤਾ ਜਾਵੇਗਾ। ਇਸੇ ਤਰ੍ਹਾਂ ਮਾਲਵੇ ਦੇ ਜ਼ਿਲ੍ਹਿਆਂ ਦੀ ਕਨਵੈਨਸ਼ਨ 7 ਅਕਤੂਬਰ ਨੂੰ ਬਰਨਾਲਾ ਵਿਚ ਹੋਵੇਗੀ।


ਮੀਟਿੰਗ ਵਿੱਚ ਮੋਦੀ ਸਰਕਾਰ 'ਤੇ ਜ਼ੋਰ ਦਿੱਤਾ ਗਿਆ ਕਿ ਸਰਕਾਰ ਪੂਰਨ ਰੂਪ ਵਿੱਚ ਇਜ਼ਰਾਈਲ ਦਾ ਸਾਥ ਛੱਡੇ। ਅਮਰੀਕਾ ਦੀ ਨਿੰਦਾ ਕੀਤੀ ਗਈ ਕਿ ਉਹ ਯੋਜਨਾਬੱਧ ਢੰਗ ਨਾਲ ਇਜ਼ਰਾਈਲ ਦਾ ਸਾਥ ਦੇ ਰਿਹਾ ਹੈ। ਹੁਣ ਤੱਕ ਗਾਜ਼ਾ ਵਿੱਚ 68 ਹਜ਼ਾਰ ਤੋਂ ਵਧੇਰੇ ਫ਼ਲਸਤੀਨੀਆਂ ਨੂੰ ਇਜ਼ਰਾਈਲ ਨੇ ਮੌਤ ਦੇ ਘਾਟ ਉਤਾਰ ਦਿੱਤਾ ਹੈ। ਮਰਨ ਵਾਲਿਆਂ ਵਿੱਚ ਵਧੇਰੇ ਬੱਚੇ ਹਨ।

• ਬਾਕੀ ਸਫਾ 2 'ਤੇ

## ਭਾਜਪਾ ਨੇ ਆਪਣਾ ਸੈਸ਼ਨ ਚਲਾਇਆ

**ਚੰਡੀਗੜ੍ਹ** : ਭਾਜਪਾ ਨੇ ਸੂਬਾ ਸਰਕਾਰ ਵੱਲੋਂ ਹੜ੍ਹ ਪ੍ਰਬੰਧਾਂ ਲਈ ਸੱਦੇ ਵਿਸ਼ੇਸ਼ ਅਜਲਾਸ ਦੇ ਸਮਾਨੰਤਰ 'ਲੋਕਾਂ ਦੀ ਵਿਧਾਨ ਸਭਾ' ਚਲਾਈ। ਇਸ ਮੌਕੇ ਹੜ੍ਹਾਂ ਦੇ ਕਾਰਨਾਂ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਤਾਂ ਜੋ ਕਸੂਰਵਾਰਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾ ਸਕੇ। ਸਪੀਕਰ ਦੀ ਭੂਮਿਕਾ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਅਦਾ ਕੀਤੀ। ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਤੇ ਪਠਾਨਕੋਟ ਦੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਹੜ੍ਹਾਂ ਲਈ ਪੰਜਾਬ ਸਰਕਾਰ ਦੀ ਘੇਰਾਬੰਦੀ ਕੀਤੀ। ਅਸ਼ਵਨੀ ਸ਼ਰਮਾ ਵੱਲੋਂ ਪੰਜਾਬ ਸਰਕਾਰ ਵੱਲੋਂ ਮੌਨਸੂਨ ਦੀ ਆਮਦ ਨੂੰ ਲੈ ਕੇ ਕੋਈ ਤਿਆਰੀ ਨਾ ਕਰਨ ਅਤੇ ਹੜ੍ਹਾਂ ਦੌਰਾਨ ਲੋਕਾਂ ਦੀ ਮਦਦ ਲਈ ਕੋਈ ਲੋੜੀਂਦੇ ਪ੍ਰਬੰਧ ਨਾ ਕਰਨ ਲਈ ਨਿਖੇਧੀ ਮਤਾ ਲਿਆਂਦਾ ਗਿਆ। ਅਸ਼ਵਨੀ ਸ਼ਰਮਾ ਨੇ ਨਿਆਂਇਕ ਜਾਂਚ ਕਰਵਾਉਣ ਦੀ ਮੰਗ ਕੀਤੀ, ਤਾਂ ਜੋ ਪੰਜਾਬ ਦੇ ਲੱਖਾਂ ਲੋਕਾਂ ਨੂੰ ਬੇਘਰ ਕਰਨ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ, ਤਰੁਣ ਚੁਘ, ਜੰਗੀ ਲਾਲ ਮਹਾਜਨ ਸਣੇ ਹੋਰਨਾਂ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

## ਪ੍ਰਿੰਸੀਪਲ ਦੀ ਅੰਗਰੇਜ਼ੀ...




**ਨਾਹਨ** : ਹਿਮਾਚਲ ਪ੍ਰਦੇਸ਼ ਸਰਕਾਰ ਬੜੇ ਮਾਣ ਨਾਲ ਅਧਿਆਪਕਾਂ ਨੂੰ ਮਹਿੰਗੇ ਵਿਦੇਸ਼ੀ ਦੌਰੇ 'ਤੇ ਭੇਜ ਰਹੀ ਹੈ, ਤਾਂ ਜੋ ਉਹ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਨਵੇਂ ਤਰੀਕਿਆਂ ਨਾਲ ਲੈਸ ਹੋ ਕੇ ਵਾਪਸ ਆਉਣ, ਪਰ ਸਿਰਮੌਰ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੋਨਹਾਟ ਦੇ ਪ੍ਰਿੰਸੀਪਲ ਵੱਲੋਂ ਦਸਤਖਤ ਕੀਤੇ ਗਏ ਚੈੱਕ ਨੇ ਸਿੱਖਿਆ ਦੀ ਸਥਿਤੀ ਤੇ ਮਿਆਰ ਨੂੰ ਉਜਾਗਰ ਕਰ ਦਿੱਤਾ ਹੈ। ਸੱਤ ਹਜ਼ਾਰ ਛੇ ਸੌ ਸੋਲਾਂ ਰੁਪਏ ਦਾ ਇਹ ਚੈੱਕ ਆਪਣੀ ਰਕਮ ਲਈ ਨਹੀਂ, ਬਲਕਿ ਭਾਸ਼ਾਈ ਕਲਾਬਾਜ਼ੀਆਂ ਕਰਕੇ ਵਾਇਰਲ ਹੋਇਆ ਹੈ। ਹਾਲਾਂਕਿ ਇਕਾਈ, ਦਹਾਈ ਸੈਂਕੜੇ ਦੇ ਹਿਸਾਬ ਨਾਲ ਚੈੱਕ 'ਤੇ ਰਕਮ 7616/- ਸਹੀ ਲਿਖੀ ਗਈ ਹੈ, ਪਰ ਇਸ ਰਕਮ ਨੂੰ ਖੋਲ੍ਹ ਕੇ ਕੁਝ ਇਸ ਤਰ੍ਹਾਂ ਲਿਖਿਆ ਗਿਆ, 'Saven Thursday six Harendra sixty rupees only?' ਇੱਕ ਸੋਸ਼ਲ ਮੀਡੀਆ ਉਪਭੋਗਤਾ ਨੇ ਟਿੱਪਣੀ ਕੀਤੀ ਕਿ ਜੇ ਸ਼ੈਕਸਪੀਅਰ ਜ਼ਿੰਦਾ ਹੁੰਦਾ, ਤਾਂ ਉਹ ਇਸ ਨੂੰ ਪੜ੍ਹਨ ਤੋਂ ਬਾਅਦ ਚੁੱਪਚਾਪ ਸੇਵਾਮੁਕਤ ਹੋ ਜਾਂਦਾ।

ਲੋਕਾਂ ਲਈ ਭਾਵੇਂ ਇਹ ਢਿੱਡੀਂ ਪੀੜਾਂ ਪਾਉਣ ਵਾਲਾ ਹੈ, ਪਰ ਸਕੂਲ ਪ੍ਰਬੰਧ ਲਈ ਇਹ ਕਿਸੇ ਝਟਕੇ ਤੋਂ ਘੱਟ ਨਹੀਂ। ਸੋਸ਼ਲ ਮੀਡੀਆ 'ਤੇ ਸਵਾਲਾਂ ਦਾ ਹੜ੍ਹ ਆ ਗਿਆ। ਇੱਕ ਨੇ ਕਿਹਾ ਜੇ ਕਿਸੇ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ 'ਹਜ਼ਾਰ' (Thousand) ਦੀ ਥਾਂ 'ਵੀਰਵਾਰ' (Thursday) ਅਤੇ 'ਸੌ' (Hundred) ਦੀ ਥਾਂ 'ਹਰੇਂਦਰ' (Harendra) ਲਿਖੇ ਤਾਂ ਫਿਰ ਵਿਦਿਆਰਥੀਆਂ ਲਈ ਕੀ ਉਮੀਦ ਬਚੀ ਹੈ। ਇਹ ਚੈੱਕ ਹੁਣ ਵਿੱਤੀ ਸਾਧਨ ਘੱਟ ਤੇ ਵਿਆਕਰਣ ਸਮਾਰਕ ਵਧੇਰੇ ਬਣ ਗਿਆ ਹੈ।

ਸਕੂਲ ਨੂੰ ਅੱਗੇ ਉਦੋਂ ਹੋਰ ਸ਼ਰਮਿੰਦਗੀ ਝੱਲਣੀ ਪਈ, ਜਦੋਂ ਬੈਂਕ ਨੇ ਚੈੱਕ ਰੱਦ ਕਰ ਦਿੱਤਾ। ਸਕੂਲ ਨੂੰ ਮਜਬੂਰੀਵੱਸ ਨਵਾਂ ਸੋਧਿਆ ਹੋਇਆ ਚੈੱਕ ਜਾਰੀ ਕਰਨਾ ਪਿਆ। ਬੈਂਕ ਵੱਲੋਂ ਰੱਦ ਕੀਤਾ ਅਸਲ ਚੈੱਕ ਸੋਸ਼ਲ ਮੀਡੀਆ 'ਤੇ ਜੰਮ ਕੇ ਵਾਇਰਲ ਹੋ ਰਿਹਾ ਹੈ। ਮਿਆਰੀ ਸਿੱਖਿਆ ਦੇ ਦਮਗਜ਼ੇ ਮਾਰਨ ਵਾਲੀ ਸਰਕਾਰ ਅਧਿਆਪਕਾਂ ਨੂੰ ਵਿਦੇਸ਼ੀ ਦੌਰਿਆਂ 'ਤੇ ਭੇਜਣ ਲਈ ਮੋਟੇ ਬਿੱਲ ਤਾਰ ਰਹੀ ਹੈ। ਸ਼ਾਇਦ ਸਿੰਗਾਪੁਰ ਜਾਂ ਹੋਰਨਾਂ ਦੇਸ਼ਾਂ ਵਿੱਚ ਪੈਰ ਧਰਨ ਤੋਂ ਪਹਿਲਾਂ ਸ਼ਿਮਲਾ ਵਿੱਚ ਅੰਗਰੇਜ਼ੀ ਭਾਸ਼ਾ ਦੀ ਬੁਨਿਆਦੀ ਜਾਣਕਾਰੀ ਲਈ ਰੁਕਣ ਨਾਲ ਕਰਦਾਤਿਆਂ ਦੀਆਂ ਜੇਬਾਂ 'ਤੇ ਪੈਣ ਵਾਲਾ ਬੋਝ ਬਚ ਸਕਦਾ ਹੈ।

ਸੋਸ਼ਲ ਮੀਡੀਆ 'ਤੇ ਆਲੋਚਕਾਂ ਦਾ ਤਰਕ ਹੈ ਕਿ ਇਹ ਇੱਕ ਗਲਤੀ ਪੂਰੀ ਸੰਸਥਾ ਦੀ ਦਿੱਖ ਨੂੰ ਖਰਾਬ ਕਰਦੀ ਹੈ। ਵਾਇਰਲ ਚੈੱਕ ਬਾਰੇ ਸਕੂਲ ਦੇ ਪ੍ਰਿੰਸੀਪਲ ਦਾ ਪੱਖ ਜਾਣਨ ਲਈ ਉਨ੍ਹਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾ ਨਾਲ ਰਾਬਤਾ ਨਹੀਂ ਹੋ ਸਕਿਆ।

## ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਸੰਬੰਧੀ ਡੈਲੋਇਟ ਨਾਲ ਸਮਝੌਤਾ ਸਹੀਬੱਧ

**ਚੰਡੀਗੜ੍ਹ** : ਹਵਾ ਪ੍ਰਦੂਸ਼ਣ ਨੂੰ ਰੋਕਣ ਅਤੇ ਕਿਸਾਨਾਂ ਦੀ ਸਹਾਇਤਾ ਲਈ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਸਫ਼ਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਪਹਿਲਕਦਮੀਆਂ ਲਾਗੂ ਕਰਨ ਲਈ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਵਾਸਤੇ ਡੈਲੋਇਟ ਨਾਲ ਇੱਕ ਸਮਝੌਤਾ (ਐੱਮ ਓ ਯੂ) ਸਹੀਬੱਧ ਕੀਤਾ ਹੈ।ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਡੈਲੋਇਟ ਦੇ ਕਾਰਜਕਾਰੀ ਡਾਇਰੈਕਟਰ ਵਿਵੇਕ ਮਿੱਤਲ ਅਤੇ ਖੇਤੀਬਾੜੀ ਕਮਿਸ਼ਨਰ ਸ੍ਰੀਮਤੀ ਬਬੀਤਾ ਨੇ ਇਸ ਸਮਝੌਤੇ 'ਤੇ ਹਸਤਾਖਰ ਕੀਤੇ। ਇਹ ਭਾਈਵਾਲੀ ਪਿਛਲੇ ਸਾਲ ਡੈਲੋਇਟ ਵੱਲੋਂ ਪਟਿਆਲਾ ਜ਼ਿਲ੍ਹੇ ਦੇ 17 ਪਿੰਡਾਂ ਵਿੱਚ ਲਾਗੂ ਕੀਤੇ ਗਏ ਸਫਲ ਪਾਇਲਟ ਪ੍ਰੋਜੈਕਟ ਜਿਸ ਸਦਕਾ ਖੇਤਾਂ ਵਿੱਚ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ 80 ਫ਼ੀਸਦੀ ਤੋਂ ਵੱਧ ਦੀ ਕਮੀ ਆਈ ਹੈ, ਉਪਰੰਤ ਅਮਲ ਵਿੱਚ ਲਿਆਂਦੀ ਗਈ ਹੈ।

## ਅਸੰਬਲੀ ਵੱਲੋਂ 6 ਅਹਿਮ ਬਿੱਲ ਪਾਸ

**ਚੰਡੀਗੜ੍ਹ** : ਪੰਜਾਬ ਵਿਧਾਨ ਸਭਾ ਨੇ ਸੋਮਵਾਰ ਸੂਬੇ ਭਰ ਵਿੱਚ ਸ਼ਾਸਨ ਅਤੇ ਜਨਤਕ ਸੇਵਾਵਾਂ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ 6 ਮਹੱਤਵਪੂਰਨ ਬਿੱਲ ਪਾਸ ਕੀਤੇ।

ਵਿਧਾਨਕ ਸੁਧਾਰਾਂ ਦਾ ਉਦੇਸ਼ ਰੈਗੂਲੇਟਰੀ ਵਿਧੀਆਂ ਨੂੰ ਮਜ਼ਬੂਤ ਕਰਨਾ, ਪ੍ਰਕਿਰਿਆਵਾਂ ਨੂੰ ਸੁਖਾਲਾ ਬਣਾਉਣਾ ਅਤੇ ਨਾਗਰਿਕਾਂ ਦੇ ਅਧਿਕਾਰਾਂ ਤੇ ਹਿੱਤਾਂ ਦੀ ਰਾਖੀ ਕਰਦਿਆਂ ਕਾਰੋਬਾਰ ਕਰਨ ਵਿੱਚ ਵਧੇਰੇ ਸੌਖ ਨੂੰ ਯਕੀਨੀ ਬਣਾਉਣਾ ਹੈ। ਇਹਨਾਂ ਪਾਸ ਕੀਤੇ ਗਏ ਬਿੱਲਾਂ ਵਿੱਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਦ ਸੀਡਸ (ਪੰਜਾਬ ਸੋਧਨਾ) ਬਿੱਲ, 2025 ਪੇਸ਼ ਕੀਤਾ ਗਿਆ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪੰਜਾਬ ਰਾਈਟ ਟੂ ਬਿਜ਼ਨਸ (ਸੋਧਨਾ) ਬਿੱਲ, 2025 ਪੇਸ਼ ਕੀਤਾ ਗਿਆ, ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਪੰਜਾਬ ਗੁੱਡਸ ਐਂਡ ਸਰਵਿਸ ਟੈਕਸ (ਸੋਧਨਾ) ਬਿੱਲ, 2025 ਵੱਲੋਂ ਪੇਸ਼ ਕੀਤਾ ਗਿਆ, ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੈਸ਼ਨ (ਸੋਧਨਾ) ਬਿੱਲ, 2025, ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਪੰਜਾਬ ਕੋਆਪਰੇਟਿਵ ਸੁਸਾਇਟੀਸ (ਸੋਧਨਾ) ਬਿੱਲ, 2025 ਪੇਸ਼ ਕੀਤਾ ਗਿਆ ਅਤੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿੱਲ, 2025 ਪੇਸ਼ ਕੀਤਾ ਗਿਆ, ਸ਼ਾਮਲ ਹਨ।ਇਨ੍ਹਾਂ ਵਿਧਾਨਕ ਉਪਾਵਾਂ ਨਾਲ ਮੌਜੂਦਾ ਢਾਂਚੇ ਨੂੰ ਆਧੁਨਿਕ ਬਣਾਉਣ, ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਅਤੇ ਕਿਸਾਨਾਂ, ਉੱਦਮੀਆਂ, ਟੈਕਸਦਾਤਾਵਾਂ, ਘਰ ਖਰੀਦਦਾਰਾਂ, ਸਹਿਕਾਰੀ ਮੈਂਬਰਾਂ ਅਤੇ ਸ਼ਹਿਰੀ ਨਿਵਾਸੀਆਂ ਨੂੰ ਲਾਭ ਪਹੁੰਚਾਉਣ ਵਾਲੇ ਨਿਰਪੱਖ ਅਭਿਆਸਾਂ ਨੂੰ ਯਕੀਨੀ ਬਣਾਉਣਾ ਹੈ।ਪੰਜਾਬ ਸਰਕਾਰ ਨੇ ਸਮਾਵੇਸ਼ੀ ਵਿਕਾਸ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਤ ਕਰਨ ਵਾਲੇ ਸੁਧਾਰਾਂ ਨੂੰ ਲਾਗੂ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ, ਜਿਸ ਨਾਲ ਸੂਬੇ ਦੇ ਪ੍ਰਸ਼ਾਸਨ ਵਿੱਚ ਜਨਤਾ ਦਾ ਵਿਸ਼ਵਾਸ ਹੋਰ ਮਜ਼ਬੂਤ ਹੋਵੇਗਾ।

## ਅੱਜ-ਨਾਮਾ

ਕਿੜ ਅਮਰੀਕੀਆਂ ਦੀ ਨਾਲ ਰੂਸੀਆਂ ਦੇ,
ਐਵੇਂ ਈ ਭਾਰਤ ਨੂੰ ਵਿੱਚ ਫਸਾਈ ਜਾਂਦੇ।
ਅਮਰੀਕੀ ਕਹਿਣ ਨਾ ਰੂਸ ਦਾ ਤੇਲ ਚੁੱਕੋ,
ਈਨ ਮੰਨਵਾਉਣ ਨੂੰ ਜ਼ੋਰ ਨੇ ਪਾਈ ਜਾਂਦੇ।
ਰੂਸ ਕਹਿੰਦਾ ਕਿ ਭਾਰਤ ਜੋ ਕਰੇ ਮਰਜ਼ੀ,
ਅਸੀਂ ਹਾਂ ਚਿਰਾਂ ਦੀ ਸਾਂਝ ਨਿਭਾਈ ਜਾਂਦੇ।
ਬਾਕੀ ਦੇਸ਼ ਕੋਈ ਏਧਰ ਨਾ ਖੜਾ ਓਧਰ,
ਸਾਰੇ ਹਨ ਚੁੱਪ ਨਾਲ ਡੰਗ ਟਪਾਈ ਜਾਂਦੇ।
ਰੱਖਣੀ ਕਿਸੇ ਨਾਲ ਕਿਸੇ ਵੀ ਸਾਂਝ ਕਿੰਨੀ,
ਚਾਹੀਦੀ ਬਾਹਰੀ ਨਾ ਕੋਈ ਸਲਾਹ ਭਾਈ।
ਹਾਸੋਹੀਣਾ ਇਹ ਦਖਲ ਅਮਰੀਕੀਆਂ ਦਾ,
ਬਣੇ ਤਾਂ ਫਿਰਦੇ ਆ ਖਾਹ-ਮਖਾਹ ਭਾਈ।

-ਤੀਸ ਮਾਰ ਖਾਂ

# ਸਿਆਸਤਦਾਨਾਂ ਦੇ ਮੋਹਰੇ ਬਣ ਕੇ ਰਹਿ ਗਏ ਕ੍ਰਿਕਟਰ

**ਦੁਬਈ** : ਏਸ਼ੀਆਈ ਕ੍ਰਿਕਟ ਕੌਂਸਲ (ਏ ਸੀ ਸੀ) ਦੇ ਚੇਅਰਮੈਨ ਮੋਹਸਿਨ ਨਕਵੀ, ਜੋ ਪਾਕਿਸਤਾਨ ਦੇ ਗ੍ਰਹਿ ਮੰਤਰੀ ਵੀ ਹਨ, ਨੇ ਭਾਰਤੀ ਟੀਮ ਵੱਲੋਂ ਉਨ੍ਹਾ ਕੋਲੋਂ ਟਰਾਫੀ ਲੈਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਭਾਰਤੀ ਟੀਮ ਨੂੰ ਏਸ਼ੀਆ ਕੱਪ ਟਰਾਫੀ ਦੇਣ ਤੋਂ ਹੀ ਇਨਕਾਰ ਕਰ ਦਿੱਤਾ। ਨਕਵੀ ਪੋਡੀਅਮ ਤੋਂ ਹੇਠਾਂ ਉਤਰੇ ਤੇ ਐਗਜ਼ਿਟ ਗੇਟ ਵੱਲ ਵਧੇ ਤਾਂ ਏ ਸੀ ਸੀ ਦਾ ਸਟਾਫ ਏਸ਼ੀਆ ਕੱਪ ਦੀ ਟਰਾਫੀ ਆਪਣੇ ਨਾਲ ਹੀ ਲੈ ਗਿਆ। ਉਧਰ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨੇ ਨਕਵੀ ਖਿਲਾਫ ਕਾਰਵਾਈ ਦਾ ਇਸ਼ਾਰਾ ਕੀਤਾ ਹੈ।

ਭਾਰਤ ਵੱਲੋਂ ਐਤਵਾਰ ਰਾਤੀਂ ਖੇਡੇ ਰੋਮਾਂਚਕ ਫਾਈਨਲ ਮੁਕਾਬਲੇ ਵਿੱਚ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਉਣ ਮਗਰੋਂ ਦੁਬਈ ਦੇ ਕੌਮਾਂਤਰੀ ਕ੍ਰਿਕਟ ਸਟੇਡੀਅਮ 'ਚ ਕਰੀਬ ਡੇਢ ਘੰਟੇ ਤੱਕ ਡਰਾਮਾ ਚੱਲਦਾ ਰਿਹਾ। ਹਾਲਾਂਕਿ ਕ੍ਰਿਕਟ ਦੇ ਇਸ ਧਮਾਕੇਦਾਰ ਮੈਚ ਮਗਰੋਂ ਜੋ ਕੁਝ ਹੋਇਆ ਉਸ ਨੇ 22 ਗਜ਼ ਦੀ ਕਰੀਜ਼ 'ਤੇ ਹੋਏ ਪ੍ਰਦਰਸ਼ਨ ਉੱਤੇ ਪਾਣੀ ਫੇਰ ਕੇ ਰੱਖ ਦਿੱਤਾ। ਮੈਚ ਜਿੱਤਣ ਮਗਰੋਂ ਭਾਰਤੀ ਖਿਡਾਰੀ ਜਲਦੀ ਹੀ ਮੈਦਾਨ 'ਤੇ ਉਤਰ ਆਏ, ਕੁਝ ਆਪਣੇ ਪਰਵਾਰਾਂ ਨਾਲ ਸਨ। ਕਪਤਾਨ ਸੂਰੀਆ ਕੁਮਾਰ ਯਾਦਵ ਦੀ ਪਤਨੀ ਦੇਵੀਸ਼ਾ, ਮੁੱਖ ਕੋਚ ਗੌਤਮ ਗੰਭੀਰ ਦੀ ਪਤਨੀ ਅਤੇ ਧੀਆਂ ਮੈਦਾਨ 'ਤੇ ਮੌਜੂਦ ਸਨ ਅਤੇ ਹਰ ਕੋਈ ਪੂਰੇ ਜੋਸ਼ ਵਿੱਚ ਸਨ।

ਭਾਰਤੀ ਟੀਮ ਜਿੱਥੇ ਇਕੱਠੀ ਹੋਈ ਸੀ, ਉਸ ਤੋਂ ਠੀਕ 20-25 ਗਜ਼ ਦੀ ਦੂਰੀ 'ਤੇ ਏ ਸੀ ਸੀ ਅਤੇ ਪਾਕਿਸਤਾਨ ਕ੍ਰਿਕਟ ਬੋਰਡ ਦੇ ਚੇਅਰਮੈਨ ਮੋਹਸਿਨ ਨਕਵੀ ਆਪਣੀ ਟੀਮ ਨਾਲ ਖੜ੍ਹੇ ਸਨ। ਪਤਾ ਲੱਗਾ ਹੈ ਕਿ ਬੀ ਸੀ ਸੀ ਆਈ ਨੇ ਆਪਣੇ ਏ ਸੀ ਸੀ ਪੁਆਇੰਟ-ਪਰਸਨ ਨੂੰ ਸੂਚਿਤ ਕੀਤਾ ਸੀ ਕਿ ਟੀਮ ਨਕਵੀ ਤੋਂ ਟਰਾਫੀ ਨਹੀਂ ਲਏਗੀ, ਕਿਉਂਕਿ ਨਕਵੀ ਦਾ ਭਾਰਤ ਵਿਰੋਧੀ ਰੁਖ਼ ਕਿਸੇ ਤੋਂ ਲੁਕਿਆ ਨਹੀਂ ਹੈ। ਨਕਵੀ ਨੇ ਕ੍ਰਿਸਟਿਆਨੋ ਰੋਨਾਲਡੋ ਦੇ ਜਹਾਜ਼ ਹਾਦਸੇ ਤੋਂ ਬਾਅਦ ਜਸ਼ਨ ਮਨਾਉਣ ਵਾਲੇ ਅੰਦਾਜ਼ ਦੇ ਕੁਝ ਰਹੱਸਮਈ ਵੀਡੀਓ ਪੋਸਟ ਕੀਤੇ ਸਨ, ਜੋ ਪਾਕਿਸਤਾਨ ਦੇ ਉਸ ਦਾਅਵੇ ਦਾ ਸੰਦਰਭ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ 'ਅਪ੍ਰੇਸ਼ਨ ਸਿੰਧੂਰ' ਦੌਰਾਨ 6 ਭਾਰਤੀ ਜਹਾਜ਼ ਡੇਗੇ ਗਏ ਸਨ। ਪਾਕਿਸਤਾਨ ਦੀ ਉਸ ਮੰਗ ਪਿੱਛੇ ਵੀ ਨਕਵੀ ਦਾ ਹੱਥ ਸੀ, ਜਿਸ ਵਿੱਚ ਆਈ ਸੀ ਸੀ ਤੋਂ ਸੂਰੀਆ ਕੁਮਾਰ ਉੱਤੇ ਭਾਰਤੀ ਫੌਜ ਦਾ ਸਾਥ ਦੇਣ ਤੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਨਾਲ ਇਕਜੁਟਤਾ ਦਿਖਾਉਣ ਲਈ ਲੈਵਲ 4 ਦਾ ਦੋਸ਼ ਲਗਾਉਣ ਦੀ ਮੰਗ ਕੀਤੀ ਗਈ ਸੀ। ਭਾਰਤੀ ਟੀਮ ਨੇ ਟੂਰਨਾਮੈਂਟ ਦੌਰਾਨ ਪਾਕਿਸਤਾਨ ਨਾਲ 'ਹੱਥ ਨਾ ਮਿਲਾਉਣ' ਦੀ ਨੀਤੀ ਵੀ ਅਪਣਾਈ ਸੀ।

ਇਕ ਘੰਟੇ ਦੀ ਦੇਰੀ ਨਾਲ ਸ਼ੁਰੂ ਹੋਏ ਪੁਰਸਕਾਰ ਵੰਡ ਸਮਾਗਮ ਲਈ ਮੈਦਾਨ 'ਤੇ ਕੋਈ ਵੀ ਪਾਕਿਸਤਾਨੀ ਖਿਡਾਰੀ ਮੌਜੂਦ ਨਹੀਂ ਸੀ। ਇਹ ਵੀ ਪਤਾ ਲੱਗਾ ਹੈ ਕਿ ਭਾਰਤੀ ਟੀਮ ਨਕਵੀ ਤੋਂ ਇਲਾਵਾ ਪੋਡੀਅਮ 'ਤੇ ਮੌਜੂਦ ਪਤਵੰਤਿਆਂ ਵਿੱਚੋਂ ਕਿਸੇ ਹੋਰ ਤੋਂ ਟਰਾਫੀ ਲੈਣ ਲਈ ਤਿਆਰ ਸੀ। ਹਾਲਾਂਕਿ ਬੀ ਸੀ ਸੀ ਆਈ ਦੇ ਸਪੱਸ਼ਟ ਰੁਖ਼ ਦੇ ਬਾਵਜੂਦ ਭਾਰਤੀ ਖਿਡਾਰੀ ਨਕਵੀ ਦੀ ਮੌਜੂਦਗੀ ਵਿੱਚ ਪੋਡੀਅਮ 'ਤੇ ਨਹੀਂ ਜਾਣਾ ਚਾਹੁੰਦੇ ਸਨ, ਪਰ ਨਕਵੀ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ। ਬੀ ਸੀ ਸੀ ਆਈ ਦੇ ਇਕ ਸੀਨੀਅਰ ਅਧਿਕਾਰੀ ਨੇ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ, 'ਜੇ ਨਕਵੀ ਨੇ ਜ਼ਬਰਦਸਤੀ ਟਰਾਫੀ ਸੌਂਪਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਬੀ ਸੀ ਸੀ ਆਈ ਅਧਿਕਾਰਤ ਤੌਰ 'ਤੇ ਵਿਰੋਧ ਦਰਜ ਕਰਵਾਉਂਦਾ।' ਇਸ ਖਿੱਚੋਤਾਣ ਦਰਮਿਆਨ ਪੋਸਟ ਮੈਚ ਪ੍ਰੈਜ਼ੇਂਟਰ ਸਾਈਮਨ ਡੌਲ ਨੇ ਖਿਡਾਰੀਆਂ ਨੂੰ ਸਿਰਫ ਵਿਅਕਤੀਗਤ ਇਨਾਮ ਦੇਣ ਦਾ ਐਲਾਨ ਕੀਤਾ, ਕਿਉਂਕਿ ਇਹ ਟੂਰਨਾਮੈਂਟ ਦੇ ਨਿਵੇਸ਼ਕਾਂ ਤੇ ਹੋਰ ਭਾਈਵਾਲਾਂ ਦੇ ਹਿੱਤਾਂ ਲਈ ਜ਼ਰੂਰੀ ਹੈ। ਵਿਅਕਤੀਗਤ ਪੁਰਸਕਾਰ ਦਿੱਤੇ ਜਾਣ ਮਗਰੋਂ ਪਾਕਿਸਤਾਨ ਦੀ ਟੀਮ ਨੇ ਆਪਣਾ ਪੁਰਸਕਾਰ ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਪ੍ਰਧਾਨ ਅਮੀਨੁਲ ਇਸਲਾਮ ਬੁਲਬੁਲ ਕੋਲੋਂ ਲਿਆ। ਇਸ ਮਗਰੋਂ ਡੌਲ ਨੇ ਐਲਾਨ ਕੀਤਾ, 'ਮੈਨੂੰ ਏਸ਼ੀਆਈ ਕ੍ਰਿਕਟ ਕੌਂਸਲ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਭਾਰਤੀ ਕ੍ਰਿਕਟ ਟੀਮ ਅੱਜ ਰਾਤ ਆਪਣੇ ਪੁਰਸਕਾਰ ਨਹੀਂ ਲਵੇਗੀ। ਇਸ ਲਈ ਮੈਚ ਤੋਂ ਬਾਅਦ ਦੀ ਪੇਸ਼ਕਾਰੀ ਇਥੇ ਸਮਾਪਤ ਹੁੰਦੀ ਹੈ।'

ਭਾਰਤੀ ਕ੍ਰਿਕਟ ਟੀਮ ਵੱਲੋਂ ਐਤਵਾਰ ਏਸ਼ੀਆ ਕੱਪ ਜਿੱਤਣ ਤੋਂ ਬਾਅਦ ਪਾਕਿਸਤਾਨੀ ਟੀਮ ਨਾਲ ਹੱਥ ਨਾ ਮਿਲਾਉਣ ਦੇ ਫੈਸਲੇ 'ਤੇ ਪਾਕਿਸਤਾਨੀ ਟੀਮ ਦੇ ਕਪਤਾਨ ਸਲਮਾਨ ਅਲੀ ਆਗਾ ਨੇ ਕਿਹਾ ਹੈ ਕਿ ਏਸ਼ੀਆ ਕੱਪ ਵਿੱਚ ਪਾਕਿਸਤਾਨ ਨਾਲ ਖੇਡਦੇ ਸਮੇਂ ਭਾਰਤੀ ਟੀਮ ਦੀ 'ਨੋ ਹੈਂਡਸ਼ੇਕ' (ਹੱਥ ਨਾ ਮਿਲਾਉਣ) ਦੀ ਨੀਤੀ ਖੇਡ ਦਾ ਅਪਮਾਨ ਸੀ ਅਤੇ ਨੌਜਵਾਨ ਪ੍ਰਸ਼ੰਸਕਾਂ ਲਈ ਖੇਡ ਭਾਵਨਾ ਦੀ ਸਭ ਤੋਂ ਵਧੀਆ ਮਿਸਾਲ ਨਹੀਂ ਸੀ।

ਭਾਰਤ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਟੀ-20 ਫਾਰਮੈਟ ਵਿੱਚ ਆਪਣਾ ਦੂਜਾ ਟੂਰਨਾਮੈਂਟ ਖਿਤਾਬ ਜਿੱਤਿਆ। ਆਗਾ ਨੇ ਮੈਚ ਤੋਂ ਬਾਅਦ ਪ੍ਰੈੱਸ ਕਾਨਫਰੰਸ ਵਿੱਚ ਕਿਹਾ, 'ਭਾਰਤ ਨੇ ਇਸ ਟੂਰਨਾਮੈਂਟ ਵਿੱਚ ਜੋ ਕੀਤਾ, ਉਹ ਬਹੁਤ ਨਿਰਾਸ਼ਾਜਨਕ ਹੈ। ਉਹ ਹੱਥ ਨਾ ਮਿਲਾ ਕੇ ਸਾਡਾ ਅਪਮਾਨ ਨਹੀਂ ਕਰ ਰਹੇ, ਉਹ ਕ੍ਰਿਕਟ ਦਾ ਅਪਮਾਨ ਕਰ ਰਹੇ ਹਨ। ਚੰਗੀਆਂ ਟੀਮਾਂ ਅਜਿਹਾ ਨਹੀਂ ਕਰਦੀਆਂ, ਜੋ ਉਨ੍ਹਾਂ ਕੀਤਾ। ਅਸੀਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਾ ਚਾਹੁੰਦੇ ਸੀ, ਇਸ ਲਈ ਅਸੀਂ ਖ਼ੁਦ ਟਰਾਫੀ ਨਾਲ ਤਸਵੀਰਾਂ ਖਿਚਵਾਉਣ (ਫੋਟੋ ਸ਼ੂਟ) ਲਈ ਗਏ। ਅਸੀਂ ਉੱਥੇ ਖੜ੍ਹੇ ਹੋਏ ਅਤੇ ਆਪਣੇ ਮੈਡਲ ਲਏ। ਮੈਂ ਸਖ਼ਤ ਸ਼ਬਦਾਂ ਦੀ ਵਰਤੋਂ ਨਹੀਂ ਕਰਨਾ ਚਾਹੁੰਦਾ, ਪਰ ਉਹ ਬਹੁਤ

• ਬਾਕੀ ਸਫਾ 2 'ਤੇ

## ਕਿਰਤੀ ਕਾਲਜ 'ਚ ਮਨਾਇਆ ਸ਼ਹੀਦ-ਏ-ਆਜ਼ਮ ਦਾ ਜਨਮ ਦਿਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਮੈਡਮ ਗੁਰਵੀਨ ਕੌਰ ਅਗਵਾਈ ਵਿੱਚ ਚੱਲ ਰਹੇ ਸੱਤ ਰੋਜ਼ਾ ਐਨ ਐਸ ਐਸ ਕੈਂਪ ਦੇ ਪੰਜਵੇਂ ਦਿਨ ਵਿਦਿਆਰਥੀਆਂ ਅਤੇ ਐਨ ਐਸ ਐਸ ਦੇ ਪ੍ਰੋਗਰਾਮ ਅਫਸਰ ਸਾਹਿਬਾਨ ਨੇ ਜੰਗ-ਏ-ਆਜ਼ਾਦੀ ਦੇ ਆਜ਼ੀਮ ਸ਼ਹੀਦ ਸਰਦਾਰ ਭਗਤ ਸਿੰਘ ਦਾ ਜਨਮ ਦਿਨ ਸਤਿਕਾਰ ਅਤੇ ਸਦਭਾਵਨਾ ਸਹਿਤ ਮਨਾਇਆ ਗਿਆ।ਸ਼ਾਮ ਦੇ ਸੈਸ਼ਨ ਵਿੱਚ ਸ. ਭਗਤ ਸਿੰਘ ਦੇ ਜੀਵਨ ਅਤੇ ਆਜ਼ਾਦੀ ਸੰਗਰਾਮ ਦੌਰਾਨ ਪਾਏ ਯੋਗਦਾਨ ਸਬੰਧੀ ਕਵਿਤਾਵਾਂ ਅਤੇ ਗੀਤ ਪੇਸ਼ ਕਰਦਿਆਂ ਉਹਨਾਂ ਦੇ ਜੀਵਨ ਅਤੇ ਵਿਚਾਰਧਾਰਾ ਉੱਪਰ ਪ੍ਰੋਗਰਾਮ ਅਫਸਰ ਪ੍ਰੋ ਹਰਮੀਤ ਸਿੰਘ ਨੇ ਵਿਸ਼ੇਸ਼ ਲੈਕਚਰ ਦਿੱਤਾ।ਉਹਨਾਂ ਨੇ ਭਗਤ ਸਿੰਘ ਦੇ ਵਿਚਾਰਾਂ ਦੀ 21ਵੀਂ ਸਦੀ 'ਚ ਸਾਰਥਿਕਤਾ ਤੇ ਵਿਦਿਆਰਥੀਆਂ ਦੇ ਨਾਂ ਸੰਦੇਸ਼ ਨੂੰ ਚਰਚਾ ਦਾ ਕੇਂਦਰ ਬਣਾਇਆ।ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋਗਰਾਮ ਅਫਸਰ ਪ੍ਰੋ ਜਗਦੀਸ਼ ਸਿੰਘ ਨੇ ਕਿਹਾ ਕਿ ਭਗਤ ਸਿੰਘ ਸਿਰਫ਼ ਇੱਕ ਵਿਅਕਤੀ ਨਹੀਂ ਸੀ, ਸਗੋਂ ਸਮਾਜਿਕ ਸਰੋਕਾਰਾਂ ਨੂੰ ਪ੍ਰਣਾਈ ਹੋਈ ਵਿਚਾਰਧਾਰਾ ਸੀ ਜੋ ਨੌਜਵਾਨਾਂ ਦੇ ਦਿਲਾਂ ਵਿੱਚ ਦੇਸ਼ ਭਗਤੀ ਤੇ ਆਜ਼ਾਦੀ ਦੀ ਭਾਵਨਾ ਜਗਾਉਂਦੀ ਹੈ।ਪ੍ਰੋਗਰਾਮ ਦੇ ਅੰਤ 'ਚ ਪ੍ਰੋਗਰਾਮ ਅਫਸਰ ਪ੍ਰੋ ਰੇਣੂ ਰਾਣੀ ਨੇ ਐਨ ਐਸ ਐਸ ਵਲੰਟੀਅਰਾਂ ਦਾ ਧੰਨਵਾਦ ਕੀਤਾ।

## ਸ਼ਹਿਰ ਵਾਸੀਆਂ ਨੇ ਕੀਤਾ ਵਿਧਾਇਕ ਰਾਏ ਦਾ ਧੰਨਵਾਦ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਸ਼ਹਿਰ ਵਾਸੀਆਂ ਵੱਲੋਂ ਰਸਤੇ ਤੇ ਲੰਮੇ ਸਮੇਂ ਤੋਂ ਬਣੇ ਕੂੜੇ ਦੇ ਡੰਪ ਨੂੰ ਖਤਮ ਕਰਨ ਦੇ ਲਈ ਵਿਧਾਇਕ ਲਖਬੀਰ ਸਿੰਘ ਰਾਏ ਦਾ ਧੰਨਵਾਦ ਕੀਤਾ ਗਿਆ।ਉਨ੍ਹਾਂ ਜਿੱਥੇ ਵਿਧਾਇਕ ਰਾਏ ਜ਼ਿੰਦਾਬਾਦ ਦੇ ਨਾਅਰੇ ਲਗਾਏ, ਉੱਥੇ ਹਐਲਾਨ ਕੀਤਾ ਕਿ ਜਦੋਂ ਵੀ ਮੁੱਖ ਮੰਤਰੀ ਭਗਵੰਤ ਮਾਨ ਫਤਿਹਗੜ੍ਹ ਸਾਹਿਬ ਦੀ ਧਰਤੀ ਤੇ ਆਉਣਗੇ, ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ, ਕਿਉਂਕਿ ਉਹਨਾਂ ਦੀ ਰਹਿਨੁਮਾਈ ਦੇ ਸਦਕਾ ਹੀ ਸਰਹਿੰਦ ਸ਼ਹਿਰ ਵਾਸੀਆਂ ਨੂੰ ਇਸ ਕੂੜੇ ਤੋਂ ਨਿਜਾਤ ਮਿਲੀ ਹੈ। ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਲੰਮੇ ਅਰਸੇ ਤੋਂ ਸਰਹਿੰਦ ਤੋਂ ਸਰਹਿੰਦ ਸਿਟੀ ਵੱਲ ਜਾਂਦੇ ਸਮੇਂ ਇੱਕ ਕੂੜੇ ਦਾ ਡੰਪ ਬਣਿਆ ਹੋਇਆ ਸੀ, ਜਦੋਂ ਇਸ ਰਸਤੇ ਤੋਂ ਗੁਜ਼ਰਦੇ ਸੀ ਤਾਂ ਮੂੰਹ ਢਕ ਕੇ ਲੰਘਣਾ ਪੈਂਦਾ ਸੀ।ਇਹ ਕੂੜੇ ਦਾ ਢੇਰ ਜਿੱਥੇ ਸ਼ਹਿਰ ਦੀ ਸੁੰਦਰਤਾ ਨੂੰ ਵਿਗਾੜ ਰਿਹਾ ਸੀ, ਉੱਥੇ ਹੀ ਬਿਮਾਰੀ ਫੈਲਾਉਣ ਦਾ ਖਦਸ਼ਾ ਵੀ ਬਣਿਆ ਹੋਇਆ ਸੀ।ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਉਕਤ ਕੂੜੇ ਦੇ ਢੇਰ ਨੂੰ ਚੁਕਾਉਣ ਲਈ ਕਾਫੀ ਲੰਬਾ ਸਮਾਂ ਜੱਦੋ ਜਹਿਦ ਕੀਤੀ ਗਈ, ਜਿਸ ਉਪਰੰਤ ਉਕਤ ਕੂੜੇ ਦਾ ਡੰਪ ਚੁੱਕਣ ਦਾ ਐਲਾਨ ਹੋਇਆ।ਉਕਤ ਕਾਰਜ ਦੇ ਲਈ ਅਸੀਂ ਵਿਧਾਇਕ ਰਾਏ ਦੇ ਧੰਨਵਾਦੀ ਹਾਂ।ਉਨ੍ਹਾਂ ਸਾਨੂੰ ਇਹ ਭਰੋਸਾ ਵੀ ਦਿੱਤਾ ਕਿ ਇਸ ਸਥਾਨ ਨੂੰ ਵਿਹਲਾ ਕਰਕੇ ਇੱਥੇ ਇੱਕ ਸੁੰਦਰ ਪਾਰਕ ਬਣਾਇਆ ਜਾਵੇਗਾ, ਜੋ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਦ ਲਾਏਗਾ।

## ਸਿਹਤਮੰਦ ਜੀਵਨ ਸ਼ੈਲੀ ਅਪਣਾਓ, ਦਿਲ ਦੀਆਂ ਬਿਮਾਰੀਆਂ ਤੋਂ ਬਚੋ : ਸਿਵਲ ਸਰਜਨ



**ਸ਼ੇਰਪੁਰ (ਰਵੀ ਟਿੱਬਾ)**-ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਤੇ ਡਿਪਟੀ ਕਮਿਸ਼ਨਰ ਮਲੇਰਕੋਟਲਾ ਸ਼੍ਰੀ ਵਿਰਾਜ ਐਸ. ਤਿੜਕੇ ਦੇ ਹੁਕਮਾਂ 'ਤੇ ਜ਼ਿਲ੍ਹੇ ਅਧੀਨ ਸਿਹਤ ਸੰਸਥਾਵਾਂ ਵਿੱਚ ਵਿਸ਼ਵ ਦਿਲ ਦਿਵਸ ਮਨਾਇਆ ਗਿਆ ਤੇ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਦੁਨੀਆ ਭਰ ਵਿੱਚ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਹਨ, ਪਰ ਸਹੀ ਜੀਵਨ ਸ਼ੈਲੀ ਅਤੇ ਸਾਵਧਾਨੀਆਂ ਨਾਲ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ ਤੇ ਦਿਲ ਦੀ ਸੰਭਾਲ ਲਈ ਕਈ ਗੱਲਾਂ 'ਤੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ, ਜਿਵੇਂ ਘੱਟੋ-ਘੱਟ 30 ਮਿੰਟ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ, ਤਾਜ਼ਾ ਫਲ, ਸਬਜ਼ੀਆਂ, ਅਨਾਜ ਤੇ ਘੱਟ ਤੇਲ ਖਾਣੇ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਤੰਬਾਕੂ, ਸ਼ਰਾਬ ਅਤੇ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ।30 ਸਾਲ ਜਾਂ ਇਸ ਤੋਂ ਵਧੇਰੇ ਉਮਰ ਦੇ ਵਿਅਕਤੀਆਂ ਨੂੰ ਬਲੱਡ ਪ੍ਰੈਸ਼ਰ, ਸ਼ੂਗਰ ਤੇ ਕੋਲੈਸਟ੍ਰੋਲ ਦੀ ਨਿਯਮਿਤ ਜਾਂਚ ਕਰਾਉਂਦੇ ਰਹਿਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜੇਕਰ ਛਾਤੀ ਵਿੱਚ ਦਰਦ, ਘਬਰਾਹਟ, ਬਹੁਤ ਪਸੀਨਾ ਆਉਣਾ ਜਾਂ ਸਾਹ ਲੈਣ ਵਿੱਚ ਦਿੱਕਤ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

## ਬਾਬਾ ਮੋਨੀ ਜੀ ਕਾਲਜ ਦਾ ਨਤੀਜਾ ਸ਼ਾਨਦਾਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਮਹਾਰਾਜ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਬੀ.ਏ. ਭਾਗ-ਪਹਿਲਾ (ਸਮੈਸਟਰ-1) ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਅਮਨਦੀਪ ਕੌਰ ਪੁੱਤਰੀ ਗੁਰਦੀਪ ਸਿੰਘ ਨੇ ਪਹਿਲਾ, ਜਸਪ੍ਰੀਤ ਕੌਰ ਪੁੱਤਰੀ ਜਗਤਾਰ ਸਿੰਘ ਨੇ ਦੂਜਾ ਤੇ ਮਨਪ੍ਰੀਤ ਕੌਰ ਪੁੱਤਰੀ ਮੁਖਤਿਆਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਵਿਦਿਆਰਥਣਾਂ ਨੇ ਉੱਚ ਸਥਾਨ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ। ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਇਹ ਪ੍ਰਾਪਤੀ ਵਿਦਿਆਰਥਣਾਂ ਦੀ ਲਗਨ ਤੇ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ, ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਤੇ ਐਡਮਨਿਸਟ੍ਰੇਟਿਵ ਕੁਲਵੀਰ ਸਿੰਘ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਡਿਗਰੀ ਕਾਲਜ ਦੇ ਇੰਚਾਰਜ ਪ੍ਰਿੰਸੀਪਲ ਅਮਨਿੰਦਰ ਕੌਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵੱਧ ਤੋਂ ਵੱਧ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਸਟਾਫ਼ ਮੈਂਬਰਜ਼ ਨਵਦੀਪ ਸ਼ਰਮਾ, ਪ੍ਰੋ. ਜਗਪ੍ਰੀਤ ਕੌਰ, ਪ੍ਰੋ. ਨਵਜੋਤ ਕੌਰ, ਪ੍ਰੋ. ਰਵਿੰਦਰ ਕੌਰ, ਪ੍ਰੋ. ਅਕਾਸਦੀਪ, ਪ੍ਰੋ. ਜਸਕਰਨ ਸਿੰਘ ਤੇ ਪ੍ਰੋ. ਕੁਲਦੀਪ ਸਿੰਘ ਆਦਿ ਮੌਜੂਦ ਸਨ।

## ਐੱਨ ਸੀ ਸੀ ਕੈਡਿਟਾਂ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਚਲਾਈ ਸਫ਼ਾਈ ਮੁਹਿੰਮ




**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵੱਲੋਂ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਵੱਛਤਾ ਹੀ ਸੇਵਾ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਸਮੁੱਚੇ ਦੇਸ਼ ਵਿੱਚ 17 ਸਤੰਬਰ ਤੋਂ 2 ਅਕਤੂਬਰ ਤੱਕ ਸਵੱਛਤਾ ਹੀ ਸੇਵਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਵੱਛਤਾ ਅਭਿਆਨ ਤਹਿਤ 19 ਪੰਜਾਬ ਐੱਨ ਸੀ ਸੀ ਬਟਾਲੀਅਨ ਲੁਧਿਆਣਾ ਦੇ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਫ਼ੈਜ਼ਨ ਜ਼ਹੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਐੱਨ. ਸੀ. ਸੀ. ਯੂਨਿਟ ਵੱਲੋਂ ਦੋਰਾਹਾ ਦੀ ਦਾਣਾ ਮੰਡੀ ਵਿਖੇ ਸਫ਼ਾਈ ਮੁਹਿੰਮ ਚਲਾਈ ਗਈ। ਇਸ ਮੌਕੇ ਨਾਇਬ ਸੂਬੇਦਾਰ ਕੁਲਵਿੰਦਰ ਸਿੰਘ ਅਤੇ ਹਵਲਦਾਰ ਸਨਦੀਪ ਸਿੰਘ ਨੇ ਭਾਰਤ ਸਰਕਾਰ ਦੇ ਸਵੱਛਤਾ ਅਭਿਆਨ ਬਾਰੇ ਕੈਡਿਟਾਂ ਨੂੰ ਜਾਗਰੂਕ ਕੀਤਾ। ਇਸ ਮੁਹਿੰਮ ਦੇ ਸਫ਼ਲਤਾਪੂਰਕ ਆਯੋਜਨ ਵਿੱਚ ਏ ਐੱਨ ਓ ਲੈਫ਼ਟੀਨੈਂਟ ਸਨਦੀਪ ਸਿੰਘ ਹੁੰਦਲ, ਪ੍ਰੋ. ਹਿਨਾ ਅਤੇ ਸਹਾਇਕ ਲਾਇਬ੍ਰੇਰੀਅਨ ਕੁਲਵੰਤ ਸਿੰਘ ਨੇ ਯੋਗਦਾਨ ਪਾਇਆ। ਇਸ ਗਤੀਵਿਧੀ ਵਿੱਚ 35 ਐੱਨ ਸੀ ਸੀ ਕੈਡਿਟਾਂ ਨੇ ਭਾਗ ਲਿਆ। ਇਸ ਗਤੀਵਿਧੀ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

## ਵਿਦਿਆਰਥੀਆਂ ਦੀ ਸੀ ਸੈਟ ਪ੍ਰੀਖਿਆ ਲਈ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਨਿਸ਼ਚੈ ਸਿਵਲ ਸਰਵਿਸਿਜ਼ ਕੋਚਿੰਗ ਅਕੈਡਮੀ, ਚੰਡੀਗੜ੍ਹ ਵੱਲੋਂ ਵਿਦਿਆਰਥੀਆਂ ਦੀ ਸੀ-ਸੈਟ ਦੀ ਪ੍ਰੀਖਿਆ ਲਈ ਗਈ।ਜ਼ਿਕਰਯੋਗ ਹੈ ਕਿ ਕਾਫ਼ੀ ਸਮੇਂ ਤੋਂ ਵਿਦਿਆਰਥੀਆਂ ਦੀਆਂ ਗਣਿਤ ਵਿਸ਼ੇ ਨਾਲ਼ ਸੰਬੰਧਿਤ ਸੀ-ਸੈਟ ਦੀਆਂ ਆਨਲਾਈਨ ਕਲਾਸਾਂ ਲਾਈਆਂ ਜਾ ਰਹੀਆਂ ਹਨ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਪੀ.ਸੀ.ਐੱਸ. ਤੇ ਆਈ.ਪੀ.ਐੱਸ. ਦੇ ਦਾਖਲਾ ਪ੍ਰੀਖਿਆ ਦੀ ਤਿਆਰੀ ਕਰਾਈ ਜਾ ਸਕੇ। ਇਸ ਪ੍ਰੀਖਿਆ ਵਿੱਚ 22 ਵਿਦਿਆਰਥੀਆਂ ਨੇ ਬੜੇ ਹੀ ਸੁਚੱਜੇ ਤੇ ਉਤਸ਼ਾਹਪੂਰਵਕ ਢੰਗ ਨਾਲ਼ ਹਿੱਸਾ ਲਿਆ।ਇਹ ਪ੍ਰੀਖਿਆ ਗਣਿਤ ਵਿਭਾਗ ਦੇ ਪ੍ਰੋ. ਹਰਿੰਦਰ ਕੌਰ ਤੇ ਸਿਮਰਨਜੀਤ ਕੌਰ ਦੀ ਨਿਗਰਾਨੀ ਹੇਠ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰੀਖਿਆਵਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈ ਕੇ ਆਪਣੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਪ੍ਰੇਰਤ ਕੀਤਾ।

# ਲੱਦਾਖ਼ ਦੇ ਸੋਨਮ ਵਾਂਗਚੁੱਕ ਦੀ ਰਿਹਾਈ ਦੀ ਮੰਗ




**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ 118ਵਾਂ ਜਨਮ ਦਿਨ ਸਥਾਨਕ ਕਾਮਰੇਡ ਅਮੋਲਕ ਭਵਨ ਵਿਖੇ ਸੀ.ਪੀ.ਆਈ. ਦੇ ਮੈਂਬਰਾਂ ਵੱਲੋਂ ਮਨਾਇਆ ਗਿਆ। ਇਸ ਮੌਕੇ ਲੱਦਾਖ਼ ਦੇ ਗਾਂਧੀਵਾਦੀ ਨੇਤਾ ਸੋਨਮ ਵਾਂਗਚੁੱਕ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਗਈ।ਇਕੱਤਰ ਹੋਏ ਸਾਥੀਆਂ ਨੂੰ ਸੰਬੋਧਨ ਕਰਦਿਆਂ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਦੇ ਮਹਾਨ ਸ਼ਹੀਦਾਂ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਅਜ਼ਾਦੀ ਦੇ 78 ਸਾਲ ਬਾਅਦ, ਆਪਣੇ ਜਾਇਜ਼ ਹੱਕਾਂ ਲਈ ਪੁਰਅਮਨ ਸੰਘਰਸ਼ ਕਰਨ ਵਾਲੇ ਆਗੂਆਂ ਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਜੇਲ੍ਹਾਂ ਵਿੱਚ ਡੱਕਿਆ ਜਾਵੇਗਾ, ਜਦਕਿ ਦੂਜੇ ਪਾਸੇ ਫਿਰਕੂ ਦੰਗੇ ਭੜਕਾਉਣ ਵਾਲੇ ਸ਼ਰੇਆਮ ਘੁੰਮਦੇ ਫਿਰਨਗੇ।ਕੌਸ਼ਲ ਨੇ ਖਾਸ ਤੌਰ 'ਤੇ ਲਦਾਖ਼ ਦੇ ਮਾਮਲੇ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਲੱਦਾਖ਼ ਦੇ ਲੋਕ ਆਪਣੇ ਹਰਮਨਪਿਆਰੇ ਆਗੂ ਸੋਨਮ ਵਾਂਗਚੁੱਕ ਦੀ ਅਗਵਾਈ ਹੇਠ ਪਿਛਲੇ ਪੰਜ ਸਾਲਾਂ ਤੋਂ ਲੱਦਾਖ਼ ਨੂੰ ਪੂਰਨ ਰਾਜ ਦਾ ਦਰਜਾ ਦੇਣ ਅਤੇ ਉੱਥੋਂ ਦੀ ਜ਼ਮੀਨ ਨੂੰ ਕਾਰਪੋਰੇਟਾਂ ਤੋਂ ਬਚਾਉਣ ਲਈ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦੀ ਮੰਗ ਕਰ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਲੰਬੀ ਭੁੱਖ ਹੜਤਾਲ ਕਾਰਨ ਆਗੂਆਂ ਦੀ ਸਿਹਤ ਵਿਗੜ ਗਈ ਅਤੇ ਸਰਕਾਰ ਦੀ ਬੇਰੁਖੀ ਕਾਰਨ ਹਾਲਾਤ ਖ਼ਰਾਬ ਹੋਏ ਤਾਂ ਸਰਕਾਰ ਨੇ ਉਲਟਾ ਗਾਂਧੀਵਾਦੀ ਆਗੂਆਂ ਨੂੰ ਹੀ ਹਿੰਸਕ ਘਟਨਾਵਾਂ ਦਾ ਜ਼ਿੰਮੇਵਾਰ ਠਹਿਰਾ ਕੇ ਸੋਨਮ ਵਾਂਗਚੁੱਕ ਨੂੰ ਐਨ.ਐੱਸ.ਏ. ਤਹਿਤ ਜੋਧਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ।ਸਭਾ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਬਿਜਲੀ ਨਿਗਮ ਦੇ ਰਮੇਸ਼ ਕੌਸ਼ਲ ਅਤੇ ਅਸ਼ੋਕ ਸੇਠੀ, ਨਰੇਗਾ ਆਗੂ ਵੀਰ ਸਿੰਘ ਕੰਮੇਆਣਾ, ਗੁਰਚਰਨ ਸਿੰਘ ਮਾਨ, ਬਲਕਾਰ ਸਿੰਘ ਸਹੋਤਾ, ਸ਼ਿਵ ਨਾਥ ਦਰਦੀ ਅਤੇ ਕੁਲਵੰਤ ਸਿੰਘ ਚਾਨੀ ਸ਼ਾਮਲ ਸਨ।ਇਨ੍ਹਾਂ ਆਗੂਆਂ ਨੇ ਸਪੱਸ਼ਟ ਕੀਤਾ ਕਿ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਦੀ ਰਾਖੀ ਕਰਕੇ ਹੀ ਅਸੀਂ ਸ. ਭਗਤ ਸਿੰਘ ਦੇ ਸੱਚੇ ਵਾਰਿਸ ਕਹਾਉਣ ਦੇ ਹੱਕਦਾਰ ਹੋ ਸਕਦੇ ਹਾਂ।ਸਮਾਗਮ ਦੌਰਾਨ ਮੁਖਤਿਆਰ ਸਿੰਘ ਭਾਣਾ, ਤਰਸੇਮ ਭਾਣਾ, ਜਤਿੰਦਰ ਸਿੰਘ, ਸੁਖਚੈਨ ਸਿੰਘ ਥਾਂਦੇਵਾਲਾ, ਗੁਰਦੀਪ ਸਿੰਘ ਕੰਮੇਆਣਾ, ਮੇਜਰ ਸਿੰਘ ਜੌਹਲ, ਬਲਵਿੰਦਰ ਸਿੰਘ ਅਰਾਈਆਂਵਾਲਾ ਅਤੇ ਗੋਕਲ ਸਿੰਘ ਮਹਿਮੂਆਣਾ ਨੇ ਵੀ ਸ਼ਹੀਦ ਭਗਤ ਸਿੰਘ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਇੱਕ ਮਤਾ ਪਾਸ ਕਰਕੇ ਸੋਨਮ ਵਾਂਗਚੁੱਕ ਅਤੇ ਉਸਦੇ ਸਾਥੀਆਂ ਨੂੰ ਤੁਰੰਤ ਰਿਹਾ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

## ਗੁਰਦੁਆਰਾ ਪ੍ਰਗਟ ਸਾਹਿਬ ਵਿਖੇ 19 ਨੂੰ ਹੋਵੇਗਾ ਜੱਟ ਮਹਾਂ-ਸੰਮੇਲਨ

**ਮੰਡੀ ਘੁਬਾਇਆ (ਬਲਵਿੰਦਰ ਸਿੰਘ)**

ਗੁਰਦੁਆਰਾ ਸ੍ਰੀ ਗੁਰੂ ਦਰਸ਼ਨ ਪ੍ਰਕਾਸ਼ ਜੰਮੂ ਫੱਤੂ ਦੀਆਂ ਟਾਹਲੀਆਂ ਵਿਖੇ ਜੱਟ ਮਹਾਂਸਭਾ ਦੀ ਜ਼ਿਲ੍ਹਾ ਪੱਧਰੀ ਇੱਕ ਅਹਿਮ ਮੀਟਿੰਗ ਕੀਤੀ ਗਈ।ਸਭ ਤੋਂ ਪਹਿਲਾਂ ਪੰਜਾਬੀ ਗਾਇਕ ਰਾਜਵੀਰ ਜਵੰਧਾ ਦੇ ਹੋਏ ਭਿਆਨਕ ਐਕਸੀਡੈਂਟ ਨਾਲ ਸੰਬੰਧਤ ਉਸ ਦੀ ਤੰਦਰੁਸਤੀ ਦੀ ਕਾਮਨਾ ਲਈ ਅਰਦਾਸ ਬੇਨਤੀ ਕੀਤੀ ਗਈ, ਤਾਂ ਜੁ ਉਹ ਜਲਦੀ ਠੀਕ ਹੋ ਕੇ ਆਪਣੇ ਪਰਵਾਰ ਅਤੇ ਆਪਣੇ ਚਾਹੁਣ ਵਾਲਿਆਂ ਵਿੱਚ ਮੌਜੂਦ ਹੋਵੇ। ਇਸ ਉਪਰੰਤ ਮੀਟਿੰਗ ਕੀਤੀ ਗਈ, ਜਿਸ ਵਿੱਚ ਦੱਸਿਆ ਗਿਆ ਕਿ 19 ਅਕਤੂਬਰ ਨੂੰ ਜੱਟ ਮਹਾ ਸੰਮੇਲਨ ਗੁਰਦੁਆਰਾ ਪ੍ਰਗਟ ਸਾਹਿਬ ਵਿਖੇ ਕਰਾਇਆ ਜਾ ਰਿਹਾ, ਜਿਸ ਵਿੱਚ ਜੱਟਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਵਿੱਚ, ਨੌਕਰੀਆਂ ਵਿੱਚ ਤੇ ਹੋਰ ਆਉਣ ਵਾਲੀਆਂ ਮੁਸ਼ਕਿਲਾਂ ਦੇ ਸੰਬੰਧ ਦੇ ਵਿੱਚ ਵਿਚਾਰਿਆ ਜਾਵੇਗਾ।ਇਕੱਠੇ ਹੋਏ ਆਗੂਆਂ ਨੇ ਕਿਹਾ ਕਿ ਇਹ ਮਹਾਂਸਭਾ ਕੋਈ ਸਿਆਸੀ ਮਹਾਂਸਭਾ ਨਹੀਂ ਹੋਵੇਗੀ ਤੇ ਨਾ ਹੀ ਕਿਸੇ ਨੂੰ ਕਿਸੇ ਪਾਰਟੀ ਨਾਲੋਂ ਤੋੜਿਆ ਜਾਵੇਗਾ, ਜੋ ਵੀ ਵਿਅਕਤੀ ਪਹਿਲਾਂ ਕਿਸੇ ਪਾਰਟੀ ਨਾਲ ਜੁੜਿਆ ਹੈ, ਉਹ ਉੱਥੇ ਹੀ ਵੋਟਾਂ ਪਾ ਸਕਦਾ ਹੈ।ਇਹ ਇੱਕ ਗ਼ੈਰ ਸਿਆਸੀ ਮਹਾਂਸਭਾ ਹੋਵੇਗੀ, ਉਥੇ ਪਹੁੰਚੇ ਜੱਟ ਭਾਈਚਾਰੇ ਦੇ ਲੋਕਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਦੇਸ਼ ਅਜ਼ਾਦ ਹੋਣ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਕਿਸੇ ਜੱਟ ਭਾਈਚਾਰੇ ਦੀ ਮਹਾਂਸਭਾ ਬਣਨ ਜਾ ਰਹੀ ਹੈ, ਜਿੱਥੇ ਜੱਟ ਭਾਈਚਾਰੇ ਦੇ ਲੋਕ ਆਪਣੀਆਂ ਮੁਸ਼ਕਲਾਂ ਦੱਸ ਸਕਦੇ ਹਨ ਤੇ ਹੱਲ ਕਰਾ ਸਕਦੇ ਹਨ, ਜਿਨ੍ਹਾਂ ਨੂੰ ਲੈ ਕੇ ਪਿੰਡਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ।

## ਕਿਸਾਨਾਂ ਤੇ ਆੜ੍ਹਤੀਆਂ ਨੂੰ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ : ਰਾਣਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਝੋਨੇ ਦੀ ਖਰੀਦ ਮੌਕੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।ਪੰਜਾਬ ਦੀ ਆਪ ਸਰਕਾਰ ਆੜ੍ਹਤੀਆਂ ਦੀਆਂ ਮੰਗਾਂ ਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਤੋਂ ਆੜ੍ਹਤੀਆਂ ਦੀਆਂ ਮੰਗਾਂ ਮੰਨਵਾਉਣ ਲਈ ਉਹ ਵਚਨਬੱਧ ਹਨ। ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਦੀ ਅਗਵਾਈ ਹੇਠ ਕੀਤੇ ਸਨਮਾਨ ਸਮਾਰੋਹ ਸਮੇਂ ਵਿਧਾਨ ਸਭਾ ਹਲਕਾ ਸਨੌਰ ਦੇ ਇੰਚਾਰਜ ਤੇ ਪੀਆਰਟੀਸੀ ਦੇ ਚੈਅਰਮੈਨ ਰਣਯੋਧ ਸਿੰਘ ਹਡਾਣਾ ਵੱਲੋਂ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਆੜ੍ਹਤੀਆਂ ਨੂੰ ਝੋਨੇ ਦੀ ਖਰੀਦ ਮੌਕੇ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਤੇ ਝੋਨੇ ਦੀ ਖਰੀਦ ਦੀ ਅਦਾਇਗੀ ਵੀ ਨਾਲੋ-ਨਾਲ ਕੀਤੀ ਜਾਵੇਗੀ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਵੱਲੋਂ ਰਣਯੋਧ ਸਿੰਘ ਹਡਾਣਾ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।

# ਸ਼ਹੀਦ ਭਗਤ ਸਿੰਘ ਨੂੰ ਜਨਮ ਦਿਹਾੜੇ ਮੌਕੇ ਤੁੰਗਾਂ 'ਚ ਸ਼ਰਧਾਂਜਲੀਆਂ

## ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨਾ ਚਾਹੁੰਦਾ ਸੀ ਭਗਤ ਸਿੰਘ : ਕਾਮਰੇਡ ਸਤਵੀਰ ਤੁੰਗਾਂ

**ਸੰਗਰੂਰ (ਪ੍ਰਵੀਨ ਸਿੰਘ)**

ਪਿੰਡ ਤੁੰਗਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਪਿੰਡ ਦੇ ਨੌਜਵਾਨਾਂ ਤੇ ਮਨਰੇਗਾ ਮਜ਼ਦੂਰਾਂ ਦੀ ਇਕੱਤਰਤਾ ਕੀਤੀ ਗਈ।ਇਸ ਮੌਕੇ ਸੀਟੂ ਦੇ ਜ਼ਿਲ੍ਹਾ ਆਗੂ ਕਾਮਰੇਡ ਸਤਵੀਰ ਤੁੰਗਾਂ ਤੇ ਮਜ਼ਦੂਰ ਆਗੂ ਬੇਅੰਤ ਸਿੰਘ, ਮਨਰੇਗਾ ਪ੍ਰਧਾਨ ਬਲਜੀਤ ਕੌਰ, ਪੰਚ ਸੁਖਵੀਰ ਸਿੰਘ, ਮੇਟ ਰਾਣੀ ਕੌਰ, ਸੁਖਪਾਲ ਕੌਰ, ਜਨਵਾਦੀ ਨੌਜਵਾਨ ਸਭਾ ਦੇ ਆਗੂ ਇਸ਼ਮੀਤ ਸਿੰਘ, ਮਨੋਜ ਸਿੰਘ ਤੇ ਸਹਿਜ ਸਿੰਘ ਵਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ।

ਸਤਵੀਰ ਤੁੰਗਾਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਅਪਨਾਉਣ ਦੀ ਲੋੜ ਹੈ। ਬਹੁਤ ਸਾਰੀਆਂ ਪਾਰਟੀਆਂ ਤੇ ਲੋਕ ਜੋ ਭਗਤ ਸਿੰਘ ਦਾ ਪਹਿਰਾਵਾ ਪਹਿਨਣ ਕੇ ਉਸ ਵਰਗੇ ਬਣਨ ਦਾ ਵਿਖਾਵਾ ਕਰਦੇ ਹਨ, ਪਰ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਕੋਹਾਂ ਦੂਰ ਹਨ।ਉਨ੍ਹਾਂ ਕਿਹਾ ਕਿ ਅੱਜ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਸਰਕਾਰ ਇਨ੍ਹਾਂ ਦੇਸ਼ ਭਗਤਾਂ ਦੇ ਨਾਂਅ 'ਤੇ ਵੋਟਾਂ ਤਾਂ ਪ੍ਰਾਪਤ ਕਰਨਾ ਚਾਹੁੰਦੇ ਹਨ, ਪਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ ਵਾਲੇ ਭਗਤ ਸਿੰਘ ਦੇ ਵਿਚਾਰਾਂ ਨੂੰ ਅਪਨਾਉਣ ਤੋਂ ਭੱਜ ਰਹੇ ਹਨ।ਉਨ੍ਹਾਂ ਕਿਹਾ ਕਿ ਭਗਤ ਸਿੰਘ ਨੇ ਕਿਹਾ ਸੀ ਕਿ ਜਦ ਤੱਕ ਬਰਾਬਰਤਾ ਵਾਲਾ ਸਮਾਜ ਨਹੀਂ ਬਣੇਗਾ ਸਾਡਾ ਸੰਘਰਸ਼ ਜਾਰੀ ਰਹੇਗਾ।ਅੱਜ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ ਮੁੱਠੀ ਭਰ ਤਕੜੇ ਲੋਕਾਂ ਦੀ ਸੇਵਾ ਕਰ ਰਹੀਆਂ ਹਨ, ਗਰੀਬ ਦਿਨੋ-ਦਿਨ ਹੋਰ ਗ਼ਰੀਬ ਹੋ ਰਹੇ ਹਨ ਤੇ ਅਮੀਰਾਂ ਦੀ ਸੰਪਤੀਆਂ ਦਿਨ ਰਾਤ ਵਧ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਦੇ ਵਿਚਾਰਾਂ 'ਤੇ ਚੱਲਣ ਵਾਲੇ ਲੋਕ ਅੱਜ ਵੀ ਸੰਘਰਸ਼ ਦੇ ਮੈਦਾਨ ਵਿੱਚ ਡਟੇ ਹੋਏ ਹਨ ਤੇ ਇਨ੍ਹਾਂ ਦੇਸ਼ ਭਗਤਾਂ ਦੇ ਸੁਪਨਿਆਂ ਵਾਲਾ ਦੇਸ਼ ਬਨਾਉਣ ਲਈ ਜੱਦੋਜਹਿਦ ਕਰ ਰਹੇ ਹਨ।ਉਨ੍ਹਾਂ ਮਜ਼ਦੂਰ ਜਮਾਤ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਆਪਣਾ ਵਿਹਲਾ ਸਮਾਂ ਪਿੰਡ ਦੇ ਗਰੀਬ ਪਰਵਾਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਿਵਾਉਣ ਲਈ ਜਥੇਬੰਦੀ ਨਾਲ ਮਿਲ ਕੇ ਕੰਮ ਕਰਨ ਤਾਂ ਜੁ ਲੋੜਵੰਦ ਲੋਕਾਂ ਦੀ ਮੱਦਦ ਹੋ ਸਕੇ, ਕਿਉਂਕਿ ਜ਼ਿਆਦਾਤਰ ਮਜ਼ਦੂਰ ਪਰਵਾਰ ਅਨਪੜ੍ਹਤਾ ਕਾਰਨ ਜਥੇਬੰਦੀਆਂ ਵਲੋਂ ਸੰਘਰਸ਼ ਲੜ ਕੇ ਪ੍ਰਾਪਤ ਕੀਤੀਆਂ ਸਹੂਲਤਾਂ ਲੈਣ ਤੋਂ ਵੀ ਵਾਂਝੇ ਰਹਿ ਜਾਂਦੇ ਹਨ।ਉਨ੍ਹਾਂ ਕਿਹਾ ਕਿ ਪਿੰਡ ਵਿੱਚ ਮਨਰੇਗਾ ਦੇ ਨਵੇਂ ਜੌਬ ਕਾਰਡ ਬਣਾਏ ਜਾਣ, ਸਾਰੇ ਮਨਰੇਗਾ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ।ਉਸਾਰੀ ਮਜਦੂਰਾਂ ਦੇ ਕਾਰਡ ਰੀਨਿਊ ਕੀਤੇ ਜਾਣ, ਉਸਾਰੀ ਮਜ਼ਦੂਰਾਂ ਦੇ ਬੱਚਿਆਂ ਦੇ ਵਜ਼ੀਫ਼ੇ ਉਨ੍ਹਾਂ ਦੇ ਖਾਤਿਆਂ ਵਿੱਚ ਪਾਏ ਜਾਣ 'ਤੇ ਰਜਿਸਟਰਡ ਉਸਾਰੀ ਕਾਮਿਆਂ ਤੋਂ ਵਾਰ-ਵਾਰ 27 ਨੰਬਰ ਫਾਰਮ ਲੈਣਾ ਬੰਦ ਕੀਤਾ ਜਾਵੇ।

# ਸ਼ਹੀਦ ਭਗਤ ਸਿੰਘ ਜਨਮ ਦਿਹਾੜੇ ਨੂੰ ਸਮਰਪਤ ਨੁੱਕੜ ਨਾਟਕ ਤੇ ਮਸ਼ਾਲ ਮਾਰਚ




**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**

ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਟਰੱਸਟ ਪਟਿਆਲਾ ਵੱਲੋਂ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਸਹਿਯੋਗ ਦੇ ਨਾਲ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦੇ 118ਵੇਂ ਜਨਮ ਦਿਹਾੜੇ ਨੂੰ ਸਮਰਪਤ ਨੁੱਕੜ ਨਾਟਕ ਤੇ ਮਸ਼ਾਲ ਮਾਰਚ ਕੀਤਾ ਗਿਆ।

ਟਰੱਸਟ ਦੇ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਭਾਰਤ ਨੂੰ ਕੇਵਲ ਅੰਗਰੇਜ਼ਾਂ ਤੋਂ ਮੁਕਤ ਹੀ ਨਹੀਂ ਕਰਾਉਣਾ ਚਾਹੁੰਦੇ ਸਨ, ਸਗੋਂ ਸਰਮਾਏਦਾਰੀ ਪ੍ਰਬੰਧ ਦਾ ਖਾਤਮਾ ਕਰਕੇ ਸਮਾਜਵਾਦੀ ਪ੍ਰਬੰਧ ਦੀ ਵਿਵਸਥਾ ਕਾਇਮ ਕਰਨਾ ਚਾਹੁੰਦੇ ਸਨ।ਸ਼ਹੀਦ ਭਗਤ ਸਿੰਘ ਦਾ ਵਿਚਾਰ ਸੀ ਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਟਿਕੀ ਹੁੰਦੀ ਹੈ। ਸ਼ਹੀਦ ਭਗਤ ਸਿੰਘ ਦਾ ਨਾਅਰਾ ਇਨਕਲਾਬ ਜ਼ਿੰਦਾਬਾਦ, ਲੱਖਾਂ ਇਨਕਲਾਬੀਆਂ ਲਈ ਪ੍ਰੇਰਨਾ ਸਰੋਤ ਹੈ।ਮੋਦੀ ਕਾਲਜ ਦੇ ਸੀਨੀਅਰ ਪ੍ਰੋਫੈਸਰ ਡਾ. ਹਰਮੋਹਨ ਸ਼ਰਮਾ ਨੇ ਆਏ ਸਾਰੇ ਹੀ ਮਹਿਮਾਨਾਂ ਤੇ ਸਮਾਜਿਕ ਸੰਸਥਾਵਾਂ ਦਾ ਸਵਾਗਤ ਕੀਤਾ। ਮੇਅਰ ਸ੍ਰੀ ਕੁੰਦਨ ਗੋਗੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਇਨਕਲਾਬੀ ਹੋਣ ਦੇ ਨਾਲ-ਨਾਲ ਮੌਲਿਕ ਚਿੰਤਕ ਵੀ ਸਨ।ਸ਼ਹੀਦ ਭਗਤ ਸਿੰਘ ਨੇ ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਵਰਤਾਰਿਆਂ ਨੂੰ ਤਰਕਸ਼ੀਲ ਤਰੀਕੇ ਨਾਲ ਘੋਖਿਆ ਤੇ ਲੋਕਾਂ ਵਿੱਚ ਇਸ ਸੰਬੰਧੀ ਜਾਗਰੂਕਤਾ ਪੈਦਾ ਕੀਤੀ।ਇਸ ਮੌਕੇ ਮੁੱਖ ਬੁਲਾਰੇ ਯੁਵਕ ਭਲਾਈ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਰਾਮ ਪ੍ਰਸਾਦ ਬਿਸਮਿਲ ਵਰਗੇ ਕ੍ਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਤੋਂ ਡੂੰਘੀ ਤਰ੍ਹਾਂ ਪ੍ਰਭਾਵਤ ਸਨ।

ਇਸ ਮੌਕੇ ਲੜਾਂਗੇ ਸਾਥੀ ਥੀਏਟਰ ਗਰੁੱਪ ਪਟਿਆਲਾ ਵੱਲੋਂ ਨਿਰਦੇਸ਼ਕ ਅਨਾਇਤ ਦੀ ਯੋਗ ਅਗਵਾਈ ਵਿੱਚ ਨੁੱਕੜ ਨਾਟਕ 'ਬੁੱਤ ਜਾਗ ਪਿਆ' ਦੀ ਸਫ਼ਲ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਪਟਿਆਲਾ ਦੇ ਸੰਗੀਤ ਅਧਿਆਪਕ ਪਰਗਟ ਸਿੰਘ ਦੀ ਯੋਗ ਅਗਵਾਈ 'ਚ ਅਵਨੂਰ ਸਿੰਘ ਤੇ ਸਾਹਿਬਜੋਤ ਸਿੰਘ ਨੇ ਇਨਕਲਾਬੀ ਗੀਤ ਸੰਗੀਤ ਦੀ ਪੇਸ਼ਕਾਰੀ ਕੀਤੀ।ਗਾਇਕ ਗੁਰਪ੍ਰੀਤ ਸਿੰਘ ਧਾਲੀਵਾਲ ਨੇ ਸ਼ਹੀਦ ਭਗਤ ਸਿੰਘ ਤੇ ਅਧਾਰਤ ਆਪਣਾ ਨਵਾਂ ਰੈਪ ਗੀਤ ਪੇਸ਼ ਕੀਤਾ।ਇਸ ਮੌਕੇ ਟਰੱਸਟ ਵੱਲੋਂ ਮਸ਼ਾਲ ਮਾਰਚ ਕੀਤਾ ਗਿਆ।ਹੱਥਾਂ 'ਚ ਜਗਦੀਆਂ ਮਸ਼ਾਲਾਂ, ਮੋਮਬੱਤੀਆਂ ਤੇ ਨਾਅਰਿਆਂ ਦੇ ਪੋਸਟਰ ਫੜ ਕੇ 'ਇਨਕਲਾਬ ਜ਼ਿੰਦਾਬਾਦ-ਸ਼ਹੀਦ ਭਗਤ ਸਿੰਘ ਤੇਰੀ ਸੋਚ 'ਤੇ ਪਹਿਰਾ ਦੇਵਾਂਗੇ ਠੋਕ ਕੇ' ਦੇ ਨਾਅਰੇ ਲਾਉਂਦਿਆਂ ਮਾਰਚ ਕੱਢਿਆ ਗਿਆ।ਇਹ ਮਸ਼ਾਲ ਮਾਰਚ ਮੋਦੀ ਕਾਲਜ ਤੋਂ ਸ਼ੁਰੂ ਹੋਕੇ ਵਾਪੀ.ਪੀ.ਐੱਸ ਤੇ ਅਗਰਸੈਨ ਚੌਕ ਤੋਂ ਹੁੰਦਾ ਹੋਇਆ ਮੋਦੀ ਕਾਲਜ ਵਿਖੇ ਹੀ ਸਮਾਪਤ ਕੀਤਾ ਗਿਆ।ਟਰੱਸਟ ਦੇ ਖ਼ਜ਼ਾਨਚੀ ਮਾਸਟਰ ਨਰਿੰਦਰਪਾਲ ਸਿੰਘ ਨੇ ਸਟੇਜ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਈ।ਅਖੀਰ 'ਚ ਇਨਕਲਾਬੀ ਨਾਹਰੇ ਲਾ ਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

## ...ਸ.ਫ਼ਾ 1 ਦੇ ਬਾਕੀ

### ਬਾਜਵਾ ਨੇ 25 ਲੱਖ ਦੀ ਨਿੱਜੀ...

ਨਿੱਜੀ ਹਿਤਾਂ ਤੋਂ ਪ੍ਰਭਾਵਤ ਗੰਭੀਰ ਇਰਾਦਿਆਂ ਨੂੰ ਪ੍ਰਗਟ ਕਰਦੀਆਂ ਹਨ। ਚੀਮਾ ਨੇ 15 ਜੁਲਾਈ, 2025 ਨੂੰ ਇੱਕ ਜ਼ਮੀਨੀ ਲੈਣ-ਦੇਣ ਦੇ ਵੇਰਵੇ ਪ੍ਰਗਟ ਕੀਤੇ, ਜਿੱਥੇ ਬਾਜਵਾ ਨੇ ਪਿੰਡ ਫੁੱਲੜਾਂ, ਹੱਦਬਸਤ ਨੰਬਰ 725, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਆਪਣੀ ਪਤਨੀ ਚਰਨਜੀਤ ਬਾਜਵਾ ਦੇ ਨਾਮ ਤੇ 16.10 ਮਰਲੇ ਜ਼ਮੀਨ, ਨਿਰਮਲ ਸਿੰਘ ਦੀ ਪਤਨੀ ਰਾਜਦੀਪ ਕੌਰ ਤੋਂ 5.45 ਲੱਖ ਰੁਪਏ ਵਿੱਚ ਇੰਤਕਾਲ ਨੰਬਰ 2248 ਅਤੇ ਵਸੀਕਾ ਨੰਬਰ 561 ਨਾਲ ਖਰੀਦੀ। ਖਰੀਦ ਦੇ ਸਮੇਂ 'ਤੇ ਸਵਾਲ ਉਠਾਉਂਦੇ ਹੋਏ ਵਿੱਤ ਮੰਤਰੀ ਚੀਮਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਜ਼ਮੀਨ ਬਿਆਸ ਦਰਿਆ ਦੇ ਧੁੱਸੀ ਬੰਨ੍ਹ ਖੇਤਰ ਦੇ ਅੰਦਰ ਹੈ। ਉਨ੍ਹਾ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਇਹ ਜ਼ਮੀਨ ਸਿਰਫ ਡੇਢ ਮਹੀਨਾ ਪਹਿਲਾਂ ਹੀ ਇੱਕ ਗਰੀਬ ਕਿਸਾਨ ਤੋਂ ਖਰੀਦੀ ਸੀ, ਇਹ ਜਾਣਦੇ ਹੋਏ ਕਿ ਮਾਨਸੂਨ ਦੌਰਾਨ ਉੱਥੇ ਰੇਤ ਇਕੱਠੀ ਹੋ ਜਾਵੇਗੀ, ਜਿਸਦੀ ਉਹ ਫਿਰ ਮਾਈਨਿੰਗ ਕਰ ਸਕਣ।

ਵਿੱਤ ਮੰਤਰੀ ਨੇ ਪਿੰਡ ਪਸਵਾਲ ਵਿੱਚ ਬਿਆਸ ਦਰਿਆ ਦੇ ਨਾਲ ਧੁੱਸੀ ਬੰਨ੍ਹ ਦੇ ਅੰਦਰ ਬਾਜਵਾ ਦੁਆਰਾ 10 ਏਕੜ ਜ਼ਮੀਨ ਦੀ ਇਸੇ ਤਰ੍ਹਾਂ ਦੀ ਖਰੀਦ ਦਾ ਜ਼ਿਕਰ ਵੀ ਕੀਤਾ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ 2017 ਅਤੇ 2019 ਵਿੱਚ ਕਾਂਗਰਸ ਪਾਰਟੀ ਦੇ ਕਾਰਜਕਾਲ ਦੌਰਾਨ ਇਸ ਜ਼ਮੀਨ ਦੀ ਰਾਖੀ ਲਈ ਡੰਗੇ ਲਾਉਣ ਲਈ 1.18 ਕਰੋੜ ਰੁਪਏ ਖਰਚ ਕੀਤੇ।ਵਿੱਤ ਮੰਤਰੀ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਹੁਣ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਫੁੱਲੜਾਂ ਵਿੱਚ ਉਨ੍ਹਾਂ ਵੱਲੋਂ ਹਾਲ ਹੀ ਵਿੱਚ ਖਰੀਦੀ ਗਈ ਜ਼ਮੀਨ ਦੀ ਰੱਖਿਆ ਲਈ ਡੰਗੇ ਲਾਉਣ ਵਾਸਤੇ ਕਰੋੜਾਂ ਰੁਪਏ ਦੇ ਖਰਚੇ ਲਈ ਆਪਣੀ ਮਨਜ਼ੂਰੀ ਦੇਣ। ਉਨ੍ਹਾ ਦੁੱਖ ਪ੍ਰਗਟ ਕੀਤਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਨਾਲ ਜਨਤਾ ਨੂੰ ਹੋਏ ਨੁਕਸਾਨ ਨੂੰ ਪੂਰਾ ਕਰਨ ਵਿੱਚ ਸਰਕਾਰ ਦੀ ਮਦਦ ਕਰਨ ਦੀ ਬਜਾਏ, ਵਿਰੋਧੀ ਧਿਰ ਦੇ ਨੇਤਾ ਆਪਣੇ ਨਿੱਜੀ ਲਾਭ ਲਈ ਦਬਾਅ ਪਾਉਣ 'ਤੇ ਕੇਂਦਰਤ ਹਨ।ਚੀਮਾ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਪ੍ਰਤਾਪ ਸਿੰਘ ਬਾਜਵਾ ਨੇ ਧੁੱਸੀ ਖੇਤਰ ਦੇ ਅੰਦਰ ਜ਼ਮੀਨਾਂ ਸਿਰਫ਼ ਮਾਈਨਿੰਗ ਦੇ ਉਦੇਸ਼ਾਂ ਲਈ ਖਰੀਦੀਆਂ ਅਤੇ ਇਹ ਬਹੁਤ ਹੀ ਨਿੰਦਣਯੋਗ ਹੈ ਕਿ ਉਨ੍ਹਾ ਆਪਣੀ ਨਿੱਜੀ ਜਾਇਦਾਦ ਦੀ ਰੱਖਿਆ ਲਈ ਕਰੋੜਾਂ ਰੁਪਏ ਦੇ ਸਰਕਾਰੀ ਫੰਡਾਂ ਦਾ ਲਾਭ ਉਠਾਇਆ।

### ਫਲਸਤੀਨੀਆਂ ਦਾ ਨਸਲਘਾਤ...

ਹਕੀਕਤ ਇਹ ਹੈ ਕਿ ਇਜ਼ਰਾਈਲ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰ ਰਿਹਾ ਹੈ। ਮੀਟਿੰਗ ਵਿੱਚ ਕੇਂਦਰ ਤੇ ਪੰਜਾਬ ਸਰਕਾਰ 'ਤੇ ਜ਼ੋਰ ਦਿੱਤਾ ਗਿਆ ਕਿ ਪੰਜਾਬ ਵਿੱਚ ਹੜ੍ਹਾਂ ਨਾਲ ਲੋਕਾਂ ਦੇ ਹੋਏ ਨੁਕਸਾਨ ਦੀ ਫੌਰੀ ਤੌਰ 'ਤੇ ਪੂਰਤੀ ਕੀਤੀ ਜਾਵੇ। ਇਸ ਤੋਂ ਇਲਾਵਾ ਕੇਂਦਰ ਦੀ ਭਾਜਪਾ ਸਰਕਾਰ ਕਦਮ-ਦਰ-ਕਦਮ ਫਾਸ਼ੀਵਾਦੀ ਨੀਤੀ ਲਾਗੂ ਕਰਦੀ ਜਾ ਰਹੀ ਹੈ, ਜਿਸ ਨਾਲ ਹਿੰਦੁਸਤਾਨ ਦੇ ਫੈਡਰਲ ਢਾਂਚੇ ਨੂੰ ਖ਼ਤਰਾ ਵਧਦਾ ਜਾ ਰਿਹਾ ਹੈ।

ਸਰਕਾਰ ਦੀ ਇਸ ਨੀਤੀ ਵਿਰੁੱਧ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਪੱਧਰ ਦਾ ਵੱਡਾ ਪ੍ਰੋਗਰਾਮ ਕਰੇਗਾ। ਇਹ ਵੀ ਵਿਚਾਰ ਹੋਇਆ ਕਿ ਪੰਜਾਬ ਦੇ ਹਾਲਾਤ ਵਿਗਾੜਨ ਲਈ ਅੰਤਰਰਾਜੀ ਪ੍ਰਵਾਸੀਆਂ ਨੂੰ ਪੰਜਾਬ 'ਚੋਂ ਬਾਹਰ ਕੱਢਣ ਦੀ ਮੁਹਿੰਮ ਜਾਰੀ ਹੈ, ਜੋ ਬਹੁਤ ਨਿੰਦਣਯੋਗ ਹੈ। ਡੈਮ ਸੇਫਟੀ ਐਕਟ ਅਧੀਨ ਕੇਂਦਰ ਸਰਕਾਰ ਵੱਲੋਂ ਭਾਖੜਾ ਡੈਮ ਮੈਨੇਜਮੈਂਟ 'ਚੋਂ ਪੰਜਾਬ ਦੇ ਅਧਿਕਾਰੀਆਂ ਦੇ ਅਧਿਕਾਰ ਖੋਹਣੇ ਪੰਜਾਬ ਦੇ ਹੱਕਾਂ 'ਤੇ ਛਾਪਾ ਮਾਰਨਾ ਹੈ। ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ, ਕਿਉਂਕਿ ਚੰਡੀਗੜ੍ਹ ਪੰਜਾਬ ਦੇ 22 ਪਿੰਡ ਉਜਾੜ ਕੇ ਵਸਾਇਆ ਗਿਆ ਸੀ।

### ਸਿਆਸਤਦਾਨਾਂ ਦੇ ਮੋਹਰੇ...

ਅਪਮਾਨਜਨਕ ਰਹੇ ਹਨ।'

ਆਗਾ ਨੇ ਕਿਹਾ, 'ਸ਼ਿਸ਼ਟਾਚਾਰ ਦੇ ਆਦਾਨ-ਪ੍ਰਦਾਨ ਦੀ ਗੱਲ ਆਉਂਦੀ ਹੈ ਤਾਂ ਸੂਰੀਆ ਕੁਮਾਰ ਨਿੱਜੀ ਮੁਲਾਕਾਤਾਂ ਦੇ ਮੁਕਾਬਲੇ ਜਨਤਕ ਤੌਰ 'ਤੇ ਵੱਖਰਾ ਵਿਅਕਤੀ ਰਿਹਾ। ਉਸ ਨੇ ਟੂਰਨਾਮੈਂਟ ਦੀ ਸ਼ੁਰੂਆਤ ਵਿੱਚ ਮੇਰੇ ਨਾਲ ਨਿੱਜੀ ਤੌਰ 'ਤੇ ਹੱਥ ਮਿਲਾਇਆ ਸੀ, ਪ੍ਰੀ-ਟੂਰਨਾਮੈਂਟ ਪ੍ਰੈੱਸ ਕਾਨਫਰੰਸ ਵਿੱਚ ਅਤੇ ਜਦੋਂ ਅਸੀਂ ਰੈਫਰੀ ਦੀ ਮੀਟਿੰਗ ਵਿੱਚ ਮਿਲੇ ਸੀ, ਪਰ ਜਦੋਂ ਉਹ ਕੈਮਰਿਆਂ ਦੇ ਸਾਹਮਣੇ ਦੁਨੀਆ ਵਿੱਚ ਬਾਹਰ ਹੁੰਦਾ ਸੀ, ਤਾਂ ਹੱਥ ਨਹੀਂ ਮਿਲਾਉਂਦਾ ਸੀ। ਮੈਨੂੰ ਯਕੀਨ ਹੈ ਕਿ ਉਹ ਉਸ ਨੂੰ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰ ਰਿਹਾ ਹੈ, ਪਰ ਜੇ ਇਹ ਉਸ 'ਤੇ ਨਿਰਭਰ ਕਰਦਾ, ਤਾਂ ਉਹ ਮੇਰੇ ਨਾਲ ਹੱਥ ਜ਼ਰੂਰ ਮਿਲਾਉਂਦਾ।'

ਆਗਾ ਮਹਿਸੂਸ ਕਰਦਾ ਹੈ ਕਿ ਕਿਸੇ ਨਾ ਕਿਸੇ ਪੜਾਅ 'ਤੇ ਅਜਿਹੀਆਂ ਗੱਲਾਂ ਨੂੰ ਰੁਕਣਾ ਚਾਹੀਦਾ ਹੈ। ਅਜਿਹੀਆਂ ਘਟਨਾਵਾਂ ਉੱਭਰਦੇ ਕ੍ਰਿਕਟਰਾਂ ਲਈ ਇੱਕ ਗਲਤ ਮਿਸਾਲ ਪੇਸ਼ ਕਰਨਗੀਆਂ। ਇਸ ਬਾਰੇ ਸਿਰਫ਼ ਭਾਰਤ ਨੂੰ ਹੀ ਜਵਾਬ ਦੇਣਾ ਚਾਹੀਦਾ ਹੈ। ਆਪਣੀ ਪ੍ਰੈੱਸ ਕਾਨਫਰੰਸ ਨੂੰ ਸਮਾਪਤ ਕਰਦੇ ਹੋਏ ਉਹਨਾ ਕਿਹਾ ਕਿ ਪੂਰੀ ਪਾਕਿਸਤਾਨੀ ਟੀਮ ਦੀ ਮੈਚ ਫੀਸ 'ਅਪ੍ਰੇਸ਼ਨ ਸਿੰਧੂਰ' ਦੌਰਾਨ ਮਰਨ ਵਾਲਿਆਂ ਦੇ ਪਰਵਾਰਾਂ ਨੂੰ ਦਾਨ ਕੀਤੀ ਜਾਵੇਗੀ। ਆਈ ਸੀ ਸੀ ਦੇ ਪ੍ਰਧਾਨ ਅਤੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਕੋਲੋਂ ਟਰਾਫੀ ਲੈਣ ਤੋਂ ਇਨਕਾਰ ਮਗਰੋਂ ਭਾਰਤੀ ਟੀਮ ਨੂੰ ਏਸ਼ੀਆ ਕੱਪ ਦੀ ਟਰਾਫੀ ਨਾ ਦਿੱਤੇ ਜਾਣ ਤੋਂ ਬਾਅਦ ਕਪਤਾਨ ਸੂਰੀਆ ਕੁਮਾਰ ਯਾਦਵ ਨੇ ਕਿਹਾ ਕਿ ਜੇਤੂ ਟੀਮ ਨੂੰ ਯਾਦ ਰੱਖਿਆ ਜਾਂਦਾ ਹੈ, ਟਰਾਫੀ ਨੂੰ ਨਹੀਂ। ਪਹਿਲਗਾਮ ਦਹਿਸ਼ਤੀ ਹਮਲੇ ਅਤੇ ਉਸ ਤੋਂ ਬਾਅਦ ਜਵਾਬੀ ਕਾਰਵਾਈ ਵਜੋਂ ਭਾਰਤ ਸਰਕਾਰ ਦੇ 'ਅਪ੍ਰੇਸ਼ਨ ਸਿੰਧੂਰ' ਦੇ ਪਿਛੋਕੜ ਵਿੱਚ ਪੂਰੇ ਟੂਰਨਾਮੈਂਟ ਦੌਰਾਨ ਦੋਵਾਂ ਟੀਮਾਂ ਵਿਚਕਾਰ ਤਣਾਅ ਬਣਿਆ ਰਿਹਾ। ਸੂਰੀਆ ਕੁਮਾਰ ਨੇ ਮੈਚ ਤੋਂ ਬਾਅਦ ਪ੍ਰੈੱਸ ਕਾਨਫਰੰਸ ਵਿੱਚ ਕਿਹਾ, 'ਮੈਂ ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ ਕਿ ਜੇਤੂ ਟੀਮ ਨੂੰ ਟਰਾਫੀ ਨਾ ਦਿੱਤੀ ਗਈ ਹੋਵੇ, ਪਰ ਮੇਰੇ ਲਈ ਮੇਰੇ ਖਿਡਾਰੀ ਤੇ ਸਹਿਯੋਗੀ ਸਟਾਫ ਹੀ ਅਸਲ ਟਰਾਫੀ ਹਨ।'

ਸੂਰੀਆ ਕੁਮਾਰ ਨੇ ਮਗਰੋਂ ਆਪਣੇ ਇੰਸਟਾਗ੍ਰਾਮ 'ਤੇ ਲਿਖਿਆ, 'ਮੈਚ ਖਤਮ ਹੋਣ ਤੋਂ ਬਾਅਦ ਸਿਰਫ ਚੈਂਪੀਅਨ ਯਾਦ ਆਉਂਦੇ ਹਨ, ਟਰਾਫੀ ਦੀ ਤਸਵੀਰ ਨਹੀਂ।' ਟੀਮ ਵੱਲੋਂ ਨਕਵੀ ਤੋਂ ਟਰਾਫੀ ਲੈਣ ਤੋਂ ਇਨਕਾਰ ਕਰਨ ਬਾਰੇ ਉਸ ਨੇ ਕਿਹਾ, 'ਅਸੀਂ ਇਹ ਫੈਸਲਾ ਮੈਦਾਨ 'ਤੇ ਲਿਆ। ਕਿਸੇ ਨੇ ਸਾਨੂੰ ਅਜਿਹਾ ਕਰਨ ਲਈ ਨਹੀਂ ਕਿਹਾ।' ਉਸ ਨੇ ਐਲਾਨ ਕੀਤਾ ਕਿ ਉਹ ਏਸ਼ੀਆ ਕੱਪ ਤੋਂ ਮਿਲਣ ਵਾਲੀ ਆਪਣੀ ਪੂਰੀ ਮੈਚ ਫੀਸ ਦੇਸ਼ ਦੀਆਂ ਹਥਿਆਰਬੰਦ ਫੌਜਾਂ ਅਤੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਨੂੰ ਦਾਨ ਕਰੇਗਾ। ਭਾਰਤੀ ਖਿਡਾਰੀ ਟੀ-20 ਫਾਰਮੈਟ ਵਿੱਚ ਪ੍ਰਤੀ ਮੈਚ 4 ਲੱਖ ਰੁਪਏ ਦੇ ਹੱਕਦਾਰ ਹਨ, ਜਿਸ ਦਾ ਮਤਲਬ ਹੈ ਕਿ ਸੂਰੀਆ ਕੁਮਾਰ ਸੱਤ ਮੈਚਾਂ ਤੋਂ ਮਿਲਣ ਵਾਲੇ 28 ਲੱਖ ਰੁਪਏ ਦਾਨ ਕਰੇਗਾ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨਵੰਬਰ ਵਿੱਚ ਹੋਣ ਵਾਲੀ ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਦੀ ਅਗਲੀ ਮੀਟਿੰਗ ਵਿੱਚ ਏਸ਼ੀਆਈ ਕ੍ਰਿਕਟ ਕੌਂਸਲ (ਏ ਸੀ ਸੀ) ਦੇ ਮੁਖੀ ਤੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਵਿਰੁੱਧ ਸਖਤ ਵਿਰੋਧ ਦਰਜ ਕਰੇਗਾ। ਦੁਬਈ ਵਿੱਚ ਭਾਰਤੀ ਟੀਮ ਵੱਲੋਂ ਨਕਵੀਂ ਹੱਥੋਂ ਏਸ਼ੀਆ ਕੱਪ ਟਰਾਫੀ ਲੈਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਨਕਵੀ ਨੇ ਚੈਂਪੀਅਨ ਟੀਮ ਨੂੰ ਟਰਾਫੀ ਹੀ ਨਹੀਂ ਦਿੱਤੀ। ਬੀ ਸੀ ਸੀ ਆਈ ਸਕੱਤਰ ਦੇਵਜੀਤ ਸੈਕੀਆ ਨੇ ਟੀਮ ਦੇ ਨਕਵੀ ਤੋਂ ਟਰਾਫੀ ਲੈਣ ਤੋਂ ਇਨਕਾਰ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ, 'ਭਾਰਤ ਉਸ ਵਿਅਕਤੀ ਤੋਂ ਟਰਾਫੀ ਸਵੀਕਾਰ ਨਹੀਂ ਕਰ ਸਕਦਾ, ਜੋ ਸਾਡੇ ਦੇਸ਼ ਵਿਰੁੱਧ ਜੰਗ ਛੇੜ ਰਿਹਾ ਹੈ। ਅਸੀਂ ਉਸ ਦੇ ਹੱਥੋਂ ਟਰਾਫੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਇਸ ਨਾਲ ਉਸ ਨੂੰ ਟਰਾਫੀ ਅਤੇ ਮੈਡਲ ਆਪਣੇ ਨਾਲ ਹੋਟਲ ਲਿਜਾਣ ਦੀ ਖੁੱਲ੍ਹ ਨਹੀਂ ਮਿਲ ਜਾਂਦੀ। ਇਹ ਬਹੁਤ ਬਚਕਾਨਾ ਹਰਕਤ ਹੈ ਅਤੇ ਅਸੀਂ ਨਵੰਬਰ ਦੇ ਪਹਿਲੇ ਹਫਤੇ ਦੁਬਈ ਵਿੱਚ ਹੋਣ ਵਾਲੀ ਆਈ ਸੀ ਸੀ ਦੀ ਮੀਟਿੰਗ ਵਿੱਚ ਸਖਤ ਵਿਰੋਧ ਦਰਜ ਕਰਾਂਗੇ।'

## ਮਾਤਾ ਅਜਮੇਰ ਕੌਰ ਇੰਸਾਂ ਦਾ ਸਰੀਰ ਮੈਡੀਕਲ ਖੋਜਾਂ ਲਈ ਕੀਤਾ ਦਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੇਰਾ ਸੱਚਾ ਸੌਦਾ ਵਲੋਂ ਸ਼ੁਰੂ ਕੀਤੇ ਮਨੁੱਖਤਾ ਭਲਾਈ ਕਾਰਜਾਂ ਤੋਂ ਪ੍ਰੇਰਨਾ ਲੈਂਦਿਆਂ ਬਲਾਕ ਪਾਤੜਾਂ ਦੇ ਪਿੰਡ ਚੁਨਾਗਰਾ ਦੀ ਵਸਨੀਕ ਮਾਤਾ ਅਜਮੇਰ ਕੌਰ ਇੰਸਾਂ ਦਾ ਮ੍ਰਿਤਕ ਸਰੀਰ ਮੈਡੀਕਲ ਕਾਲਜ ਲਖਨਊ ਉਤਰ ਪ੍ਰਦੇਸ਼ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ। ਮਾਤਾ ਅਜਮੇਰ ਕੌਰ ਇੰਸਾਂ ਬਹੁਤ ਲੰਮੇ ਸਮੇਂ ਤੋਂ ਡੇਰਾ ਸੱਚਾ ਸੌਦਾ ਨਾਲ ਜੁੜੇ ਹੋਏ ਸਨ।ਪਰਵਾਰਕ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਤਾ ਅਜਮੇਰ ਕੌਰ ਇੰਸਾਂ ਦੀਆਂ ਧੀਆਂ ਅਤੇ ਨੂੰਹਾਂ ਵਲੋਂ ਅਰਥੀ ਨੂੰ ਮੋਢਾ ਦੇ ਕੇ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਦੌਰਾਨ ਸੰਗਤ ਨੇ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸ਼ਿੰਗਾਰੀ ਹੋਈ ਐਂਬੂਲੈਂਸ ਰਾਹੀਂ ਪਿੰਡ ਵਿੱਚ ਕਾਫਲੇ ਦੇ ਰੂਪ ਵਿੱਚ ਚੱਕਰ ਲਗਾਇਆ ਗਿਆ।ਮਾਤਾ ਅਜਮੇਰ ਕੌਰ ਇੰਸਾਂ ਦੀ ਮ੍ਰਿਤਕ ਦੇਹ ਨੂੰ ਪਿੰਡ ਦੇ ਪਤਵੰਤੇ ਵਿਅਕਤੀਆਂ ਵਲੋਂ ਹਰੀ ਝੰਡੀ ਦਿਖਾ ਕੇ ਮੈਡੀਕਲ ਖੋਜਾਂ ਲਈ ਰਵਾਨਾ ਕੀਤਾ ਗਿਆ ।ਮ੍ਰਿਤਕ ਦੇਹ ਦੀ ਅੰਤਿਮ ਰਵਾਨਗੀ ਮੌਕੇ ਸੇਵਾਦਾਰ ਪੰਜਾਬ ਜਗਤਾਰ ਇੰਸਾਂ ਨੇ ਕਿਹਾ ਕਿ ਮਾਤਾ ਅਜਮੇਰ ਕੌਰ ਇੰਸਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ ਹੈ, ਜਿਸ ਲਈ ਅਸੀਂ ਸਮੂਹ ਸਾਧ ਸੰਗਤ ਵੱਲੋਂ ਇਸ ਕਾਰਜ ਲਈ ਮਾਤਾ ਜੀ ਦੇ ਪਰਵਾਰ ਦਾ ਧੰਨਵਾਦ ਕਰਦੇ ਹਾਂ।ਇਸ ਮੌਕੇ ਸੇਵਾਦਾਰ ਨਿਰਭੈ ਇੰਸਾਂ, ਸੁੱਖਾ ਇੰਸਾਂ, ਭੈਣ ਗੁਰਜੀਤ ਇੰਸਾਂ ਅਤੇ ਭੈਣ ਕੋਮਲ ਇੰਸਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਕਮੇਟੀ ਦੇ ਸੇਵਾਦਾਰ ਅਤੇ ਸਾਧ ਸੰਗਤ ਹਾਜ਼ਰ ਸੀ।

## ਅੰਗਹੀਣਾਂ ਦੀਆਂ ਹੱਕੀ ਮੰਗਾਂ ਜਲਦੀ ਪੂਰੀਆਂ ਕਰੇ ਪੰਜਾਬ ਸਰਕਾਰ : ਭਾਗੀਵਾਂਦਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਅੰਗਹੀਣ ਪੰਜਾਬ ਵਿੱਚ ਸਭ ਤੋਂ ਘੱਟ ਗਿਣਤੀ ਵਿੱਚ ਹਨ ਤੇ ਇਨ੍ਹਾਂ ਦੀਆਂ ਲੋੜਾਂ ਵੀ ਬਹੁਤ ਘੱਟ ਹਨ, ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਅੰਗਹੀਣ ਵਰਗ ਨੂੰ ਹਮੇਸ਼ਾ ਹੀ ਅਣਗੌਲਿਆ ਕੀਤਾ ਜਾ ਰਿਹਾ ਹੈ।ਅੰਗਹੀਣ ਵਰਗ ਇੱਕ ਤਾਂ ਪਹਿਲਾਂ ਹੀ ਕੁਦਰਤੀ ਕਰੋਪੀਆਂ ਦਾ ਸ਼ਿਕਾਰ ਹੈ ਤੇ ਦੂਜਾ ਇਨ੍ਹਾਂ ਸਰਕਾਰਾਂ ਦੀ ਅਣਦੇਖੀ ਕਰਕੇ ਕਦੇ ਲਾਕਡਾਊਨ ਦਾ ਸ਼ਿਕਾਰ ਕਦੇ ਮੀਹਾਂ ਤੇ ਹੜ੍ਹਾਂ ਦੀ ਮਾਰ ਅੰਗਹੀਣ ਵਰਗ ਉੱਪਰ ਪੈ ਰਹੀ ਹੈ।ਮਹਿੰਗਾਈ ਦੇ ਯੁੱਗ ਵਿੱਚ ਪੰਜਾਬ ਸਰਕਾਰ ਵੱਲੋਂ ਮਿਲਦੀ ਨਿਗੂਣੀ 1500 ਪੈਨਸ਼ਨ ਨਾਲ ਅੰਗਹੀਣ ਵਿਅਕਤੀ ਲਈ ਦੋ ਟਾਈਮ ਪੇਟ ਭਰਨ ਲਈ ਰੋਟੀ ਦਾ ਜੁਗਾੜ ਕਰਨਾ ਵੀ ਔਖਾ ਹੈ। ਸੰਯੁਕਤ ਦਿਵਿਆਂਗ ਮੋਰਚਾ ਪੰਜਾਬ ਇਕਾਈ ਬਠਿੰਡਾ ਦੇ ਜ਼ਿਲ੍ਹਾ ਪ੍ਰਧਾਨ ਗੁਰਜੰਟ ਸਿੰਘ ਭਾਗੀ ਵਾਂਦਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ 'ਚ ਤੇਜ਼ਾਬ ਪੀੜਤਾਂ ਵਾਂਗ ਅੰਗਹੀਣ ਵਰਗ ਦੀ ਅਲੱਗ ਕੈਟਾਗਰੀ ਬਣਾ ਕੇ ਉਨ੍ਹਾਂ ਨੂੰ ਵੀ ਤੇਜ਼ਾਬ ਪੀੜਤਾਂ ਵਾਂਗ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ ਤੇ ਯੋਗਤਾ ਅਨੁਸਾਰ ਰੁਜ਼ਗਾਰ ਦਿੱਤਾ ਜਾਵੇ ਅਤੇ ਉਮਰ ਹੱਦ ਪਾਰ ਕਰ ਚੁੱਕੇ ਅੰਗਹੀਣਾਂ ਨੌਕਰੀ ਲਈ ਉਮਰ ਹੱਦ ਵਿੱਚ ਛੋਂਡ ਦਿੱਤੀ ਜਾਵੇ। ਬੇਰੁਜ਼ਗਾਰ ਅੰਗਹੀਣਾਂ ਨੂੰ ਰੁਜ਼ਗਾਰ ਚਲਾਉਣ ਲਈ ਘੱਟੋ-ਘੱਟ ਦੋ ਲੱਖ ਰੁਪਏ ਦਾ ਲੋਨ ਬਿਨਾਂ ਕਿਸੇ ਗਰੰਟੀ ਤੋਂ ਦਿੱਤਾ ਜਾਵੇ ਤੇ ਸਿੱਖਿਆ ਅਤੇ ਸਿਹਤ ਸਹੂਲਤਾਂ ਫ੍ਰੀ ਦਿੱਤੀਆਂ ਜਾਣ ਤੇ ਅੰਗਹੀਣ ਵਰਗ ਨੂੰ ਪੰਜਾਬ ਸਰਕਾਰ ਮੀਹਾਂ ਅਤੇ ਹੜ੍ਹਾਂ ਕਾਰਨ ਨੁਕਸਾਨੇ ਅੰਗਹੀਣਾਂ ਦੇ ਮਕਾਨਾਂ ਦੀ ਜਲਦੀ ਸਪੈਸ਼ਲ ਗਿਰਦਾਵਰੀ ਕਰਵਾ ਕੇ ਯੋਗ ਮੁਆਵਜ਼ਾ ਦਿੱਤਾ ਜਾਵੇ ਅਤੇ 5 ਮਰਲੇ ਪਲਾਟ ਦੇ ਕੇ ਜਲਦੀ ਹੀ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਅੰਗਹੀਣ ਵਰਗ ਨੂੰ ਰਹਿਣ ਲਈ ਮਕਾਨ ਬਣਾ ਕੇ ਦਿੱਤੇ ਜਾਣ।

## ਸੰਧਵਾਂ ਤੇ ਸਤਿੰਦਰ ਜੈਨ ਜਹਾਜ਼ੀ ਹਵੇਲੀ ਪੁੱਜੇ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਆਪ ਦੇ ਸੂਬਾ ਸਹਿ-ਪ੍ਰਭਾਰੀ ਸਤਿੰਦਰ ਜੈਨ ਜਹਾਜ਼ ਹਵੇਲੀ ਦੇ ਚੱਲ ਰਹੇ ਨਿਰਮਾਣ ਕਾਰਜ ਦੇਖਣ ਪੁੱਜੇ।ਉਨ੍ਹਾਂ ਦਾ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਵਲੋਂ ਨਿੱਘਾ ਸਵਾਗਤ ਕੀਤਾ ਗਿਆ।ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਪ੍ਰਤੀਕ ਇਸ ਅਸਥਾਨ ਦਾ ਗੌਰਵਮਈ ਇਤਿਹਾਸ ਹੈ।ਉਨ੍ਹਾਂ ਕਿਹਾ ਕਿ ਜੀਵਨ ਦੀ ਸਥਾਪਤੀ ਲਈ ਇਤਿਹਾਸ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ ਤੇ ਸਮੇਂ ਦੇ ਯਥਾਰਥ ਨੂੰ ਜਾਨਣ ਲਈ ਅਧਿਐਨਾਤਮਕ ਨਜ਼ਰੀਆ ਰੱਖਣਾ ਚਾਹੀਦਾ ਹੈ।ਉਨ੍ਹਾਂ ਫਾਊਂਡੇਸ਼ਨ ਦੇ ਨੁਮਾਇੰਦਿਆਂ ਤੋਂ ਜਹਾਜ਼ ਹਵੇਲੀ ਦੇ ਨਿਰਮਾਣ ਕਾਰਜਾਂ ਬਾਰੇ ਜਾਣਕਾਰੀ ਹਾਸਲ ਕੀਤੀ।'ਆਪ' ਆਗੂ ਸਤਿੰਦਰ ਜੈਨ ਨੇ ਜਹਾਜ ਹਵੇਲੀ ਨਾਲ ਜੁੜੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਇਸ ਦੇ ਨਿਰਮਾਣ ਕਾਰਜਾਂ ਲਈ ਸੇਵਾਵਾਂ ਦੇਣ ਵਾਲੇ ਪਤਵੰਤਿਆਂ ਦੀ ਸ਼ਲਾਘਾ ਕੀਤੀ।ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਕਿਰਪਾਲ ਸਿੰਘ ਬਲਾਕੀਪੁਰ, ਮਹਾਰਾਣੀ ਪ੍ਰੀਤੀ ਸਿੰਘ ਨਾਭਾ, ਲਖਵਿੰਦਰ ਸਿੰਘ ਕੱਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ, ਅਮਰੀਕਾ ਦੇ ਸੰਧੂ ਭਰਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਜਹਾਜ਼ ਹਵੇਲੀ ਦੇ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ।

## ਸਵੱਛਤਾ ਪ੍ਰਦਰਸ਼ਨੀ ਦਿਵਸ ਧੂਮਧਾਮ ਨਾਲ ਮਨਾਇਆ




**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ 'ਚ ਸਵੱਛਤਾ ਪ੍ਰਦਰਸ਼ਨੀ ਦਿਵਸ ਬੜੇ ਉਤਸ਼ਾਹ ਤੇ ਜੋਸ਼ ਨਾਲ ਮਨਾਇਆ ਗਿਆ।ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ 'ਚ ਸਫ਼ਾਈ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਤੇ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਵਾਤਾਵਰਣ ਸਾਫ਼ ਸੁਥਰਾ ਰੱਖਣ ਲਈ ਪ੍ਰੇਰਤ ਕਰਨਾ ਸੀ।ਸਮਾਗਮ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਿਸ ਤੋਂ ਬਾਅਦ ਸਕੂਲ ਪ੍ਰਿੰਸੀਪਲ ਨੇ ਬੱਚਿਆਂ ਨੂੰ ਸਵੱਛਤਾ ਦੀ ਮਹੱਤਤਾ ਬਾਰੇ ਸੰਬੋਧਨ ਕੀਤਾ।ਵਿਦਿਆਰਥੀਆਂ ਨੇ ਆਪਣੇ-ਆਪਣੇ ਪ੍ਰੋਜੈਕਟਾਂ ਤੇ ਮਾਡਲਾਂ ਰਾਹੀਂ ਘਰ, ਸਕੂਲ ਤੇ ਸਮਾਜ ਨੂੰ ਸਾਫ਼ ਰੱਖਣ ਬਾਰੇ ਸੁਨੇਹੇ ਪ੍ਰਗਟ ਕੀਤੇ।ਕਿਸੇ ਨੇ ਪੋਸਟਰ ਬਣਾਕੇ ਸੰਦੇਸ਼ ਦਿੱਤਾ, ਕਿਸੇ ਨੇ ਮਾਡਲਾਂ ਰਾਹੀਂ ਪਲਾਸਟਿਕ-ਮੁਕਤ ਵਾਤਾਵਰਣ ਦੀ ਮਹੱਤਤਾ ਦੱਸੀ।ਬੱਚਿਆਂ ਨੇ ਸਫ਼ਾਈ ਨਾਲ ਸਬੰਧਤ ਨਾਟਕ, ਭਾਸ਼ਣ ਤੇ ਕਵਿਤਾਵਾਂ ਵੀ ਪੇਸ਼ ਕੀਤੀਆਂ, ਜੋ ਦਰਸ਼ਕਾਂ ਨੂੰ ਬਹੁਤ ਹੀ ਪਸੰਦ ਆਈਆਂ।ਸਕੂਲ ਦੇ ਅਧਿਆਪਕਾਂ ਨੇ ਵੀ ਬੱਚਿਆਂ ਦਾ ਹੌਸਲਾ ਵਧਾਇਆ ਤੇ ਉਨ੍ਹਾਂ ਨੂੰ ਦੱਸਿਆ ਕਿ ਸਵੱਛਤਾ ਸਿਰਫ਼ ਇੱਕ ਦਿਨ ਦੀ ਗਤੀਵਿਧੀ ਨਹੀਂ, ਸਗੋਂ ਇਹ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹੋਣੀ ਚਾਹੀਦੀ ਹੈ।ਆਖਰ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਵੱਛਤਾ ਪ੍ਰਦਰਸ਼ਨੀ 'ਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

## ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਵੈੱਲਫੇਅਰ ਸੰਸਥਾ ਵੱਲੋਂ ਦੋ ਪਰਵਾਰਾਂ ਦੀ ਆਰਥਿਕ ਮਦਦ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਵੈਲਫੇਅਰ ਸੰਸਥਾ (ਸਰੀ) ਕੈਨੇਡਾ ਵੱਲੋਂ ਪਿੰਡ ਠੀਕਰੀਵਾਲਾ 'ਚ ਭਾਰੀ ਬਾਰਸ਼ਾਂ ਨਾਲ ਗਰੀਬ ਪਰਵਾਰਾਂ ਦੇ ਢਹਿ ਗਏ ਘਰਾਂ ਦੀ ਮੁੜ ਉਸਾਰੀ ਲਈ ਆਰਥਿਕ ਮਦਦ ਕੀਤੀ।ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ ਔਲਖ, ਸਕੱਤਰ ਹਰਪਾਲ ਸਿੰਘ ਨੇ ਦੱਸਿਆ ਕਿ ਐਨ ਆਰ ਆਈ ਇਕਬਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਚੱਲ ਰਹੀ ਇਹ ਸਮਾਜ ਸੇਵੀ ਸੰਸਥਾ ਵੱਲੋਂ ਹਮੇਸ਼ਾ ਹੀ ਸਮੇਂ ਸਮੇਂ ਤੇ ਲੋੜਵੰਦ ਪਰਵਾਰਾਂ ਦੀ ਮਦਦ ਕੀਤੀ ਜਾਂਦੀ ਹੈ।ਉਹ ਭਾਵੇਂ ਕੈਨੇਡਾ 'ਚ ਹੋਵੇ ਜਾਂ ਪਿੰਡ ਠੀਕਰੀਵਾਲਾ 'ਚ।ਇਹ ਸੰਸਥਾ ਅਜਿਹੇ ਲੋਕ ਭਲਾਈ ਦੇ ਕੰਮਾਂ 'ਚ ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢ ਕੇ ਪ੍ਰਮਾਤਮਾ ਦੀ ਕਿਰਪਾ ਸਦਕਾ ਹਮੇਸ਼ਾ ਯੋਗਦਾਨ ਪਾਉਣ ਲਈ ਅੱਗੇ ਰਹਿੰਦੀ ਹੈ।ਕੈਨੇਡਾ ਸੰਸਥਾ ਵੱਲੋਂ ਭੇਜੀ ਰਾਸ਼ੀ ਤਹਿਤ ਗੁਰਪ੍ਰੀਤ ਸਿੰਘ ਪੁੱਤਰ ਬੱਗੜ ਸਿੰਘ ਨੂੰ ਦਸ ਹਜ਼ਾਰ ਰੁਪਏ ਅਤੇ ਹਰਜਿੰਦਰ ਸਿੰਘ ਪੁੱਤਰ ਭੋਲਾ ਸਿੰਘ ਔਲਖ ਪੱਤੀ ਨੂੰ ਵੀਹ ਹਜ਼ਾਰ ਰੁਪਏ ਦੀ ਆਰਥਿਕ ਮਦਦ ਦਿਤੀ ਗਈ।

## ਸ਼ਹੀਦ-ਏ-ਆਜਮ ਭਗਤ ਸਿੰਘ ਨੂੰ ਦਿੱਤੀ ਸ਼ਰਧਾਂਜਲੀ



**ਲੁਧਿਆਣਾ (ਰੈਕਟਰ ਕਥੂਰੀਆ)** ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 118ਵੇਂ ਜਨਮ ਦਿਹਾੜੇ ਮੌਕੇ ਸਰਾਭਾ ਨਗਰ ਵਿਖੇ ਆਯੋਜਤ ਸਮਾਗਮ ਦੌਰਾਨ ਕਾਂਗਰਸੀ ਵਰਕਰਾਂ ਵੱਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਦੀ ਅਗਵਾਈ ਹੇਠ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਦੀਵਾਨ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇਸ਼ ਦੇ ਕਰੋੜਾਂ ਲੋਕਾਂ ਲਈ ਪ੍ਰੇਰਨਾ ਦੇ ਸਰੋਤ ਹਨ, ਜਿਨ੍ਹਾਂ ਨੇ ਅੰਗਰੇਜ਼ੀ ਹਕੂਮਤ ਦੇ ਜ਼ੁਲਮ ਦੇ ਖਿਲਾਫ਼ ਆਵਾਜ਼ ਚੁੱਕੀ ਤੇ ਆਪਣੀ ਜਾਨ ਕੁਰਬਾਨ ਕਰਕੇ ਨੌਜਵਾਨਾਂ ਨੂੰ ਦੇਸ਼ ਭਗਤੀ ਦਾ ਰਾਹ ਦਿਖਾਇਆ। ਦੀਵਾਨ ਨੇ ਜ਼ੋਰ ਦਿੰਦਿਆਂ ਕਿਹਾ ਕਿ ਆਜ਼ਾਦੀ ਗੁਲਾਟੀਆਂ ਦੇ ਵਿਚਾਰਾ ਉੱਪਰ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਵੱਖ-ਵੱਖ ਮਾਮਲਿਆਂ ਵਿੱਚ ਚਾਰ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਭੈਣੀ ਮੀਆਂ ਖਾਂ ਦੇ ਏਐੱਸਆਈ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਭੈਣੀ ਮੀਆਂ ਖਾਂ ਤੋਂ ਇਕ ਨੌਜਵਾਨ ਜਿਸ ਦਾ ਨਾਂਅ ਜਰਨੈਲ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਬੁੱਢਾਬਾਲਾ ਹੈ, ਪਾਸੋਂ 15000 ਐੱਮਐੱਲ ਨਜਾਇਜ਼ ਸ਼ਰਾਬ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਕਲਾਨੌਰ ਦੇ ਏਐੱਸਆਈ ਸੁਲੱਖਣ ਸਿੰਘ ਨੇ ਸਮੇਤ ਸਾਥੀ ਕਰਮਚਾਰੀਆਂ ਟੀ ਪੁਆਇੰਟ ਡੇਹਰੀਵਾਲ ਕਿਰਨ ਤੋਂ ਚਮਨ ਲਾਲ ਪੁੱਤਰ ਦੇਸ ਰਾਜ ਵਾਸੀ ਦੇਸਤਪੁਰ ਤੋਂ 7500 ਐੱਮ. ਐੱਲ. ਨਜਾਇਜ਼ ਸ਼ਰਾਬ ਬਰਾਮਦ ਹੋਈ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਮਹਿੰਦਰ ਪਾਲ ਨੇ ਗੰਦਾ ਨਾਲਾ ਬਟਾਲਾ ਰੋਡ ਤੋਂ ਗੌਰਵ ਪੁੱਤਰ ਵਿਨੋਦ ਕੁਮਾਰ ਵਾਸੀ ਭੁਲਣਾ ਮਹਿਲ ਗੁਰਦਾਸਪੁਰ ਪਾਸੋਂ ਸਿਲਵਰ ਪੇਪਰ ਹੈਰੋਇਨ ਅਲੂਦ ਇਕ ਲਾਈਟਰ, 10 ਰੁਪਏ ਦੇ ਨੋਟ ਬਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਦੋਰਾਂਗਲਾ ਦੇ ਏਐੱਸਆਈ ਭੁਪਿੰਦਰ ਸਿੰਘ ਨੇ ਸਮੇਤ ਸਾਥੀ ਕਰਮਚਾਰੀਆਂ ਪਿੰਡ ਖੁੱਥੀ ਟੀ-ਪੁਆਇੰਟ ਨੇੜੇ ਤੋਂ ਇਕ ਮੋਨੇ ਵਿਅਕਤੀ ਨੂੰ ਸਮੇਤ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਂਅ ਅਰਜਨ ਕੁਮਾਰ ਉਰਫ ਰੋਕੀ ਪੁੱਤਰ ਲੇਟ ਕੇਵਲ ਕ੍ਰਿਸ਼ਨ ਵਾਸੀ ਮੁਗਲਾਨੀ ਚੱਕ ਦੱਸਿਆ ਜਿਸ ਪਾਸੋਂ ਇੱਕ ਲਾਇਟਰ, ਸਿਲਵਰ ਪੰਨੀ ਹੈਰੋਇਨ ਅਲੂਦ, 10 ਰੁਪਏ ਦਾ ਨੋਟ ਬਰਾਮਦ ਹੋਇਆ। ਪੁਲਸ ਇਨ੍ਹਾਂ ਸਾਰੇ ਨਸ਼ਾ ਤਸਕਰਾਂ ਖ਼ਿਲਾਫ਼ ਆਬਕਾਰੀ ਅਤੇ ਐੱਨਡੀਪੀਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ 118ਵਾਂ ਜਨਮ ਦਿਹਾੜਾ ਮਨਾਇਆ

**● ਅੱਜ ਦੇ ਪ੍ਰਸੰਗ 'ਚ ਭਗਤ ਸਿੰਘ ਦੀ ਸ਼ਹਾਦਤ ਅਤੇ ਸਿਧਾਂਤ ਵਿਸ਼ੇ 'ਤੇ ਕੀਤੀ ਵਿਚਾਰ ਚਰਚਾ**

**ਬਟਾਲਾ, ਧਾਰੀਵਾਲ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ, ਮਨਦੀਪ ਸਿੰਘ ਵਿੱਕੀ)**- ਲੋਕ ਚੇਤਨਾ ਮੰਚ ਬਟਾਲਾ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਗੁਰਦਾਸਪੁਰ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ 28 ਸਤੰਬਰ ਨੂੰ ਸ਼ਹੀਦ ਸੁੱਖਾ ਸਿੰਘ, ਮਹਿਤਾਬ ਸਿੰਘ ਚੌਕ ਵਿਖੇ ਮਨਾਇਆ ਗਿਆ। ਵੱਡੇ ਸਮਾਗਮ ਤੋਂ ਬਾਅਦ ਚੇਤਨਾ ਦੇ ਪ੍ਰਤੀਕ ਵਜੋਂ ਮੋਮਬੱਤੀਆਂ ਬਾਲ ਕੇ ਮਾਰਚ ਕੀਤਾ ਗਿਆ।ਸਮਾਗਮ ਦੀ ਖਾਸ ਖਿੱਚ ਇਹ ਰਹੀ ਕਿ ਇਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਭਗਤ ਸਿੰਘ ਬਾਰੇ ਡਾ. ਅਨੂਪ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਭਗਤ ਸਿੰਘ ਹੋਣ ਦੇ ਅਰਥ' ਵਿਚ ਦਰਜ ਵੱਖ-ਵੱਖ ਲੇਖਕਾਂ ਦੇ 27 ਲੇਖਾਂ 'ਤੇ ਵਿਚਾਰ ਚਰਚਾ ਹੋਈ।ਸਮਾਗਮ ਦੀ ਪ੍ਰਧਾਨਗੀ ਸੁਖਦੇਵ ਸਿੰਘ ਪ੍ਰੇਮੀ, ਡਾ. ਦਲਬੀਰ ਮਸੀਹ ਚੌਧਰੀ, ਡਾ. ਅਨੂਪ ਸਿੰਘ, ਡਾ. ਸਤਿੰਦਰ ਰੈਬੀ, ਵਰਗਿਸ ਸਲਾਮਤ ਅਤੇ ਹਰਜਿੰਦਰ ਸਿੰਘ ਵਡਾਲਾ ਬਾਂਗਰ ਨੇ ਕੀਤੀ।ਇਸ ਸਮਾਗਮ ਵਿੱਚ ਖੱਬੇ ਪੱਖੀ ਆਗੂ ਕਾ. ਗੁਰਮੀਤ ਸਿੰਘ ਬਖ਼ਤਪੁਰ, ਕਾ. ਰਘਬੀਰ ਸਿੰਘ ਪਕੀਵਾਂ, ਕਾ. ਰਣਵੀਰ ਸਿੰਘ ਵਿਰਕ, ਕਾ. ਗੁਲਜ਼ਾਰ ਸਿੰਘ ਬਸੰਤਕੋਟ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਕਵੀਆਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸਮਰਪਿਤ ਕਵਿਤਾਵਾਂ ਅਤੇ ਗੀਤਕਾਰਾਂ ਨੇ ਗੀਤ ਸੁਣਾਏ।ਮੰਚ ਦੇ ਪ੍ਰਧਾਨ ਡਾ. ਦਲਬੀਰ ਮਸੀਹ ਚੌਧਰੀ ਨੇ ਸਵਾਗਤੀ ਭਾਸ਼ਣ ਵਿਚ ਭਗਤ ਸਿੰਘ ਦੇ ਫਲਸਫ਼ੇ ਦੀ ਮਹੱਤਤਾ ਦੱਸੀ।ਬਲਵਿੰਦਰ ਗੰਭੀਰ ਨੇ ਅੱਜ ਦੇ ਪ੍ਰਸੰਗ ਵਿੱਚ ਭਗਤ ਸਿੰਘ ਦੀ ਸ਼ਹਾਦਤ ਅਤੇ ਸਿਧਾਂਤ ਵਿਸ਼ੇ 'ਤੇ ਵਿਚਾਰ ਚਰਚਾ ਕੀਤੀ।ਡਾ. ਅਨੂਪ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਸਿਰਫ਼ ਇਕ ਵਿਅਕਤੀ ਦਾ ਜਨਮ ਦਿਨ ਨਹੀਂ ਸਗੋਂ ਇੱਕ ਨਵੀਂ ਸੋਚ ਤੇ ਨਵੇਂ ਵਿਚਾਰਾਂ ਦਾ ਦਿਹਾੜਾ ਹੈ।ਬਲਵਿੰਦਰ ਗੰਭੀਰ ਨੇ ਕਿਹਾ ਕਿ ਭਗਤ ਸਿੰਘ ਇਕ ਵਿਅਕਤੀ ਨਹੀਂ, ਆਪਣੇ ਸਮੇਂ ਦੇ ਨੌਜਵਾਨਾਂ ਦੀ ਪੂਰੀ ਨਸਲ ਸੀ ਜੋ ਆਜ਼ਾਦੀ ਦੇ ਨਾਲ-ਨਾਲ ਸਮਾਜਵਾਦ ਦੇ ਵਿਚਾਰ ਤੱਕ ਵੀ ਪਹੁੰਚੇ ਸਨ।ਚੌਧਰੀ ਦਲਬੀਰ ਮਸੀਹ ਨੇ ਕਿਹਾ ਕਿ ਅੰਨ੍ਹੇ ਰਾਸ਼ਟਰਵਾਦ, ਬਹੁਗਿਣਤੀਵਾਦ ਅਤੇ ਅਸਹਿਣਸ਼ੀਲਤਾ ਦੇ ਅਜੋਕੇ ਦੌਰ ਵਿੱਚ ਭਗਤ ਸਿੰਘ ਅਤੇ ਸਾਥੀਆਂ ਦੇ ਵਿਚਾਰ ਹੋਰ ਵੀ ਪ੍ਰਸੰਗਕ ਹੋ ਗਏ ਹਨ। ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ ਨੇ ਵਿਦਿਆਰਥੀਆਂ ਨੂੰ ਭਗਤ ਸਿੰਘ ਦੀ ਸੋਚ ਨਾਲ ਜੁੜਨ ਦਾ ਸੁਨੇਹਾ ਦਿੱਤਾ। ਡਾ. ਅਨੂਪ ਸਿੰਘ ਨੇ ਕਿਹਾ ਕਿ ਭਗਤ ਸਿੰਘ ਦੀ ਉਸਤਤ ਕਰਨ ਦੀ ਥਾਂ ਉਸਦੀ ਸੋਚ ਨੂੰ ਅਪਨਾਉਣ ਦੀ ਲੋੜ ਹੈ।ਮੰਚ ਸੰਚਾਲਨ ਕਰਦਿਆਂ ਹਰਜਿੰਦਰ ਸਿੰਘ ਵਡਾਲਾ ਬਾਂਗਰ ਨੇ ਭਗਤ ਸਿੰਘ ਦੀ ਸੋਚ ਦੇ ਨਾਅਰਿਆਂ ਦੀ ਛਹਿਬਰ ਲਗਾਈ। ਨਸ਼ਿਆਂ ਦੇ ਵਿਰੁੱਧ ਲੜਾਈ ਲੜ ਰਹੇ ਸੰਯੁਕਤ ਲੋਕਚਾਰਾ ਕੌਂਸ ਰਾਜ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਮੰਚ ਦੇ ਸਰਪ੍ਰਸਤ ਸੁਖਦੇਵ ਸਿੰਘ ਨੇ ਦੱਸਿਆ ਕਿ ਸਮਾਗਮ ਵਿੱਚ ਲੇਖਕਾਂ, ਗਾਇਕਾਂ, ਸਮਾਜ ਸੇਵੀਆਂ ਤੋਂ ਇਲਾਵਾ ਅਨੇਕਾਂ ਬੁੱਧੀਜੀਵੀਆਂ ਨੇ ਭਾਗ ਲਿਆ।



# ਪੇਂਡੂ ਸੰਪਰਕ ਸੜਕਾਂ ਦੇ ਬਰਮਾਂ ਨੂੰ ਕਿਸਾਨਾਂ ਨੇ ਖੇਤਾਂ 'ਚ ਮਿਲਾ ਲਿਆ; ਇਕੋ ਸਮੇਂ ਦੋ ਵਾਹਨਾਂ ਦਾ ਲੰਘਣਾ ਹੋਇਆ ਔਖਾ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਅੰਦਰ ਦਿਹਾਤੀ ਖੇਤਰ ਦੀਆਂ ਸੰਪਰਕ ਸੜਕਾਂ ਦੇ ਬਰਮਾਂ ਨੂੰ ਕਿਸਾਨਾਂ ਨੇ ਆਪਣੇ ਖੇਤਾਂ ਵਿੱਚ ਮਿਲਾ ਲਿਆ ਹੈ ਅਤੇ ਇਨ੍ਹਾਂ ਸੜਕਾਂ ਤੋਂ ਦੋ ਵਾਹਨਾਂ ਦਾ ਆਪਸ ਵਿੱਚ ਗੁਜ਼ਰਨਾ ਔਖਾ ਹੋ ਗਿਆ ਹੈ ਜਿਸ ਕਾਰਨ ਗੁਰਦਾਸਪੁਰ ਜ਼ਿਲ੍ਹੇ ਦੇ ਲੋਕਾਂ ਦਾ ਮੰਡੀ ਬੋਰਡ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਭਾਜਪਾ ਆਗੂ ਮੁਲਖ ਰਾਜ ਨਡਾਲਾ, ਹੋਰ ਜਥੇਬੰਦੀਆਂ ਦੇ ਆਗੂਆਂ ਤਰਸੇਮ ਸਿੰਘ ਚੇਅਰਮੈਨ ਅਤੇ ਮਾਸਟਰ ਪ੍ਰਤਾਪ ਸਿੰਘ ਸੈਣੀ ਨੇ ਦੱਸਿਆ ਕਿ ਸ੍ਰੀ ਗੁਰਦੁਆਰਾ ਬੀਬੀ ਸੁੰਦਰੀ ਚੌਂਕ ਨੂੰ ਸੜਕ ਨਵਾਂ ਪਿੰਡ ਬਹਾਦਰ ਤੱਕ ਬਣਾ ਦਿੱਤੀ ਗਈ ਹੈ ਅਤੇ ਬਰਮ ਬਿਲਕੁਲ ਮਿੱਟੀ ਤੋਂ ਬਗੈਰ ਹਨ ਤੇ ਦਿਹਾਤੀ ਪਿੰਡਾਂ ਦੀਆਂ ਅਨੇਕਾਂ ਸੜਕਾਂ ਅਜਿਹੀਆਂ ਹਨ ਜਿਨ੍ਹਾਂ ਦੇ ਬਰਮ ਮਿੱਟੀ ਤੋਂ ਵਾਂਝੇ ਹਨ।ਉਨ੍ਹਾਂ ਦੱਸਿਆ ਕਿ ਇਹ ਮਾਮਲਾ ਕਈ ਵਾਰ ਅਧਿਕਾਰੀ ਦੇ ਧਿਆਨ ਹਿੱਤ ਲਿਆਂਦਾ ਗਿਆ ਹੈ ਪਰ ਉਹ ਵੀ ਇਸ ਪਾਸੇ ਧਿਆਨ ਨਹੀਂ ਦੇ ਰਹੇ। ਉਨ੍ਹਾਂ ਦੱਸਿਆ ਕਿ ਸ਼ਾਮ ਤੇ ਸਵੇਰ ਸਮੇਂ ਸੰਪਰਕ ਸੜਕਾਂ 'ਤੇ ਸਕੂਲੀ ਬੱਸਾਂ ਗੁਜ਼ਰਦੀਆਂ ਹਨ ਜੋ ਆਸਾਨੀ ਨਾਲ ਕਰਾਸ ਨਹੀਂ ਹੁੰਦੀਆਂ। ਉਨ੍ਹਾਂ ਦੇ ਸਕੂਲ ਆਉਣ-ਜਾਣਾ ਵਿੱਚ ਵਿਘਨ ਪੈ ਜਾਂਦਾ ਹੈ ਅਤੇ ਇੱਥੋਂ ਤੱਕ ਕਿ ਕਈ ਵਾਰ ਬੱਸਾਂ ਬਰਮਾਂ ਤੋਂ ਹੇਠਾਂ ਜ਼ਮੀਨ ਵਿੱਚ ਡਿੱਗ ਪੈਂਦੀਆਂ ਹਨ। ਉਨ੍ਹਾਂ ਦੱਸਿਆ ਕਿ ਮਹਿਕਮਾ ਬੇਸ਼ੀ ਜਿਹੀ ਸਖਤੀ ਵਰਤ ਕੇ ਦੁਬਾਰਾ ਠੁੱਸ ਹੋ ਜਾਂਦਾ ਹੈ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਗੁਰਦਾਸਪੁਰ ਜ਼ਿਲ੍ਹੇ ਅੰਦਰ ਸੰਪਰਕ ਸੜਕਾਂ ਦੀ ਗਿਣਤੀ ਕਰਕੇ ਬਰਮਾਂ 'ਤੇ ਮਿੱਟੀ ਪਵਾਈ ਜਾਵੇ ਤਾਂ ਜੋ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ।



# ਟੀ ਸੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੰਡਰਲੈਂਡ ਦੀ ਫੇਰੀ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਟੀ. ਸੀ. ਇੰਟਰਨੈਸ਼ਨਲ ਸਕੂਲ ਨੇ ਵਿਸ਼ਵ ਸੈਰ-ਸਪਾਟਾ ਦਿਵਸ ਦੇ ਮੌਕੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੂੰ ਜਲੰਧਰ ਦੇ ਵੰਡਰਲੈਂਡ ਅਮਿਊਜ਼ਮੈਂਟ ਅਤੇ ਵਾਟਰ ਪਾਰਕ ਦੀ ਯਾਤਰਾ ਕਰਵਾਈ ਗਈ।ਇਸ ਮੌਕੇ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੈਰ-ਸਪਾਟੇ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਸੈਰ-ਸਪਾਟਾ ਨਾ ਸਿਰਫ਼ ਸਾਨੂੰ ਨਵੀਆਂ ਥਾਵਾਂ ਅਤੇ ਸੱਭਿਆਚਾਰਾਂ ਨਾਲ ਜਾਣੂ ਕਰਵਾਉਂਦਾ ਹੈ, ਸਗੋਂ ਸਾਡੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੈਰ-ਸਪਾਟਾ ਸਾਨੂੰ ਵੱਖ-ਵੱਖ ਸੱਭਿਆਚਾਰਾਂ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਸਾਨੂੰ ਇੱਕ ਦੂਜੇ ਨਾਲ ਜੁੜਨ ਅਤੇ ਸਮਝਣ ਵਿੱਚ ਮਦਦ ਕਰਦਾ ਹੈ।ਵਿਦਿਆਰਥੀਆਂ ਨੇ ਵਾਟਰ ਪਾਰਕ ਵਿੱਚ ਮਸਤੀ ਕੀਤੀ ਅਤੇ ਵੱਖ-ਵੱਖ ਸਵਾਰੀਆਂ ਦਾ ਆਨੰਦ ਮਾਣਿਆ। ਉਨ੍ਹਾਂ ਨੇ ਨਵੀਆਂ ਥਾਵਾਂ ਦੀ ਪੜਚੋਲ ਕੀਤੀ ਅਤੇ ਆਪਣੇ ਦੋਸਤਾਂ ਨਾਲ ਮਸਤੀ ਕੀਤੀ।ਇਹ ਯਾਤਰਾ ਵਿਦਿਆਰਥੀਆਂ ਲਈ ਇੱਕ ਯਾਦਗਾਰੀ ਅਨੁਭਵ ਸੀ, ਜਿਸ ਨਾਲ ਉਨ੍ਹਾਂ ਨੂੰ ਸੈਰ-ਸਪਾਟੇ ਦੀ ਮਹੱਤਤਾ ਬਾਰੇ ਸਿੱਖਣ ਦਾ ਮੌਕਾ ਮਿਲਿਆ। ਟੀ. ਸੀ. ਇੰਟਰਨੈਸ਼ਨਲ ਸਕੂਲ ਵੱਲੋਂ ਇਹ ਪਹਿਲਕਦਮੀ ਵਿਦਿਆਰਥੀਆਂ ਨੂੰ ਸੈਰ-ਸਪਾਟੇ ਦੀ ਮਹੱਤਤਾ ਬਾਰੇ ਸਿੱਖਿਅਤ ਕਰਨ ਅਤੇ ਉਨ੍ਹਾਂ ਨੂੰ ਨਵੀਆਂ ਚੀਜ਼ਾਂ ਦਾ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਇੱਕ ਸ਼ਲਾਘਾਯੋਗ ਕਦਮ ਹੈ।ਸਕੂਲ ਦਾ ਉਦੇਸ਼ ਨਾ ਸਿਰਫ਼ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਨਾ ਹੈ, ਸਗੋਂ ਉਨ੍ਹਾਂ ਨੂੰ ਜੀਵਨ ਦੇ ਵੱਖ-ਵੱਖ ਪਹਿਲੂਆਂ ਨਾਲ ਜਾਣੂ ਕਰਵਾਉਣਾ ਵੀ ਹੈ।

# ਖ਼ੂੰਖਾਰ ਆਵਾਰਾ ਕੁੱਤਿਆਂ ਨੇ ਮਚਾਈ ਦਹਿਸ਼ਤ; ਬਜ਼ੁਰਗਾਂ ਅਤੇ ਬੱਚਿਆਂ ਨੂੰ ਘਰੋਂ ਬਾਹਰ ਨਿਕਲਣ 'ਤੇ ਵੀ ਡਰ ਲੱਗਦੈ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਹਰਿਆਣਾ-ਹਾਈਕੋਰਟ ਨੇ ਕੁੱਤਿਆਂ ਦੀ ਨਸਬੰਦੀ ਕਰਨ ਦੇ ਕਈ ਹੁਕਮ ਜਾਰੀ ਕੀਤੇ ਹਨ ਪਰ ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਨੂੰ ਗੰਭੀਰਤਾ ਨਾਲ ਬਿਕੁਲ ਨਹੀਂ ਲੈਂਦਾ ਅਤੇ ਇਹ ਆਵਾਰਾ ਕੁੱਤੇ ਲੋਕਾਂ ਦੀ ਜਾਨ ਦਾ ਖੌਅ ਬਣੇ ਹੋਏ ਹਨ। ਇਥੋਂ ਤੱਕ ਰਾਹਗੀਰਾਂ ਨੂੰ ਕਈ ਕਾਰ ਕੁੱਤਿਆਂ ਵੱਲੋਂ ਕੱਟਿਆ ਗਿਆ ਹੈ ਅਤੇ ਕਈ ਵਾਰ ਜਾਨੀ ਨੁਕਸਾਨ ਵੀ ਹੋਇਆ ਹੈ। ਇਸੇ ਤਰ੍ਹਾਂ ਗੁਰਦਾਸਪੁਰ ਸ਼ਹਿਰ ਅਤੇ ਆਲੇ ਦੁਆਲੇ ਦੇ ਕਸਬਿਆਂ ਅੰਦਰ ਖ਼ੂੰਖਾਰ ਕੁੱਤਿਆਂ ਦੀ ਦਹਿਸ਼ਤ ਤੋਂ ਲੋਕ ਕਾਫੀ ਚਿੰਤਤ ਹਨ। ਇਸ ਪਾਸੇ ਪ੍ਰਸ਼ਾਸਨ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਦਾ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਸੀਨੀਅਰ ਸਿਟੀਜ਼ਨ ਮੱਖਣ ਸਿੰਘ ਤੇ ਤਰਲੋਚਨ ਸਿੰਘ ਵਾਸੀ ਓਂਕਾਰ ਨਗਰ ਗੁਰਦਾਸਪੁਰ ਨਾਲ ਦੱਸਿਆ ਕਿ ਉਹ ਰੋਜ਼ਾਨਾ ਸਵੇਰੇ ਸਮੇਂ ਪੁਲਸ ਲਾਈਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਜਾਂਦੇ ਹਨ ਅਤੇ ਅਕਸਰ ਹੀ ਸੈਣੀ ਗੈਸਟ ਹਾਊਸ ਵਾਲੀ ਗਲੀ ਵਿੱਚੋਂ ਲੰਘ ਕੇ ਜਾਂਦੇ ਹਨ ਜਿਸ ਵਿੱਚ ਵੱਡੀ ਗਿਣਤੀ ਵਿੱਚ ਝੁੰਡਾਂ ਦੇ ਰੂਪ ਵਿੱਚ ਖ਼ੂੰਖਾਰ ਕੁੱਤੇ ਬੈਠੇ ਹੁੰਦੇ ਹਨ ਜਿਨ੍ਹਾਂ ਦੀ ਦਹਿਸ਼ਤ ਤੋਂ ਡਰ ਲੱਗਦਾ ਹੈ ਕਿਉਂ ਜੋ ਇਹ ਕੁੱਤੇ ਕਿਸੇ ਵੇਲੇ ਵੀ ਕੱਟ ਸਕਦੇ ਹਨ। ਉਨ੍ਹਾਂ ਦੱਸਿਆ ਕਿ ਉਂਝ ਤਾਂ ਹਰ ਗਲੀ ਮੁਹੱਲੇ ਵਿੱਚ ਆਵਾਰਾ ਕੁੱਤੇ ਘੁੰਮਦੇ ਰਹਿੰਦੇ ਹਨ ਜਿਸ ਨਾਲ ਲੋਕ ਕਾਫੀ ਦੁਖੀ ਹੁੰਦੇ ਹਨ। ਬਿਆਨ ਕਰਤਾਵਾਂ ਨੇ ਦੱਸਿਆ ਕਿ ਕੁੱਤਿਆਂ ਦੀ ਇੰਨੀ ਭਰਮਾਰ ਹੈ ਕਿ ਲੋਕ ਡਰਦੇ ਮਾਰੇ ਘਰੋਂ ਬਾਹਰ ਨਹੀਂ ਨਿਕਲਦੇ ਅਤੇ ਕਈ ਵਾਰ ਬੱਚੇ, ਬਜ਼ੁਰਗ ਨੂੰ ਕੁੱਤੇ ਪੈ ਜਾਂਦੇ ਹਨ ਜਿਸ ਨਾਲ ਕਾਫ਼ੀ ਲੋਕ ਜ਼ਖਮੀ ਵੀ ਹੋ ਜਾਂਦੇ ਹਨ। ਕਹਿਣਾ ਹੈ ਕਿ ਕਈ ਵਾਰ ਇਹ ਆਵਾਰਾ ਕੁੱਤੇ ਬੱਚਿਆਂ ਅਤੇ ਬਜ਼ੁਰਗ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਉਨ੍ਹਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਇਨ੍ਹਾਂ ਆਵਾਰਾ ਕੁੱਤਿਆਂ ਦਾ ਕੋਈ ਨਾ ਕੋਈ ਪੱਕਾ ਹੱਲ ਕੀਤਾ ਜਾਵੇ।





# ਸੰਦੀਪ ਸਿੰਘ ਏ ਆਰ ਜੰਡਿਆਲਾ ਗੁਰੂ ਹਲਕੇ ਦੇ ਇੰਚਾਰਜ ਨਿਯੁਕਤ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਸਰ ਵਿਖੇ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਵਿਸਥਾਰਤ ਵਿਚਾਰ-ਵਟਾਂਦਰੇ ਤੋਂ ਬਾਅਦ ਐਲਾਨ ਕੀਤਾ ਕਿ ਸੰਦੀਪ ਸਿੰਘ ਏ. ਆਰ. ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਦੇ ਇੰਚਾਰਜ ਹੋਣਗੇ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਦੀਪ ਸਿੰਘ ਨੇ ਕਿਹਾ ਕਿ ਮੈਂ ਤਨ ਮਨ ਨਾਲ ਹਲਕੇ ਦੀ ਸੇਵਾ ਕਰਾਂਗਾ ਤੇ ਪਾਰਟੀ ਵੱਲੋਂ ਜੋ ਮੇਰੇ ਉਪਰ ਵਿਸ਼ਵਾਸ ਹੈ ਮੈਂ ਉਸਨੂੰ ਆਪਣੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਰਾਤ ਦਿਨ ਇੱਕ ਕਰ ਦੇਵਾਂਗਾ ਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਾਂਗਾ। ਮੈਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੇਰੇ 'ਤੇ ਵਿਸ਼ਵਾਸ ਕਰਕੇ ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ ਤੇ ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਆਪਣੇ ਪਿਤਾ ਸਾਬਕਾ ਐੱਮਐੱਲਏ ਸਵ. ਮਲਕੀਤ ਸਿੰਘ ਏ. ਆਰ. ਵਾਂਗ ਸੇਵਾ ਕਰਾਂਗਾ ਤੇ ਪਾਰਟੀ ਦਾ ਨਾਂਅ ਰੌਸ਼ਨ ਕਰਾਂਗਾ।

# ਡੇਰਾ ਬਾਬਾ ਭਾਈ ਸਾਲ੍ਹੋ ਜੀ ਮਜੀਠਾ ਵਿਖੇ ਧਾਰਮਿਕ ਦੀਵਾਨ ਸਜਾਏ

**ਮਜੀਠਾ (ਸੋਇਮ ਆਨੰਦ)**- ਸ਼੍ਰੀ ਗੁਰੂ ਰਾਮ ਦਾਸ ਜੀ ਦੇ ਅਨਿਨ ਸੇਵਕ, ਪੁੱਤਰਾਂ ਦੇ ਦਾਨੀ ਧੰਨ-ਧੰਨ ਬਾਬਾ ਭਾਈ ਸਾਲ੍ਹੋ ਜੀ ਦਾ ਪਵਿੱਤਰ ਜਨਮ ਦਿਹਾੜਾ ਡੇਰਾ ਬਾਬਾ ਭਾਈ ਸਾਲ੍ਹੋ ਜੀ ਮਜੀਠਾ ਵਿਖੇ ਬਾਬਾ ਭਾਈ ਸਾਲ੍ਹੋ ਜੀ ਦੀ ਅੰਸਬੰਸ ਬਾਬਾ ਹਰਪਿੰਦਰ ਸਿੰਘ ਦੀ ਅਗਵਾਈ ਵਿਚ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ।ਅੰਮ੍ਰਿਤ ਵੇਲੇ ਚੱਲ ਰਹੇ ਸ਼੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪੈਣ ਉਪਰੰਤ ਬਾਹਰ ਖੁੱਲ੍ਹੇ ਪੰਡਾਲ ਵਿਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਰ ਅੰਮ੍ਰਿਤਸਰ, ਭਾਈ ਗੁਰਵਿੰਦਰ ਸਿੰਘ ਕਥਾਵਾਚਕ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਗਿਆਨੀ ਸਤਨਾਮ ਸਿੰਘ ਲਾਲੂ ਘੁੰਮਣ ਵਾਲੇ, ਭਾਈ ਗੁਰਜੰਟ ਸਿੰਘ ਬੈਂਕਾਂ, ਭਾਈ ਮੰਗਤ ਸਿੰਘ ਝਾੜ ਸਹਿਬ ਵਾਲਿਆਂ ਨੇ ਮਨੋਹਰ ਗੁਰਬਾਣੀ ਕੀਰਤਨ, ਢਾਡੀ ਵਾਰਾਂ, ਕਵੀਸ਼ਰੀ ਅਤੇ ਗੁਰਮਤਿ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਧਾਰਮਿਕ ਸਮਾਗਮ ਵਿਚ ਬਿਕਰਮ ਸਿੰਘ ਮਜੀਠੀਆ ਅਤੇ ਪਰਿਵਾਰ ਦੀ ਤਰਫੋਂ ਐਡਵੋਕੇਟ ਰਾਕੇਸ਼ ਪ੍ਰਾਸ਼ਰ ਆਪਣੇ ਸਾਥੀਆਂ ਸਮੇਤ ਨਤਮਸਤਕ ਹੋਏ ਜਿਨ੍ਹਾਂ ਨੇ ਮਨੋਹਰ ਗੁਰਬਾਣੀ ਕੀਰਤਨ ਸਰਵਣ ਕੀਤਾ।ਇਸ ਧਾਰਮਿਕ ਸਮਾਗਮ ਵਿਚ ਦੂਰ ਦੁਰੇਡੇ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਆਈਆਂ ਅਤੇ ਧੰਨ-ਧੰਨ ਬਾਬਾ ਭਾਈ ਸਾਲ੍ਹੋ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸੰਗਤਾਂ ਵੱਲੋ ਮੰਨਤਾਂ ਪੂਰੀਆਂ ਹੋਣ ਤੇ ਸ਼ਰਧਾ ਅਨੁਸਾਰ ਭੇਟਾਵਾਂ ਅਰਪਿਤ ਕੀਤੀਆਂ ਗਈਆਂ।ਸੰਗਤਾਂ ਵਾਸਤੇ ਗੁਰੂ ਦੇ ਅਤੁੱਟ ਲੰਗਰ ਸਾਰਾ ਦਿਨ ਚਲਦੇ ਰਹੇ।

# ਹੜ੍ਹ ਪੀੜਤਾਂ ਲਈ ਆਰਐੱਮਪੀ ਡਾਕਟਰਾਂ ਨੇ ਪੱਖੋਕੇ, ਟਾਹਲੀ ਤੇ ਹਰੂਵਾਲ 'ਚ ਮੈਡੀਕਲ ਕੈਂਪ ਲਗਾਏ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਰਜਿ) ਜ਼ਿਲ੍ਹਾ ਗੁਰਦਾਸਪੁਰ ਦੇ ਆਰਐੱਮਪੀ ਡਾਕਟਰਾਂ ਵੱਲੋਂ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਰਮੇਸ਼ ਕੁਮਾਰ ਬਾਲੀ ਨਵਾਂਸ਼ਹਿਰ ਵਾਲਿਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਦਲਾ ਪ੍ਰਧਾਨ ਡਾਕਟਰ ਚਮਨ ਲਾਲ ਬਟਾਲਾ ਅਤੇ ਜ਼ਿਲਾ ਜਨਰਲ ਸਕੱਤਰ ਡਾਕਟਰ ਅਸ਼ੋਕ ਕੁਮਾਰ ਬਟਾਲਾ ਦੀ ਅਗਵਾਈ ਹੇਠ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਕੁਦਰਤੀ ਆਫਤ ਦੇ ਭਾਣੇ ਵਿੱਚ ਦੁਖਾਂਤ ਦੇ ਮਾਰੇ ਇਸ ਸੰਕਟ ਦੇ ਸਮੇਂ ਵਿੱਚ ਹੜ੍ਹ ਪੀੜਤ ਲੋਕਾਂ ਨੂੰ ਮੁੱਢਲੀ ਸਿਹਤ ਸਹੂਲਤ ਦੇਣ ਲਈ ਕਰਤਾਰਪੁਰ ਕੋਰੀਡੋਰ ਦੇ ਇਲਾਕੇ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਦੇ ਬਿਲਕੁਲ ਨਜ਼ਦੀਕ ਹੜ੍ਹ ਪ੍ਰਭਾਵਿਤ ਪਿੰਡ ਪੱਖੋਕੇ, ਟਾਹਲੀ ਸਾਹਿਬ ਅਤੇ ਪਿੰਡ ਹਰੂਵਾਲ ਵਿਖੇ ਤੀਸਰੀ ਵਾਰ ਫ੍ਰੀ ਮੈਡੀਕਲ ਕੈਂਪ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ ਨੇ ਦੱਸਿਆ ਕਿ ਐਸੋਸੀਏਸ਼ਨ ਦੇ ਸੰਵਿਧਾਨ ਮੁਤਾਬਕ ਸਿਧਾਂਤ ਨੂੰ ਮੁੱਖ ਰੱਖਦਿਆਂ ਮਾਨਵ ਸੇਵਾ ਪਰਮੋ ਧਰਮ ਦੇ ਉਦੇਸ਼ ਨਾਲ ਹੜ੍ਹ ਪੀੜਤ ਲੋਕਾਂ ਨੂੰ ਪੂਰਨ ਸਹਿਯੋਗ ਅਤੇ ਦਿਲੀ ਹਮਦਰਦੀ ਕਰਕੇ ਸਵੇਰ ਤੋਂ ਸ਼ਾਮ ਤੱਕ ਮਰੀਜ਼ਾਂ ਨਾਲ ਰਾਬਤਾ ਕਾਇਮ ਕਰਕੇ ਸੇਵਾ ਕੀਤੀ ਗਈ। ਇਸ ਮੈਡੀਕਲ ਕੈਂਪ ਵਿੱਚ ਅਣਗਿਣਤ ਮਰੀਜ਼ਾਂ ਨੂੰ ਚੈੱਕਅਪ ਕੀਤਾ ਗਿਆ ਅਤੇ ਫਰੀ ਦਵਾਈਆਂ ਦਿੱਤੀਆਂ ਗਈਆਂ। ਮੈਡੀਕਲ ਕੈਂਪ ਵਿੱਚ ਮਰੀਜ਼ਾਂ ਦੇ ਇਲਾਜ ਅਤੇ ਸੇਵਾ ਸੰਭਾਲ ਕਰਨ ਲਈ ਸੂਬਾ ਕਮੇਟੀ ਮੈਂਬਰ ਡਾਕਟਰ ਸੁਖਵਿੰਦਰ ਸਿੰਘ ਦਰਦੀ, ਜਸਬੀਰ ਸਿੰਘ ਬਾਸਰਪੁਰ, ਡਾ. ਲਖਵਿੰਦਰ ਸਿੰਘ ਸੰਧੂ ਔਲਖ, ਸਤਨਾਮ ਸਿੰਘ ਦਾਲਮ, ਸੁਖਵਿੰਦਰ ਮਸੀਹ, ਡਾਕਟਰ ਹੀਰਾ ਸਿੰਘ ਅਤਰੀ, ਡਾਕਟਰ ਚਰਨਦਾਸ ਕੰਡਿਆਲ, ਬਾਊ ਰਾਮ ਬਟਾਲਾ, ਰਸ਼ਪਾਲ ਸਿੰਘ ਬੋੜਾਵਾਲਾ, ਮਨਜੀਤ ਸਿੰਘ ਬਟਾਲਾ, ਨਿਰਮਲ ਸਿੰਘ ਢਡਿਆਲਾ ਨੱਤ, ਰਾਜਪਾਲ ਗਾਂਧੀ, ਲਖਵਿੰਦਰ ਸਿੰਘ ਗਵਾਰਾ, ਡਾ. ਥੋਰਸ ਪੰਜਾਬ ਸਿੰਘ, ਸੁਰਿੰਦਰ ਸਿੰਘ ਭਾਟੀਆ, ਗੁਰਜਿੰਦਰ ਸਿੰਘ ਗਵਾਰਾ, ਸੁਖਵਿੰਦਰ ਸਿੰਘ ਛਿੱਤ, ਜਸਵੀਰ ਸਿੰਘ ਕਾਲਵਾ, ਗੁਰਸ਼ਰਨ ਸਿੰਘ ਮਾਂਗਟ, ਦਲੀਪ ਸਿੰਘ ਬਟਾਲਾ, ਦਵਿੰਦਰ ਸਿੰਘ ਚਾਹਲ, ਡਾਕਟਰ ਚਮਨ ਸ਼ਰਮਾ, ਡਾਕਟਰ ਗੁਰਪ੍ਰੀਤ ਸਿੰਘ ਨੰਗਲ ਮੌੜ, ਪੰਨਾ ਲਾਲ ਪੁਰੀਆਂ, ਡਾਕਟਰ ਪਿਆਰਾ ਸਿੰਘ ਮੂਲਿਆਂਵਾਲ ਅਤੇ ਹੋਰ ਵੈਦ ਹਕੀਮ ਅਤੇ ਆਰਐੱਮਪੀ ਡਾਕਟਰ ਹਾਜ਼ਰ ਹੋਏ।



# 76ਵੀਆਂ ਖੇਤਰੀ ਖੇਡਾਂ ਦੀ ਲੜੀ ਵਜੋਂ ਕੁੜੀਆਂ ਦੇ ਐਥਲੈਟਿਕਸ ਮੁਕਾਬਲੇ ਕਰਵਾਏ

**ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)**- ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਪਰਮਜੀਤ ਕੌਰ ਅਤੇ ਜ਼ਿਲ੍ਹਾ ਖੇਡ ਅਫ਼ਸਰ ਅਨੀਤਾ ਸ਼ਰਮਾ ਦੀ ਅਗਵਾਈ ਹੇਠ, ਨੇੜਲੇ ਪਿੰਡ ਹਰਚੋਵਾਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 76ਵੀਆਂ ਖੇਤਰੀ ਖੇਡਾਂ ਦੇ ਤਹਿਤ ਐਥਲੈਟਿਕਸ ਮੁਕਾਬਲੇ ਜ਼ੋਨਲ ਹੈੱਡ ਪ੍ਰਿੰਸੀਪਲ ਲਖਵਿੰਦਰ ਸਿੰਘ ਅਤੇ ਜ਼ੋਨਲ ਸਕੱਤਰ ਅਮਰਜੀਤ ਸਿੰਘ ਦੀ ਨਿਗਰਾਨੀ ਹੇਠ ਕਰਵਾਏ ਗਏ।ਮੁਕਾਬਲੇ ਦਾ ਉਦਘਾਟਨ ਬੀ. ਐੱਨ. ਓ. ਵਿਜੇ ਕੁਮਾਰ ਨੇ ਕੀਤਾ।ਖੇਤਰੀ ਖੇਡ ਸਕੱਤਰ ਅਮਰਜੀਤ ਸਿੰਘ, ਵਿੱਤ ਸਕੱਤਰ ਅੰਮ੍ਰਿਤਪਾਲ ਸਿੰਘ ਅਤੇ ਲੈਕਚਰਾਰ ਰਾਜਵਿੰਦਰ ਕੌਰ ਇਸ ਮੌਕੇ ਮੌਜੂਦ ਸਨ। ਬੀ. ਐਨ. ਓ. ਵਿਜੇ ਕੁਮਾਰ ਅਤੇ ਸਕੱਤਰ ਅਮਰਜੀਤ ਸਿੰਘ ਨੇ ਅੰਡਰ-14 ਲੜਕੀਆਂ ਦੇ ਐਥਲੈਟਿਕਸ ਮੁਕਾਬਲਿਆਂ ਦਾ ਉਦਘਾਟਨ ਕੀਤਾ।100 ਮੀਟਰ ਦੌੜ ਵਿੱਚ ਦੀਵਾਨਪ੍ਰੀਤ ਕੌਰ, ਗੁਰਲੀਨ ਕੌਰ ਅਤੇ ਜੈਸਮੀਨ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ।400 ਮੀਟਰ ਦੌੜ ਵਿੱਚ ਨਵਜੋਤ ਕੌਰ, ਅਨੁਰੀਤ ਕੌਰ ਅਤੇ ਮਹਿਕ ਪ੍ਰੀਤ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ। 600 ਮੀਟਰ ਦੌੜ ਵਿੱਚ ਅਨੁਰੀਤ ਕੌਰ, ਅਰਸ਼ਪ੍ਰੀਤ ਕੌਰ ਅਤੇ ਅਵਨੀਤ ਕਰਮ ਸ਼ਾਹ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।ਇਸੇ ਤਰ੍ਹਾਂ ਲੰਬੀ ਛਾਲ ਵਿੱਚ ਸੰਜਨਾ, ਸਹਿਜਪ੍ਰੀਤ ਕੌਰ ਅਤੇ ਨਵਨੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-17 ਵਰਗ ਵਿੱਚ, 200 ਮੀਟਰ ਦੌੜ ਵਿੱਚ ਸਨਾਸ਼ੁਬ ਜਸਮੀਤ ਕੌਰ ਅਤੇ ਅਮਨਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। 800 ਮੀਟਰ ਦੌੜ ਵਿੱਚ, ਰੁਕਮਨਜੀਤ ਕੌਰ, ਹਰਮਨਪ੍ਰੀਤ ਕੌਰ ਅਤੇ ਸਹਿਬਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।3000 ਮੀਟਰ ਦੌੜ ਵਿੱਚ, ਜਸਬੀਰ ਕੌਰ ਮਾਰੀਆ ਅਤੇ ਜੈਸਮੀਨ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।ਲੰਬੀ ਛਾਲ ਵਿੱਚ, ਰੂਪਪ੍ਰੀਤ ਕੌਰ, ਸੁਖਮਨਪ੍ਰੀਤ ਕੌਰ ਅਤੇ ਰੁਕਮਨਜੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-19 ਵਰਗ ਵਿੱਚ, 100 ਮੀਟਰ ਦੌੜ ਵਿੱਚ ਏਕਮ ਜੋਧਪੁਰ, ਰਵਨੀਤ ਕੌਰ ਅਤੇ ਕੁਲਵਿੰਦਰ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ; 200 ਮੀਟਰ ਦੌੜ ਵਿੱਚ ਏਕਮਜੋਤ ਕੌਰ, ਮਨਮੀਤ ਕੌਰ ਅਤੇ ਗਗਨਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।ਲੰਬੀ ਛਾਲ ਵਿੱਚ ਮਹਿਕ ਮਨਮੀਤ ਕੌਰ, ਦੀਪ ਕੌਰ ਅਤੇ ਪ੍ਰਬਲ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।ਜੇਤੂ ਖਿਡਾਰੀਆਂ ਨੂੰ ਮੁੱਖ ਮਹਿਮਾਨ ਮਾਸਟਰ ਹਰਭਜਨ ਸਿੰਘ ਸੀਨੀਅਰ ਅਥਲੀਟ, ਸੇਵਾਮੁਕਤ ਇੰਸਪੈਕਟਰ ਰਣਜੋਧ ਸਿੰਘ, ਪ੍ਰਿੰਸੀਪਲ ਕਪਤਾਨ ਸਿੰਘ, ਪ੍ਰਿੰਸੀਪਲ ਲਖਵਿੰਦਰ ਸਿੰਘ ਅਤੇ ਬੀਐੱਨਓ ਵਿਜੇ ਕੁਮਾਰ ਨੇ ਮੈਡਲ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਲੈਕਚਰਾਰ ਮੁਨੀਸ਼ ਕੁਮਾਰ, ਡੀਪੀਈ ਹਰਜੀਤ ਕੌਰ, ਡੀਪੀਈ ਗੁਰਮੇਜ ਸਿੰਘ, ਡੀਪੀਈ ਅਜੈ ਕੁਮਾਰ, ਡੀਪੀਈ ਸਿਮਰਨਜੀਤ ਕੌਰ, ਡੀਪੀਈ ਭੁਪਿੰਦਰ ਸਿੰਘ, ਲੈਕਚਰਾਰ ਦਵਿੰਦਰ ਜੀਤ ਕੌਰ, ਡੀਪੀਈ ਜਤਿੰਦਰ ਸਿੰਘ, ਰਿਤਿਕਾ ਮਹਾਜਨ, ਕੁਲਬੀਰ ਕੌਰ, ਰਾਜਵੀਰ ਕੌਰ, ਅਮਨਦੀਪ ਕੌਰ, ਅਮਨਦੀਪ ਸਿੰਘ ਰਣਸੀਂਹ, ਸੁਬਿੰਦਰ ਸਿੰਘ ਖੋਖੜ, ਅਮਨਦੀਪ ਕੌਰ, ਡੀਪੀਈ ਨਰਾਇਣ ਸਿੰਘ, ਅਮਨ ਖੋਖਰ, ਰਮੇਸ਼ ਕੁਮਾਰ, ਅੰਜਲੀ ਡੀਪੀਈ ਕੁਲਦੀਪ ਕੌਰ ਆਦਿ ਹਾਜ਼ਰ ਸਨ।





# ਹਿੰਦੂ ਕੰਨਿਆ ਮਹਾਵਿਦਿਆਲਾ ਧਾਰੀਵਾਲ ਵਿਖੇ ਐੱਨ ਐੱਸ ਐੱਸ ਸਥਾਪਨਾ ਦਿਵਸ ਮਨਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਹਿੰਦੂ ਕੰਨਿਆ ਮਹਾਵਿਦਿਆਲਿਆ ਕਾਲਜ ਦੇ ਐੱਨਐੱਸਐੱਸ ਯੂਨਿਟ ਵੱਲੋਂ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨਾਗਰਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਐੱਨਐੱਸਐੱਸ ਦਿਵਸ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਐੱਨਐੱਸਐੱਸ ਬਾਰੇ ਜਾਗਰੂਕ ਕੀਤਾ ਗਿਆ ਅਤੇ ਨਾਲ ਹੀ ਐੱਨਐੱਸਐੱਸ ਦੀ ਸਥਾਪਨਾ ਜਿਸ ਉਦੇਸ਼ ਨੂੰ ਮੁੱਖ ਰੱਖ ਕੇ ਕੀਤੀ ਗਈ ਸੀ ਉਸ ਉਦੇਸ਼ ਨੂੰ ਪੂਰਾ ਕਰ ਕਰਨ ਲਈ ਵਿਦਿਆਰਥੀਆਂ ਨੂੰ ਪ੍ਰਤੀਬੱਧ ਕੀਤਾ ਗਿਆ। ਐੱਨਐੱਸਐੱਸ ਕੋਆਰਡੀਨੇਟਰ ਨੇ ਐੱਨਐੱਸਐੱਸ ਬਾਰੇ ਆਪਣੇ ਵਿਚਾਰ ਦੱਸਦੇ ਹੋਏ ਕਿਹਾ ਕਿ ਸਾਨੂੰ ਆਪਣੇ ਹਿੱਤ ਨੂੰ ਪਿੱਛੇ ਰੱਖ ਕੇ ਦੂਜਿਆਂ ਦੇ ਹਿੱਤ ਨੂੰ ਪ੍ਰਾਥਮਿਕਤਾ ਦੇਣ ਵਾਲੀ ਇਸ ਯੋਜਨਾ ਵਿੱਚ ਨਿਸ਼ਕਾਮ ਭਾਵਨਾ ਨਾਲ ਸਵੈ ਸੇਵਕਾਂ ਨੂੰ ਆਪਣਾ ਯੋਗਦਾਨ ਦੇਣ ਲਈ ਉਤਸ਼ਾਹਿਤ ਕੀਤਾ ਅਤੇ ਅੱਜ ਦੇ ਡਿਜੀਟਲ ਯੁੱਗ ਵਿੱਚ ਹਰ ਵਲੰਟੀਅਰ ਨੂੰ ਮੇਰਾ ਭਾਰਤ ਪੋਰਟਲ ਤੇ ਆਪਣੀ ਰਜਿਸਟਰੇਸ਼ਨ ਕਰਨ ਲਈ ਪ੍ਰੇਰਤ ਕੀਤਾ, ਜਿਸ ਨਾਲ ਮਹੱਤਵਪੂਰਨ ਗਤੀਵਿਧੀਆਂ ਅਤੇ ਯੁਵਾ ਦੇ ਕੰਮਕਾਜਾਂ ਬਾਰੇ ਵਲੰਟੀਅਰਾਂ ਨੂੰ ਜਾਣਕਾਰੀ ਪ੍ਰਾਪਤ ਹੋ ਸਕੇ।ਨਗਰ ਕੌਂਸਲ ਧਾਰੀਵਾਲ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਨੁਮਾਇੰਦੇ ਨੇ ਵਲੰਟੀਅਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕੌਮੀ ਸੇਵਾ ਯੋਜਨਾ ਵਲੰਟੀਅਰਜ਼ ਵਿੱਚ ਸਮਾਜਿਕ ਜਾਗਰੂਕਤਾ ਪੈਦਾ ਕਰਨ ਦੇ ਨਾਲ ਨਾਲ ਆਲੇ ਦੁਆਲੇ ਦੇ ਸਮਾਜਿਕ ਵਾਤਾਵਰਨ ਵਿੱਚ ਲੋਕਾਂ ਨਾਲ ਮਿਲ ਬੈਠਣ, ਉਸਾਰੂ ਅਤੇ ਸਮਾਜਿਕ ਧਾਰਮਿਕ ਕੰਮ ਕਰਨ ਦੇ ਅਵਸਰ ਪੈਦਾ ਕਰਦੀ ਹੈ ਜਿਸ ਨਾਲ ਉਨ੍ਹਾਂ ਦਾ ਵਿਅਕਤੀਤਵ ਵਿਕਾਸ ਸੰਭਵ ਹੁੰਦਾ ਹੈ ਇਸ ਮੌਕੇ ਸਮੁੱਚਾ ਸਟਾਫ ਹਾਜਰ ਸੀ।





# ਰਾਮ ਲਾਲ ਸ਼ਰਮਾ ਬ੍ਰਾਹਮਣ ਸਭਾ ਜ਼ਿਲ੍ਹਾ ਗੁਰਦਾਸਪੁਰ ਦੇ ਮੁੜ ਪ੍ਰਧਾਨ ਬਣੇ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸ਼੍ਰੀ ਬ੍ਰਾਹਮਣ ਸਭਾ ਜ਼ਿਲ੍ਹਾ ਗੁਰਦਾਸਪੁਰ ਦੀ ਇਕ ਹੰਗਾਮੀ ਬੈਠਕ, ਪੰਜਾਬ ਪ੍ਰਾਂਤ ਕਮੇਟੀ ਦੇ ਰਾਜੀਵ ਜੋਸ਼ੀ ਅਤੇ ਸੰਜੀਵ ਸਰਪਾਲ ਦੀ ਸਾਂਝੀ ਪ੍ਰਧਾਨਗੀ ਹੇਠ ਭਗਵਾਨ ਸ਼੍ਰੀ ਪਰਸ਼ੂਰਾਮ ਮੰਦਰ ਵਿਖੇ ਸੰਵਿਧਾਨਕ ਤੌਰ 'ਤੇ ਬਟਾਲਾ ਵਿਖੇ ਹੋਈ।ਬੈਠਕ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਚੇਅਰਮੈਨ ਮਾਰਕੀਟ ਕਮੇਟੀ ਰਾਜੀਵ ਸ਼ਰਮਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਇਸ ਬੈਠਕ ਵਿੱਚ ਸ਼੍ਰੀ ਬ੍ਰਾਹਮਣ ਸਭਾ ਜ਼ਿਲੇ ਦੀਆਂ ਵੱਖ-ਵੱਖ ਇਕਾਈਆਂ, ਗੁਰਦਾਸਪੁਰ, ਧਾਰੀਵਾਲ, ਕਲਾਨੌਰ, ਡੇਰਾ ਬਾਬਾ ਨਾਨਕ, ਬਟਾਲਾ, ਚੌਂਤਾ, ਪੱਚੋਵਾਲ, ਦੀਨਾਨਗਰ, ਪੰਡੋਰੀ ਬੈਂਸਾਂ, ਰਸੂਲਪੁਰ, ਭੋਪੁਰ ਸੈਦਾਂ, ਫ਼ਤਿਹਗੜ੍ਹ ਚੂੜੀਆਂ, ਵਡਾਲਾ ਬਾਂਗਰ, ਪੁੱਰੋਵਾਲ ਅਰਾਈਆਂ, ਰਸੂਲਪੁਰ, ਕੈਲਾਸ਼ਪੁਰ ਆਦਿ ਦੇ ਸਮੂਹ ਮੈਂਬਰਾਂ ਨੇ ਹਿੱਸਾ ਲਿਆ।ਇਸ ਮੀਟਿੰਗ ਵਿੱਚ ਸਾਥੀਆਂ ਸਮੇਤ ਬਟਾਲਾ ਤੋਂ ਬਲਦੇਵ ਰਾਜ ਪਰਾਸ਼ਰ, ਫ਼ਤਿਹਗੜ੍ਹ ਚੂੜੀਆਂ ਤੋਂ ਮੁਕੇਸ਼ ਪਰਾਸ਼ਰ, ਧਾਰੀਵਾਲ ਤੋਂ ਦੀਪਕ ਪਰਾਸ਼ਰ ਤੇ ਚੰਦਰ ਕਾਂਤ, ਕਲਾਨੌਰ ਤੋਂ ਮੋਹਿੰਦਰ ਪਾਲ, ਦੀਨਾਨਗਰ ਤੋਂ ਵਿਜੈ ਸ਼ਰਮਾ ਤੇ ਨਰੇਸ਼ ਤ੍ਰਿਪਾਠੀ , ਰਸੂਲਪੁਰ ਤੋਂ ਰਾਕੇਸ਼ ਸਰਪੰਚ, ਪੁਰੇਵਾਲ ਅਰਾਇਆਂ ਤੋਂ ਮੇਜਰ ਹਰਵੀਸ਼ ਸ਼ਰਮਾ, ਕੈਲਾਸ਼ਪੁਰ ਤੋਂ ਸੁਦੇਸ਼ ਸ਼ਰਮਾ, ਵਡਾਲਾ ਬਾਂਗਰ ਤੋਂ ਪਵਨ ਕੁਮਾਰ, ਡੇਰਾ ਬਾਬਾ ਨਾਨਕ ਤੋਂ ਰਮੇਸ਼ ਅਵਸਥੀ, ਸਾਥੀਆਂ ਸਾਹਿਤ ਸ਼ਾਮਿਲ ਹੋਏ। ਸਭ ਨੇ ਸਰਬਸੰਮਤੀ ਨਾਲ ਪਹਿਲੇ ਪ੍ਰਧਾਨ ਰਾਮ ਲਾਲ ਦੇ ਕਾਰਜਕਾਲ ਨੂੰ ਦੋ ਸਾਲ ਹੋਰ ਵਧਾਉਣ ਦਾ ਪ੍ਰਸਤਾਵ ਰੱਖਿਆ ਜਿਸ ਨੂੰ ਸਟੇਟ ਕਮੇਟੀ ਦੇ ਨੁਮਾਇੰਦਿਆਂ ਨੇ ਪ੍ਰਵਾਨ ਕਰ ਲਿਆ।ਜ਼ਿਲਾ ਪ੍ਰਧਾਨ ਰਾਮ ਲਾਲ ਨੇ ਕੰਮ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਜ਼ਿਲਾ ਮਹਾਂਮੰਤਰੀ ਦੇ ਤੌਰ 'ਤੇ ਕੰਮ ਕਰਨ ਲਈ ਇੰਜ. ਜਤਿੰਦਰ ਸ਼ਰਮਾ ਦੇ ਨਾਮ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਸਭ ਇਕਾਈਆਂ ਤੋਂ ਆਏ ਸਾਥੀਆਂ ਨੇ ਓਮ ਦੀ ਆਵਾਜ਼ ਨਾਲ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਸਟੇਜ ਦੀ ਜ਼ਿੰਮੇਵਾਰੀ ਮਨਮੋਹਨ ਡੋਗਰਾ ਨੇ ਬਾਖ਼ੂਬੀ ਨਿਭਾਈ। ਰਾਮ ਲਾਲ ਨੇ ਕਾਰਜਕਾਲ ਵਧਾਉਣ ਲਈ ਸਭ ਇਕਾਈਆਂ ਦਾ ਧੰਨਵਾਦ ਕਰਦੇ ਕਿਹਾ ਕਿ ਮੈਂ ਤੁਹਾਡੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਦਿਨ ਰਾਤ ਤਨਦੇਹੀ ਨਾਲ ਕੰਮ ਕਰਾਂਗਾ।ਆਖਿਰ ਵਿੱਚ ਭਗਵਾਨ ਸ਼੍ਰੀ ਪਰਸ਼ੂਰਾਮ ਦੇ ਜੈਕਾਰੇ ਲਾਉਂਦਿਆਂ ਬੈਠਕ ਸਮਾਪਤ ਹੋਈ।



# ਸੰਗਠਨ ਸਿਰਜਣ ਅਭਿਆਨ ਤਹਿਤ ਸਿੱਕੀ ਦੀ ਅਗਵਾਈ ਹੇਠ ਕਾਂਗਰਸੀਆਂ ਦੀ ਭਰਵੀਂ ਇਕੱਤਰਤਾ

**ਚੋਹਲਾ ਸਾਹਿਬ (ਰਮਨ ਚੱਢਾ)**- ਸੰਗਠਨ ਸਿਰਜਣ ਅਭਿਆਨ ਤਹਿਤ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਬਲਾਕ ਚੋਹਲਾ ਸਾਹਿਬ ਦੇ ਕਾਂਗਰਸੀਆਂ ਦੀ ਭਰਵੀਂ ਇਕੱਤਰਤਾ ਹੋਈ। ਇਕੱਤਰਤਾ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਆਏ ਏਆਈਸੀਸੀ ਆਬਜ਼ਰਵਰ ਤੇ ਹਰਿਆਣਾ ਦੇ ਵਿਧਾਇਕ ਕੁਲਦੀਪ ਵਾਤਿਸ, ਪੀਪੀਸੀ ਆਬਜ਼ਰਵਰ ਇੰਦਰਜੀਤ ਸਿੰਘ ਬੁਲਾਰੀਆ, ਜਸਕਰਨ ਸਿੰਘ ਕਾਹਲੋਂ ਅਤੇ ਰਜਿੰਦਰ ਛਾਬੜਾ ਉਚੇਚੇ ਤੌਰ 'ਤੇ ਪਹੁੰਚੇ। ਹਰਮਿੰਦਰ ਸਿੰਘ ਗਿੱਲ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਨੇ ਬੋਲਦਿਆਂ ਕਿਹਾ ਕਿ ਹਾਕਮ ਸਰਕਾਰ ਦੇ ਜਬਰ ਜ਼ੁਲਮ ਤੋਂ ਲੋਕ ਤੰਗ ਆ ਗਏ ਹਨ। ਮਾਝੇ ਦੇ ਲੋਕ ਧੜਾਧੜ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਇੰਦਰਜੀਤ ਸਿੰਘ ਬੁਲਾਰੀਆ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਪੰਜਾਬ 'ਚ ਹਰ ਹਾਲਤ 'ਚ ਬਣੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੂਥ ਲੈਵਲ 'ਤੇ ਕਾਂਗਰਸੀ ਵਰਕਰਾਂ ਨੂੰ ਉਤਸ਼ਾਹਿਤ ਕਰਨ ਲਈ ਹਰੇਕ ਵਰਕਰ ਨੂੰ ਪਾਰਟੀ ਪ੍ਰਤੀ ਸੇਵਾ ਕਰਨ ਲਈ ਜ਼ਿੰਮੇਵਾਰੀ ਸੌਂਪੀ ਜਾਵੇ ਤੇ ਵੱਧ ਤੋਂ ਵੱਧ ਲੋਕਾਂ ਨੂੰ ਜਥੇਬੰਦ ਕੀਤਾ ਜਾਵੇ। ਇਸ ਨਾਲ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਥਾਣੇਦਾਰ ਮਨਮੋਹਨ ਸਿੰਘ ਚੋਹਲਾ ਸਾਹਿਬ, ਸਾਬਕਾ ਸਰਪੰਚ ਰਾਏ ਦਵਿੰਦਰ ਸਿੰਘ, ਇੰਸਪੈਕਟਰ ਅਜਮੇਰ ਸਿੰਘ, ਸੀਨੀਅਰ ਆਗੂ ਅਮਰ ਸਿੰਘ ਭਰੋਵਾਲ, ਮਹਿੰਦਰ ਸਿੰਘ ਪਿੱਦੀ, ਬਲਵਿੰਦਰ ਸਿੰਘ ਸ਼ਿਮਲਾ ਮੈਂਬਰ, ਛਿੰਦਾ ਸਿੰਘ, ਸਤਨਾਮ ਸਿੰਘ ਕਰਮੂੰਵਾਲਾ, ਸਤਨਾਮ ਸਿੰਘ ਸੱਤੀ ਆਦਿ ਹਾਜ਼ਰ ਸਨ।



# ਸੁਖਬੀਰ ਬਾਦਲ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਲਈ ਪਸ਼ੂ ਚਾਰੇ ਦੀਆਂ 250 ਟਰਾਲੀਆਂ ਰਵਾਨਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਕਲਿਆਣਪੁਰ (ਧਾਰੀਵਾਲ) ਤੋਂ ਹਲਕਾ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ 137 ਪਿੰਡਾਂ ਵਾਸਤੇ ਮੱਕੀ ਦੇ ਅਚਾਰ ਦੀਆਂ 250 ਟਰਾਲੀਆਂ ਰਵਾਨਾ ਕੀਤੀਆਂ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁੱਚਾ ਸਿੰਘ ਲੰਗਾਹ ਸਾਬਕਾ ਕੈਬਨਿਟ ਮੰਤਰੀ ਦੇ ਪ੍ਰਬੰਧਾਂ ਹੇਠ ਅਕਾਲੀ ਦਲ ਦੇ ਆਗੂਆਂ ਦੇ ਵੱਡੇ ਇਕੱਠ ਨੂੰ ਪਾਰਟੀ ਪ੍ਰਧਾਨ ਬਾਦਲ ਨੇ ਸੰਬੋਧਨ ਕੀਤਾ।ਸ. ਬਾਦਲ ਨੇ ਹਰਿਗੋਬਿੰਦਪੁਰ ਹਲਕੇ ਦੇ ਪਿੰਡ ਬਹਾਦਰਪੁਰ ਰਾਜੋਆ ਵਿਖੇ ਬਿਆਸ ਦਰਿਆ ਦੇ ਬੰਨ੍ਹ ਦਾ ਵੀ ਦੌਰਾ ਕੀਤਾ।ਉਨ੍ਹਾਂ ਨੇ ਪ੍ਰਭਾਵਿਤ ਪਿੰਡਾਂ ਵਾਸਤੇ ਸੈਂਕੜੇ ਫੌਗਿੰਗ ਮਸ਼ੀਨਾਂ ਵੀ ਭੇਜੀਆਂ ਤੇ ਯੂਥ ਅਕਾਲੀ ਦਲ ਦੇ ਮੈਂਬਰਾਂ ਨੂੰ ਆਖਿਆ ਕਿ ਉਹ ਇਸ ਸਾਰੀ ਮੁਹਿੰਮ ਦੀ ਆਪ ਨਿੱਜੀ ਤੌਰ 'ਤੇ ਨਿਗਰਾਨੀ ਕਰਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਬਾਦਲ ਨੇ ਕਿਹਾ ਕਿ ਹੁਣ ਕੇਜਰੀਵਾਲ ਤੁਹਾਡੇ ਬੰਨਾਂ 'ਤੇ ਕਿਉਂ ਨਹੀਂ ਆਉਂਦਾ? ਹੁਣ ਆਪ ਸਰਕਾਰ ਨੇ ਤੁਹਾਡੇ ਵਾਸਤੇ ਕੀ ਕੀਤਾ? ਖੁਦ ਹੀ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕੇਜਰੀਵਾਲ ਨੂੰ ਸਿਰਫ ਪੰਜਾਬ ਦੇ ਸਰੋਤ ਲੁੱਟਣ ਵਿਚ ਦਿਲਚਸਪੀ ਹੈ।ਉਨ੍ਹਾਂ ਕਿਹਾ ਕਿ ਇਸ ਸਭ ਤੋਂ ਸਾਬਤ ਹੁੰਦਾ ਹੈ ਕਿ ਦਿੱਲੀ ਦੀਆਂ ਸਿਆਸੀ ਪਾਰਟੀਆਂ ਪੰਜਾਬ ਨੂੰ ਸਿਰਫ ਇਕ ਗੈਸਟ ਹਾਊਸ ਸਮਝਦੀਆਂ ਹਨ।ਉਨ੍ਹਾਂ ਕਿਹਾ ਕਿ ਅਕਾਲੀ ਦਲ ਲਈ ਪੰਜਾਬ ਸਾਡਾ ਘਰ ਹੈ।ਇਸੇ ਲਈ ਅਸੀਂ ਹੜ੍ਹਾਂ ਦੇ ਪਹਿਲੇ ਦਿਨ ਤੋਂ ਮੋਹਰੀ ਹੋ ਕੇ ਬੰਨ੍ਹ ਪੂਰ ਰਹੇ ਹਾਂ, ਬੰਨ੍ਹਾਂ ਨੂੰ ਮਜ਼ਬੂਤ ਕਰ ਰਹੇ ਹਾਂ ਤੇ ਰਾਹਤ ਸਮੱਗਰੀ ਪ੍ਰਦਾਨ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਇਹ ਪਹਿਲਕਦਮੀ ਜਾਰੀ ਰੱਖਾਂਗੇ ਤੇ ਕਿਸਾਨਾਂ ਨੂੰ ਇਕ ਲੱਖ ਏਕੜ ਵਾਸਤੇ ਸਰਟੀਫਾਈਡ ਬੀਜ ਵੀ ਪ੍ਰਦਾਨ ਕਰਾਂਗੇ ਅਤੇ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ 50 ਹਜ਼ਾਰ ਗਰੀਬ ਪਰਿਵਾਰਾਂ ਨੂੰ ਕਣਕ ਵੀ ਪ੍ਰਦਾਨ ਕਰਾਂਗੇ।ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਗੱਲ ਕੀਤੀ ਕਿ ਕਿਵੇਂ ਆਪ ਸਰਕਾਰ ਦੀ ਫੌਜਦਾਰੀ ਅਣਗਹਿਲੀ ਅਤੇ ਰਣਜੀਤ ਸਾਗਰ ਡੈਮ ਤੇ ਸ਼ਾਹਪੁਰ ਹੈੱਡਵਰਕਸ ਦੇ ਕੁਪ੍ਰਬੰਧਨ ਕਾਰਨ ਸਰਹੱਦੀ ਇਲਾਕਿਆਂ ਵਿਚ ਕਿਸਾਨਾਂ ਦੀਆਂ ਮੁਸ਼ਕਿਲਾਂ ਵਧੀਆਂ।ਉਨ੍ਹਾਂ ਕਿਹਾ ਕਿ ਮੌਨਸੂਨ ਸੀਜ਼ਨ ਦੌਰਾਨ 20 ਦਿਨਾਂ ਤੱਕ ਪਾਣੀ ਇਕੱਠਾ ਕੀਤਾ ਗਿਆ ਤੇ ਜਦੋਂ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਟੱਪ ਗਿਆ ਤਾਂ ਇਕੋ ਵਾਰ ਵਿਚ ਪਾਣੀ ਛੱਡ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਤਿੰਨ ਦਿਨਾਂ ਤੱਕ ਲਗਾਤਾਰ 2.5 ਲੱਖ ਕਿਊਸਿਕ ਪਾਣੀ ਛੱਡਣ ਨਾਲ ਲੱਖਾਂ ਏਕੜ ਵਿਚ ਫਸਲ ਤਬਾਹ ਹੋ ਗਈ।ਉਨ੍ਹਾਂ ਕਿਹਾ ਕਿ ਸ਼ਾਹਪੁਰ ਹੈੱਡਵਰਕਸ ਦੇ ਗੇਟ ਆਪ ਸਰਕਾਰ ਦੀ ਫੌਜਦਾਰੀ ਅਣਗਹਿਲੀ ਕਾਰਨ ਟੁੱਟੇ।ਇਸ ਮੌਕੇ ਸੀਨੀਅਰ ਆਗੂ ਸੁੱਚਾ ਸਿੰਘ ਲੰਗਾਹ, ਗੁਰਬਚਨ ਸਿੰਘ ਬੱਬੇਹਾਲੀ, ਰਾਜਨਬੀਰ ਸਿੰਘ ਘੁੰਮਣ, ਰਵੀ ਮੋਹਨ, ਗੁਰਇਕਬਾਲ ਸਿੰਘ ਮਾਹਲ, ਲਖਵੀਰ ਸਿੰਘ ਲੋਧੀਨੰਗਲ, ਰਮਨਦੀਪ ਸਿੰਘ ਸੰਧੂ, ਸੁਰਿੰਦਰ ਸਿੰਘ ਮਿੱਟੂ, ਯੂਥ ਵਿੰਗ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸੋਨੂੰ ਲੰਗਾਹ ਅਤੇ ਜਸਪ੍ਰੀਤ ਸਿੰਘ ਰਾਣਾ ਵੀ ਅਕਾਲੀ ਦਲ ਦੇ ਪ੍ਰਧਾਨ ਦੇ ਨਾਲ ਸਨ।



# ਏਡੀਸੀ ਡਾ. ਬੇਦੀ ਨੇ ਪਿੰਡ ਰੰਗੜ ਨੰਗਲ 'ਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਕੀਤੀ ਅਪੀਲ

**ਬਟਾਲਾ (ਡਾ. ਮਲਵਿੰਦਰ ਸਿੰਘ)**- ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਕੀਤੇ ਆਦੇਸ਼ਾਂ ਤੇ ਹੜ੍ਹ ਪ੍ਰਭਾਵਿਤ ਪਿੰਡ ਰੰਗੜ ਨੰਗਲ ਦੇ ਗੁਰਦੁਆਰਾ ਸਾਹਿਬ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲ਼ੀ ਨੂੰ ਸਾੜਨ ਨਾਲ ਹੋਣ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਡਾ. ਬੇਦੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਕਿਸਾਨਾਂ ਨੂੰ ਕਿਹਾ ਕਿ ਝੋਨੇ ਦੀ ਫ਼ਸਲ ਦੀ ਸਾਂਭ ਸੰਭਾਲ ਲਈ ਲੋੜੀਂਦੀ ਮਸ਼ੀਨਰੀ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਉਪਲਬਧ ਕਰਵਾਈ ਜਾਵੇਗੀ ਤਾਂ ਜੋ ਕਿਸੇ ਵੀ ਕਿਸਾਨ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣੀ ਪਵੇ।ਇਸ ਮੌਕੇ ਤਹਿਸੀਲਦਾਰ ਅਰਜਨ ਸਿੰਘ ਗਰੇਵਾਲ, ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ, ਡਾ. ਸੰਦੀਪ ਸਿੰਘ ਖੇਤੀਬਾੜੀ ਅਫਸਰ, ਸਿਮਰਨਜੀਤ ਸਿੰਘ ਏਡੀਓ ਬਟਾਲਾ ਤੇ ਪਿੰਡ ਵਾਸੀ ਮੌਜੂਦ ਸਨ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਡਾ. ਬੇਦੀ ਨੇ ਦੱਸਿਆ ਕਿ ਮਾਣਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ ਨਵੀਂ ਦਿੱਲੀ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਉੱਤੇ ਪੂਰਨ ਪਾਬੰਦੀ ਲਗਾਈ ਗਈ ਹੈ, ਇਸ ਲਈ ਪਰਾਲੀ ਨਾ ਸਾੜੀ ਜਾਵੇ ਤੇ ਪ੍ਰਸ਼ਾਸਨ ਨਾਲ ਸਹਿਯੋਗ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਉਥੇ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਛੋਟੇ ਤੱਤ ਅੱਗ ਨਾਲ ਸੜ ਕੇ ਰਾਖ ਹੋ ਜਾਂਦੇ ਹਨ। ਅੱਗ ਲਗਾਉਣ ਨਾਲ ਕਈ ਸੜਕੀ ਦੁਰਘਟਨਾਵਾਂ ਕਰਕੇ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਮਾਤਰਾ ਵਿੱਚ ਖੇਤੀ ਮਸ਼ੀਨਰੀ ਉਪਲਬਧ ਹੈ ਅਤੇ ਪਿੰਡ ਵਾਈਜ਼ ਖੇਤੀ ਸੰਦਾਂ ਦੀ ਵੰਡ ਕਰ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਕਿਸਾਨ ਨੇ ਪਰਾਲੀ ਸਾਂਭ ਸੰਭਾਲ ਲਈ ਖੇਤੀ ਮਸ਼ੀਨਰੀ ਕਿਰਾਏ ਉਤੇ ਲੈਣੀ ਹੈ ਤਾਂ ਉਹ ਆਪਣੇ ਨੇੜੇ ਦੇ ਖੇਤੀਬਾੜੀ ਦਫ਼ਤਰ ਸੰਪਰਕ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿਛਲੇ ਸਮੇਂ ਦੌਰਾਨ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਜਿਹੜੇ ਕਿਸਾਨ ਇਸ ਵਾਰ ਵੀ ਅੱਗ ਨਹੀਂ ਲਗਾਉਣਗੇ ਉਨ੍ਹਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।ਇਸ ਮੌਕੇ ਪਿੰਡ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਨਾ ਸਾੜਨ ਲਈ ਵਿੱਢੀ ਮੁਹਿੰਮ ਦੀ ਸਰਾਹਨਾ ਕੀਤੀ ਅਤੇ ਪਰਾਲੀ ਦੀ ਸੰਭਾਲ ਲਈ ਹੋਰ ਬੇਲਰ ਤੇ ਸੁਪਰਸੀਡਰ ਮਸ਼ੀਨਰੀ ਮੁਹੱਈਆ ਕਰਵਾਉਣ ਲਈ ਕਿਹਾ।



30-Sep-PAGE-4.qxd 9/29/2025 10:46 PM Page 1

ਨਵਾਂ ਜ਼ਮਾਨਾ
ਮੰਗਲਵਾਰ 30 ਸਤੰਬਰ 2025

# ਭਾਜਪਾ ਦੀ ਹਾਰ

ਕਾਂਗਰਸੀ ਤੋਂ ਭਾਜਪਾਈ ਬਣ ਕੇ ਮੁੱਖ ਮੰਤਰੀ ਦੇ ਅਹੁਦੇ ਤੱਕ ਪੁੱਜਿਆ ਹਿਮੰਤਾ ਬਿਸਵਾ ਸਰਮਾ ਭਾਵੇਂ ਇਹ ਕਹਿ ਕੇ ਖ਼ੁਦ ਨੂੰ ਧਰਵਾਸ ਦੇ ਰਿਹਾ ਹੈ ਕਿ ਬੋਡੋਲੈਂਡ ਟੈਰੀਟੋਰੀਅਲ ਕੌਂਸਲ (ਬੀ ਟੀ ਸੀ) ਚੋਣਾਂ ਵਿੱਚ ਕਾਂਗਰਸ ਤੇ ਹੋਰਨਾਂ ਦੇ ਪੱਲੇ ਕੋਈ ਸੀਟ ਨਹੀਂ ਪਈ, ਪਰ ਉਸ ਦੀ ਹਿੰਦੂ-ਮੁਸਲਮ ਵਾਲੀ ਸਿਆਸਤ ਨੂੰ ਕਬਾਇਲੀਆਂ ਨੇ ਜਿਸ ਤਰ੍ਹਾਂ ਰੱਦ ਕੀਤਾ ਹੈ, ਉਹ ਸੰਕੇਤ ਦਿੰਦਾ ਹੈ ਕਿ ਅਗਲੇ ਸਾਲ ਹੋਣ ਵਾਲੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ। 40 ਮੈਂਬਰੀ ਕੌਂਸਲ ਵਿੱਚ 28 ਸੀਟਾਂ ਸਾਬਕਾ ਵਿਦਰੋਹੀ ਆਗੂ ਹਗਰਾਮਾ ਮੋਹੀਲਾਰੀ ਦੇ ਬੋਡੋਲੈਂਡ ਪੀਪਲਜ਼ ਫਰੰਟ (ਬੀ ਪੀ ਐੱਫ) ਨੇ ਜਿੱਤ ਕੇ ਜ਼ਬਰਦਸਤ ਬਹੁਮਤ ਹਾਸਲ ਕੀਤਾ ਹੈ। ਯੂਨਾਈਟਿਡ ਪੀਪਲਜ਼ ਪਾਰਟੀ ਲਿਬਰਲ (ਯੂ ਪੀ ਪੀ ਐੱਲ) ਨੂੰ 7 ਤੇ ਸੂਬੇ ਦੀ ਸੱਤਾਧਾਰੀ ਭਾਜਪਾ ਨੂੰ 5 ਸੀਟਾਂ ਹੀ ਮਿਲੀਆਂ ਹਨ। ਭਾਜਪਾ ਨੇ ਪਿਛਲੀ ਵਾਰ 9 ਸੀਟਾਂ ਜਿੱਤੀਆਂ ਸਨ। ਇਹ ਨਤੀਜਾ 2020 ਦੀਆਂ ਚੋਣਾਂ ਦੇ ਬਿਲਕੁਲ ਉਲਟ ਹੈ, ਜਦੋਂ ਯੂ ਪੀ ਪੀ ਐੱਲ-ਭਾਜਪਾ ਗੱਠਜੋੜ ਨੇ ਬੀ ਪੀ ਐੱਫ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਸੀ।

ਬੋਡੋਲੈਂਡ ਟੈਰੀਟੋਰੀਅਲ ਕੌਂਸਲ ਵਿੱਚ ਸੂਬੇ ਦੇ ਪੰਜ ਕਬਾਇਲੀ ਜ਼ਿਲ੍ਹੇ ਕੋਕਰਾਝਾਰ, ਚਿਰਾਂਗ, ਉਦਾਲਗੁੜੀ, ਬਕਸਾ ਤੇ ਤਮੁਲਪੁਰ ਆਉਂਦੇ ਹਨ। ਕਬਾਇਲੀਆਂ ਨੂੰ ਕੌਂਸਲ ਵਿੱਚ ਕੁਝ ਖਾਸ ਵਿਸ਼ੇਸ਼ ਅਧਿਕਾਰ ਮਿਲੇ ਹੋਏ ਹਨ। ਬੀ ਪੀ ਐੱਫ ਨੇ ਵਿਕਾਸ, ਬੇਰੁਜ਼ਗਾਰੀ ਤੇ ਸੱਭਿਆਚਾਰਕ ਪਛਾਣ ਦੇ ਮੁੱਦਿਆਂ ’ਤੇ ਚੋਣਾਂ ਲੜੀਆਂ, ਜਦਕਿ ਭਾਜਪਾ ਨੇ ਇਨ੍ਹਾਂ ਮੁੱਦਿਆਂ ’ਤੇ ਆਪਣੀਆਂ ਨਾਕਾਮੀਆਂ ਨੂੰ ਹਿੰਦੂ-ਮੁਸਲਮ ਦਾ ਰਾਗ ਅਲਾਪ ਕੇ ਲੁਕੋਣ ਦੀ ਕੋਸ਼ਿਸ਼ ਕੀਤੀ। ਉਸ ਨੇ ਇਹ ਪ੍ਰਚਾਰ ਕੀਤਾ ਕਿ ਆਸਾਮ ’ਤੇ ਮੁਸਲਮਾਨਾਂ ਦਾ ਕਬਜ਼ਾ ਹੋ ਗਿਆ ਤਾਂ ਹਿੰਦੂਆਂ ’ਤੇ ਅੱਤਿਆਚਾਰ ਹੋਣਗੇ।

ਕਬਾਇਲੀ ਇਲਾਕਿਆਂ ਵਿੱਚ 19 ਅਸੈਂਬਲੀ ਸੀਟਾਂ ਹਨ। 2021 ਦੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੇ ਬਹੁਤੀਆਂ ਸੀਟਾਂ ’ਤੇ ਕਬਜ਼ਾ ਕਰ ਲਿਆ ਸੀ। ਬੀ ਪੀ ਐੱਫ ਦੀ ਲਹਿਰ ਨਾਲ 10-12 ਸੀਟਾਂ ਵੀ ਖਤਰੇ ਵਿੱਚ ਪੈ ਗਈਆਂ ਤਾਂ ਭਾਜਪਾ ਨੂੰ 126 ਮੈਂਬਰੀ ਅਸੈਂਬਲੀ ’ਚ ਮੁੜ ਬਹੁਮਤ ਹਾਸਲ ਕਰਨਾ ਮੁਸ਼ਕਲ ਹੋ ਸਕਦਾ ਹੈ। ਉਂਜ ਬੀ ਪੀ ਐੱਫ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐੱਨ ਡੀ ਏ) ਦਾ ਹਿੱਸਾ ਹੈ ਤੇ ਭਾਜਪਾ ਮੁਸ਼ਕਲ ਵਾਲੀ ਹਾਲਤ ਵਿੱਚ ਕੌਮੀ ਹਿੱਤਾਂ ਦਾ ਵਾਸਤਾ ਪਾ ਕੇ ਉਸ ਨਾਲ ਮੁੜ ਦੋਸਤੀ ਪਾਉਣ ਦੀ ਕੋਸ਼ਿਸ਼ ਕਰ ਸਕਦੀ ਹੈ, ਪਰ ਸੂਬੇ ਵਿੱਚ ਭਾਜਪਾ ਦੀ ਧਰੁਵੀਕਰਨ ਦੀ ਸਿਆਸਤ ਜਾਰੀ ਰਹੀ ਤਾਂ ਲੱਗਦਾ ਨਹੀਂ ਕਿ ਬੀ ਪੀ ਐੱਫ ਦੇ ਉਸ ਨਾਲ ਪਹਿਲਾਂ ਵਾਲੇ ਰਿਸ਼ਤੇ ਰਹਿਣਗੇ। ਬੀ ਪੀ ਐੱਫ ’ਤੇ ਉਨ੍ਹਾਂ ਕਬਾਇਲੀਆਂ ਦਾ ਦਬਾਅ ਰਹੇਗਾ, ਜਿਨ੍ਹਾਂ ਉਨ੍ਹਾਂ ਨੂੰ ਕੌਂਸਲ ਵਿੱਚ ਜ਼ਬਰਦਸਤ ਬਹੁਮਤ ਦਿਵਾਇਆ ਹੈ।

# ਲੱਦਾਖ ਦੀ ਬੇਚੈਨੀ ਦਾ ਕਾਰਨ ਅਸਲ ’ਚ ਕੀ ਹੈ


ਡਾ. ਤੇਜਿੰਦਰ ਵਿਰਲੀ

ਲੱਦਾਖ ਨੂੰ ਰਾਜ ਦਾ ਦਰਜਾ ਦੇਣ ਲਈ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਤੋਂ ਦੋ ਦਿਨਾਂ ਬਾਅਦ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਸੋਨਮ ਨੇ ਵੀਰਵਾਰ ਨੂੰ ਹੀ ਕਿਹਾ ਸੀ ਕਿ ਉਹ ਗ੍ਰਿਫ਼ਤਾਰ ਹੋਣ ਤੋਂ ਨਹੀਂ ਡਰਦਾ।ਆਪਣੇ ਪਿੰਡ ਵਿੱਚ ਮੌਜੂਦ ਸੀ। ਹਾਲਾਂਕਿ, ਉਸ ਨੇ ਅਧਿਕਾਰੀਆਂ ’ਤੇ ਦੋਸ਼ ਲਗਾਇਆ ਕਿ ਉਹ ਉਸ ਨੂੰ ਬਲੀ ਦਾ ਬੱਕਰਾ ਬਣਾ ਰਹੇ ਹਨ ਅਤੇ ਮਾਮਲੇ ਨੂੰ ਹਲਕੇ ਤਰੀਕੇ ਨਾਲ ਨਜਿੱਠ ਰਹੇ ਹਨ।

‘ਦ ਹਿੰਦੂ’ ਦੇ ਅਨੁਸਾਰ-ਵਾਂਗਚੁਕ ਨੇ ਕਿਹਾ- ਇਹ ਜ਼ਖ਼ਮ ਭਰਨ ਦਾ ਤਰੀਕਾ ਨਹੀਂ, ਇਹ ਸਥਿਤੀ ਨੂੰ ਹੋਰ ਵਿਗੜੇਗਾ, ਇਹ ਨੌਜਵਾਨਾਂ ਨੂੰ ਹੋਰ ਗੁੱਸੇ ਕਰੇਗਾ। ਸਾਡੇ ਨਾਲ ਇਹ ਸਭ ਕਰਨ ਤੋਂ ਬਾਅਦ... ਛੇ ਸਾਲਾਂ ਦੀ ਬੇਰੁਜ਼ਗਾਰੀ, ਪੂਰੇ ਨਾ ਹੋਏ ਵਾਅਦਿਆਂ ਤੋਂ, ਉਹ ਹੁਣ ਹਰ ਚੀਜ਼ ਲਈ ਮੈਨੂੰ ਦੋਸ਼ੀ ਠਹਿਰਾ ਰਹੇ ਹਨ। ਨਿਊਜ਼ ਏਜੰਸੀ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਲੱਦਾਖ ਦੇ ਪੁਲਸ ਡਾਇਰੈਕਟਰ ਜਨਰਲ ਐੱਸ ਡੀ ਸਿੰਘ ਜਾਮਵਾਲ ਦੀ ਅਗਵਾਈ ਵਾਲੀ ਇੱਕ ਟੀਮ ਨੇ ਦੁਪਹਿਰ 2.30 ਵਜੇ ਦੇ ਕਰੀਬ ਵਾਂਗਚੁਕ ਨੂੰ ਹਿਰਾਸਤ ਵਿੱਚ ਲੈ ਲਿਆ।

ਲੱਦਾਖ ਨੂੰ ਰਾਜ ਦਾ ਦਰਜਾ ਦੇਣ ਅਤੇ ਸੰਵਿਧਾਨ ਦੇ ਛੇਵੇਂ ਸ਼ਡਿਊਲ ਵਿੱਚ ਸ਼ਾਮਲ ਕਰਨ ਦੀ ਮੰਗ ਕਰਦੇ ਹੋਏ ਪ੍ਰਦਰਸ਼ਨਾਂ ਦੌਰਾਨ ਬੁੱਧਵਾਰ ਨੂੰ ਪੁਲਸ ਗੋਲੀਬਾਰੀ ਅਤੇ ਹਿੰਸਾ ਭੜਕ ਗਈ। ਪ੍ਰਦਰਸ਼ਨਕਾਰੀਆਂ ਨੇ ਪੁਲਸ ਨਾਲ ਝੜਪਾਂ ਕੀਤੀਆਂ ਅਤੇ ਪੱਥਰ ਸੁੱਟੇ ਅਤੇ ਭਾਰਤੀ ਜਨਤਾ ਪਾਰਟੀ ਦੇ ਦਫਤਰ ਅਤੇ ਇੱਕ ਪੁਲਸ ਵਾਹਨ ਨੂੰ ਅੱਗ ਲਗਾ ਦਿੱਤੀ।

ਹਿੰਸਾ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਲੇਹ ਵਿੱਚ ਕਰਫਿਊ ਦਾ ਆਦੇਸ਼ ਦਿੱਤਾ। ਇੰਜੀਨੀਅਰ ਵਾਂਗਚੁਕ ਦੀ ਗ੍ਰਿਫ਼ਤਾਰੀ ਤੋਂ ਬਾਅਦ ਲੇਹ ਵਿੱਚ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ।ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਸੀ ਕਿ ਹਿੰਸਾ ਵਾਂਗਚੁਕ ਦੇ ਭੜਕਾਊ ਬਿਆਨਾਂ ਕਾਰਨ ਹੋਈ ਸੀ।

ਸੰਵਿਧਾਨ ਦੀ ਛੇਵੀਂ ਅਨੁਸੂਚੀ ਨਿਰਧਾਰਤ ਕਬਾਇਲੀ-ਪ੍ਰਭਾਵਸ਼ਾਲੀ ਖੇਤਰਾਂ ਵਿੱਚ ਨਾਗਰਿਕਾਂ ਲਈ ਜ਼ਮੀਨ ਦੀ ਸੁਰੱਖਿਆ ਅਤੇ ਨਾਮਾਤਰ ਖੁਦਮੁਖਤਿਆਰੀ ਦੀ ਗਰੰਟੀ ਦਿੰਦੀ ਹੈ। ਲੱਦਾਖ ਵਿੱਚ 97 ਫੀਸਦੀ ਤੋਂ ਵੱਧ ਆਬਾਦੀ ਅਨੁਸੂਚਿਤ ਕਬੀਲਿਆਂ ਦੀ ਹੈ।

ਵਾਂਗਚੁਕ ਨੇ ਇਨ੍ਹਾਂ ਮੰਗਾਂ ਨੂੰ ਦਬਾਉਣ ਲਈ ਬੀਤੀ 10 ਸਤੰਬਰ ਨੂੰ 35 ਦਿਨਾਂ ਦੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ।ਬੁੱਧਵਾਰ ਨੂੰ ਹੋਈਆਂ ਝੜਪਾਂ ਤੋਂ ਬਾਅਦ ਉਸ ਨੇ ਆਪਣੀ ਭੁੱਖ ਹੜਤਾਲ ਖਤਮ ਕੀਤੀ, ਸੰਜਮ ਦੀ ਅਪੀਲ ਕੀਤੀ ਅਤੇ ਕਿਹਾ ਕਿ ਹਿੰਸਾ ਸਹੀ ਤਰੀਕਾ ਨਹੀਂ ਸੀ।

ਉਸ ਨੇ ਲੱਦਾਖ ਲਈ ਸੰਵਿਧਾਨਕ ਸੁਰੱਖਿਆ ਦੀ ਮੰਗ ਕਰਦੇ ਹੋਏ ਕਈ ਵਿਰੋਧ ਪ੍ਰਦਰਸ਼ਨ ਕੀਤੇ ਹਨ, ਜਿਸ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 21 ਦਿਨਾਂ ਦੀ ਭੁੱਖ ਹੜਤਾਲ ਵੀ ਸ਼ਾਮਲ ਹੈ।

5 ਅਗਸਤ, 2019 ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਧਾਰਾ 370 ਦੇ ਤਹਿਤ ਜੰਮੂ ਅਤੇ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰ ਦਿੱਤਾ ਅਤੇ ਰਾਜ ਨੂੰ ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ।

ਇਸ ਦੇ ਨਾਲ ਹੀ ਲੱਦਾਖ ਵਿੱਚ ਵਿਧਾਨ ਸਭਾ ਦੀ ਘਾਟ ਕਾਰਨ ਕੇਂਦਰ ਸ਼ਾਸਤ ਪ੍ਰਦੇਸ਼ ਦੇ ਵਸਨੀਕਾਂ ਵਿੱਚ ਉਨ੍ਹਾਂ ਦੀ ਜ਼ਮੀਨ, ਕੁਦਰਤੀ ਸਰੋਤਾਂ ਅਤੇ ਰੋਜ਼ੀ-ਰੋਟੀ ਪ੍ਰਤੀ ਅਸੁਰੱਖਿਆ ਵਧ ਗਈ ਹੈ ਅਤੇ ਇਹ ਡਰ ਪੈਦਾ ਹੋ ਗਿਆ ਹੈ ਕਿ ਇਸ ਖੇਤਰ ਦੀ ਸੱਭਿਆਚਾਰਕ ਪਛਾਣ ਅਤੇ ਨਾਜ਼ੁਕ ਵਾਤਾਵਰਣ ਖ਼ਤਰੇ ਵਿੱਚ ਪੈ ਸਕਦਾ ਹੈ।

ਇਸ ਪਿਛੋਕੜ ਵਿੱਚ ਸਿਵਲ ਸਮਾਜ ਸਮੂਹ ਮੰਗ ਕਰ ਰਹੇ ਹਨ ਕਿ ਲੱਦਾਖ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਜੋ ਇਸ ਦੀ ਪਛਾਣ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਛੇਵੀਂ ਅਨੁਸੂਚੀ ਵਿੱਚ ਲੱਦਾਖ ਨੂੰ ਸ਼ਾਮਲ ਕਰਨ ਨਾਲ ਜ਼ਮੀਨ, ਜਨਤਕ ਸਿਹਤ ਅਤੇ ਖੇਤੀਬਾੜੀ ਨੂੰ ਨਿਯੰਤਰਿਤ ਕਰਨ ਲਈ ਖੁਦਮੁਖਤਿਆਰ ਵਿਕਾਸ ਕੌਂਸਲਾਂ ਬਣਾਉਣ ਦੀ ਆਗਿਆ ਮਿਲੇਗੀ। ਅਸਾਮ, ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ ਵਿੱਚ ਅਜਿਹੀਆਂ ਦਸ ਕੌਂਸਲਾਂ ਮੌਜੂਦ ਹਨ,।

‘ਦ ਇੰਡੀਅਨ ਐੱਕਸਪ੍ਰੈੱਸ’ ਦੀ ਰਿਪੋਰਟ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਵੀਰਵਾਰ ਨੂੰ ਕਾਰਕੁਨ ਸੋਨਮ ਵਾਂਗਚੁਕ ਦੇ ਐੱਨ ਜੀ ਓ ਦਾ ਵਿਦੇਸ਼ੀ ਯੋਗਦਾਨ ਨਿਯਮ ਐਕਟ ਲਾਇਸੈਂਸ ਰੱਦ ਕਰ ਦਿੱਤਾ।ਇੱਕ ਐੱਨ ਜੀ ਓ ਲਈ ਵਿਦੇਸ਼ੀ ਫੰਡ ਪ੍ਰਾਪਤ ਕਰਨ ਲਈ ਵਿਦੇਸ਼ੀ ਯੋਗਦਾਨ ਨਿਯਮ ਐਕਟ ਅਧੀਨ ਰਜਿਸਟ੍ਰੇਸ਼ਨ ਲਾਜ਼ਮੀ ਹੈ।

ਕੇਂਦਰੀ ਜਾਂਚ ਬਿਊਰੋ ਨੇ ਦੋ ਮਹੀਨੇ ਪਹਿਲਾਂ ਵਾਂਗਚੁਕ ਦੁਆਰਾ ਚਲਾਏ ਜਾ ਰਹੇ ਐੱਨ ਜੀ ਓ ਸਟੂਡੈਂਟਸ ਐਜੂਕੇਸ਼ਨਲ ਐਂਡ ਕਲਚਰਲ ਮੂਵਮੈਂਟ ਆਫ਼ ਲੱਦਾਖ ਦੁਆਰਾ ਵਿਦੇਸ਼ੀ ਯੋਗਦਾਨ ਨਿਯਮ ਐਕਟ ਦੀ ਕਥਿਤ ਉਲੰਘਣਾ ਦੀ ਮੁੱਢਲੀ ਜਾਂਚ ਸ਼ੁਰੂ ਕੀਤੀ ਸੀ।

ਗ੍ਰਹਿ ਮੰਤਰਾਲਾ ਜਵਾਬ ਨਾਲ ਅਸਹਿਮਤ ਸੀ। ਅਜਿਹਾ ਲੱਗਦਾ ਹੈ ਕਿ ਇਹ ਰਕਮ ਐਕਟ ਦੀ ਧਾਰਾ 17 ਦੀ ਉਲੰਘਣਾ ਕਰਕੇ ਨਕਦੀ ਵਿੱਚ ਪ੍ਰਾਪਤ ਕੀਤੀ ਗਈ ਹੈ, ਜਿਸ ਦਾ ਐਸੋਸੀਏਸ਼ਨ ਨੇ ਆਪਣੇ ਜਵਾਬ ਵਿੱਚ ਸਹੀ ਢੰਗ ਨਾਲ ਖੁਲਾਸਾ ਨਹੀਂ ਕੀਤਾ।

3.3 ਲੱਖ ਰੁਪਏ ਦਾ ਲੈਣ-ਦੇਣ FCRA ਖਾਤੇ ਵਿੱਚ ਨਹੀਂ ਦਿਖਾਈ ਦਿੰਦਾ, ਜੋ ਕਿ ਐਕਟ ਦੇ ਇੱਕ ਹੋਰ ਭਾਗ ਦੀ ਉਲੰਘਣਾ ਕਰਦਾ ਹੈ, ਹੁਕਮ ਵਿੱਚ ਦੋਸ਼ ਲਗਾਏ ਗਏ ਹਨ।

ਗ੍ਰਹਿ ਮੰਤਰਾਲੇ ਨੇ ਇਹ ਵੀ ਕਿਹਾ ਕਿ ਸੰਗਠਨ ਨੂੰ 2021- 22 ਦੇ ਖਾਤਿਆਂ ਅਨੁਸਾਰ ਐਕਟ ਦੀ ਧਾਰਾ 12 (4) ਦੀ ਉਲੰਘਣਾ ਕਰਦੇ ਹੋਏ ਵਿਦੇਸ਼ੀ ਦਾਨੀਆਂ ਤੋਂ 4.9 ਲੱਖ ਰੁਪਏ ਪ੍ਰਾਪਤ ਹੋਏ ਸਨ। ਇਹ ਧਾਰਾ ਵਿਦੇਸ਼ੀ ਫੰਡ ਪ੍ਰਾਪਤ ਕਰਨ ਦੀ ਯੋਗਤਾ ਨਾਲ ਸੰਬੰਧਤ ਹੈ।

ਵਾਂਗਚੁਕ ਦੇ ਗੈਰ-ਸਰਕਾਰੀ ਸੰਗਠਨ ਨੇ ਕਿਹਾ ਕਿ ਦਾਨ ਨੌਜਵਾਨਾਂ ਦੀ ਜਾਗਰੂਕਤਾ ਲਈ ਸੀ।

ਪਰ ਮੰਤਰਾਲੇ ਨੇ ਦੋਸ਼ ਲਗਾਇਆ ਕਿ NGO ਦੇ ਜਵਾਬ ਦੇ ਅਨੁਸਾਰ ਅਧਿਐਨ ਕੀਤੇ ਜਾਣ ਵਾਲੇ ਵਿਸ਼ੇ ਦੇਸ਼ ਦੀ ਪ੍ਰਭੂਸੱਤਾ ’ਤੇ ਸਨ, ਜੋ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਦੇ ਹਨ।

ਵਾਂਗਚੁਕ ਦਾ ਕਹਿਣਾ ਹੈ ਕਿ ਉਸ ਨੂੰ ਬਲੀ ਦਾ ਬੱਕਰਾ ਬਣਾਉਣ ਦੀ ਰਣਨੀਤੀ ਵਜੋਂ ਦੋਸ਼ੀ ਠਹਿਰਾਉਣਾ 2019 ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਬਣਾਏ ਜਾਣ ਤੋਂ ਬਾਅਦ ਲੱਦਾਖ ਵਿੱਚ ਸੰਵਿਧਾਨਕ ਸੁਰੱਖਿਆ ਦੀਆਂ ਮੰਗਾਂ ਤੇਜ਼ ਹੋ ਗਈਆਂ ਹਨ।

ਬੁੱਧਵਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਪੁਲਸ ਨਾਲ ਝੜਪ ਕੀਤੀ ਅਤੇ ਪੱਥਰ ਸੁੱਟੇ ਅਤੇ ਭਾਰਤੀ ਜਨਤਾ ਪਾਰਟੀ ਦੇ ਦਫਤਰ ਅਤੇ ਇੱਕ ਪੁਲਸ ਵਾਹਨ ਨੂੰ ਅੱਗ ਲਗਾ ਦਿੱਤੀ।ਵੀਰਵਾਰ ਨੂੰ 50 ਤੋਂ ਵੱਧ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਲੇਹ ਵਿੱਚ ਕਰਫਿਊ ਲਗਾ ਦਿੱਤਾ ਗਿਆ।

ਸਰਕਾਰ ਦੇ ਇਸ ਦਾਅਵੇ ਦਾ ਜਵਾਬ ਦਿੰਦੇ ਹੋਏ ਕਿ ਉਸ ਨੇ ਹਿੰਸਾ ਭੜਕਾਈ ਸੀ, ਵਾਂਗਚੁਕ ਨੇ ਵੀਰਵਾਰ ਨੂੰ ਪੀ ਟੀ ਆਈ ਨੂੰ ਦੱਸਿਆ ਕਿ ਉਸ ਦੀ ਕੈਦ ਕੇਂਦਰ ਲਈ ਹੋਰ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਉਸ ਨੇ ਕਿਹਾ ਕਿ ਮੰਤਰਾਲੇ ਦਾ ਉਸ ਨੂੰ ਦੋਸ਼ੀ ਠਹਿਰਾਉਣ ਦਾ ਕੰਮ ਬਲੀ ਦਾ ਬੱਕਰਾ ਸੀ।

5 ਅਗਸਤ, 2019 ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਧਾਰਾ 370 ਦੇ ਤਹਿਤ ਜੰਮੂ ਅਤੇ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰ ਦਿੱਤਾ ਅਤੇ ਰਾਜ ਨੂੰ ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ।

ਇਸ ਦੇ ਨਾਲ ਲੱਦਾਖ ਵਿੱਚ ਵਿਧਾਨ ਸਭਾ ਦੀ ਘਾਟ ਦੇ ਨਾਲ ਕੇਂਦਰ ਸ਼ਾਸਤ ਪ੍ਰਦੇਸ਼ ਦੇ ਵਸਨੀਕਾਂ ਵਿੱਚ ਆਪਣੀ ਜ਼ਮੀਨ, ਕੁਦਰਤ, ਸਰੋਤਾਂ ਅਤੇ ਰੋਜ਼ੀ-ਰੋਟੀ ਬਾਰੇ ਅਸੁਰੱਖਿਆ ਵਧ ਗਈ ਹੈ ਅਤੇ ਡਰ ਪੈਦਾ ਹੋਇਆ ਹੈ ਕਿ ਖੇਤਰ ਦੀ ਸੱਭਿਆਚਾਰਕ ਪਛਾਣ ਅਤੇ ਨਾਜ਼ੁਕ ਵਾਤਾਵਰਣ ਖ਼ਤਰੇ ਵਿੱਚ ਪੈ ਸਕਦਾ ਹੈ।

ਇਸ ਪਿਛੋਕੜ ਵਿੱਚ ਸਿਵਲ ਸਮਾਜ ਸਮੂਹ ਮੰਗ ਕਰ ਰਹੇ ਹਨ ਕਿ ਲੱਦਾਖ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਜੋ ਇਸ ਦੀ ਪਛਾਣ ਦੀ ਰੱਖਿਆ ਕੀਤੀ ਜਾ ਸਕੇ।

ਛੇਵੀਂ ਅਨੁਸੂਚੀ ਵਿੱਚ ਲੱਦਾਖ ਨੂੰ ਸ਼ਾਮਲ ਕਰਨ ਨਾਲ ਜ਼ਮੀਨ, ਜਨਤਕ ਸਿਹਤ ਅਤੇ ਖੇਤੀਬਾੜੀ ਨੂੰ ਨਿਯੰਤਰਿਤ ਕਰਨ ਲਈ ਖੁਦਮੁਖਤਿਆਰ ਵਿਕਾਸ ਪ੍ਰੀਸ਼ਦਾਂ ਦੀ ਸਿਰਜਣਾ ਸੰਭਵ ਹੋਵੇਗੀ।

ਵਾਂਗਚੁਕ ਨੇ ਬੀਤੀ 10 ਸਤੰਬਰ ਨੂੰ ਮੰਗਾਂ ਨੂੰ ਲੈ ਕੇ 35 ਦਿਨਾਂ ਦੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ, ਜੋ ਉਨ੍ਹਾਂ ਬੁੱਧਵਾਰ ਨੂੰ ਹੋਈ ਹਿੰਸਾ ਤੋਂ ਬਾਅਦ ਖਤਮ ਕਰ ਦਿੱਤੀ। ਉਨ੍ਹਾ ਲੱਦਾਖ ਲਈ ਸੰਵਿਧਾਨਕ ਸੁਰੱਖਿਆ ਦੀ ਮੰਗ ਕਰਦੇ ਹੋਏ ਕਈ ਵਿਰੋਧ ਪ੍ਰਦਰਸ਼ਨ ਕੀਤੇ ਹਨ, ਜਿਨ੍ਹਾਂ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 21 ਦਿਨਾਂ ਦੀ ਭੁੱਖ ਹੜਤਾਲ ਵੀ ਸ਼ਾਮਲ ਹੈ।

ਸੋਨਮ ਵਾਂਗਚੁਕ ਪਿਛਲੇ ਪੰਜ ਸਾਲਾਂ ਤੋਂ ਦੁਹਰਾ ਰਿਹਾ ਹੈ ਕਿ ਚੀਨ ਨੇ 4,000 ਵਰਗ ਕਿਲੋਮੀਟਰ ਭਾਰਤੀ ਖੇਤਰ (ਲੱਦਾਖ) ’ਤੇ ਕਬਜ਼ਾ ਕਰ ਲਿਆ ਹੈ। ਉਸ ਨੇ ਵਾਰ-ਵਾਰ ਇਸ ਦੇ ਸਬੂਤ ਪੇਸ਼ ਕੀਤੇ ਹਨ। ਭਾਰਤ ਸਰਕਾਰ ਨੇ ਇਸ ਤੋਂ ਲਗਾਤਾਰ ਇਨਕਾਰ ਕੀਤਾ ਹੈ।

ਚੀਨੀ ਕਬਜ਼ਾ ਸਾਬਤ ਕਰਨ ਲਈ ਵਾਂਗ ਚੁਕ ਨੇ ਪਸ਼ਮੀਨਾ ਮਾਰਚ ਦਾ ਐਲਾਨ ਕੀਤਾ, ਪਰ ਭਾਰਤ ਸਰਕਾਰ ਨੇ ਪ੍ਰਵਾਨਗੀ ਨਹੀਂ ਦਿੱਤੀ।

ਉਸ ਨੇ ਦਲੀਲ ਦਿੱਤੀ ਕਿ ਜੇਕਰ ਚੀਨ ਨੇ 2020 ਤੋਂ ਪਹਿਲਾਂ ਭਾਰਤ ਦੇ ਉਨ੍ਹਾਂ ਖੇਤਰਾਂ ’ਤੇ ਕਬਜ਼ਾ ਨਹੀਂ ਕੀਤਾ ਹੁੰਦਾ, ਜਿੱਥੇ ਲੱਦਾਖ ਦੀਆਂ ਭੇਡਾਂ-ਬੱਕਰੀਆਂ ਲੈਣ ਕੇ ਚਰਵਾਹੇ ਜਾਂਦੇ ਸਨ, ਤਾਂ ਸਾਨੂੰ ਉਨ੍ਹਾਂ ਖੇਤਰਾਂ ਤੱਕ ਪਹੁੰਚਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਸੀ। ਉਨ੍ਹਾ ਨੇ ਇਸ ਦਾ ਨਾਂਅ ‘ਪਸ਼ਮੀਨਾ ਮਾਰਚ’ ਰੱਖਿਆ।

‘ਪਸ਼ਮੀਨਾ ਮਾਰਚ’ ਇਸ ਲਈ ਦਿੱਤਾ ਗਿਆ, ਕਿਉਂਕਿ ਇਹ ਭੇਡਾਂ ਪਸ਼ਮੀਨਾ ਉੱਨ ਪੈਦਾ ਕਰਦੀਆਂ ਹਨ, ਜੋ ਕਿ ਦੁਨੀਆ ਭਰ ਵਿੱਚ ਮਸ਼ਹੂਰ ਹੈ। ਭਾਰਤ ਸਰਕਾਰ ਨੇ ਇਸ ਮਾਰਚ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਇਸ ਦੀ ਬਜਾਏ ਲੱਦਾਖ ਵਿੱਚ ਧਾਰਾ 144 ਲਗਾਉਣ ਅਤੇ ਇੰਟਰਨੈੱਟ ਬੰਦ ਕਰਨ ਦੀ ਧਮਕੀ ਦਿੱਤੀ, ਜੇਕਰ ਇਹ ਕੀਤਾ ਗਿਆ। ਇਸ ਦਾ ਮਤਲਬ ਸੀ ਕਿ ਲੱਦਾਖ ਦਾ ਸੈਰ-ਸਪਾਟਾ ਕਾਰੋਬਾਰ ਬੰਦ ਹੋ ਜਾਵੇਗਾ, ਜਿਸ ਨਾਲ ਲੱਦਾਖ ਦੇ ਵਸਨੀਕਾਂ ਦੀ ਆਰਥਿਕ ਰੀੜ੍ਹ ਦੀ ਹੱਡੀ ਟੁੱਟ ਜਾਵੇਗੀ

ਸੋਨਮ ਵਾਂਗਚੁਕ ਨੇ ਕਾਰਪੋਰੇਟ ਪਲਾਟ ਦੇ ਨਾਂਅ ’ਤੇ ਲੱਦਾਖ ਦੀ ਚਰਾਗਾਹ ਵਾਲੀ ਜ਼ਮੀਨ ਅਡਾਨੀ ਨੂੰ ਦੇਣ ਦਾ ਸਖ਼ਤ ਵਿਰੋਧ ਕੀਤਾ। ਤੇ ਮੰਗ ਕੀਤੀ ਚਰਵਾਹਿਆਂ ਨੂੰ ਉਨ੍ਹਾਂ ਦੀਆਂ ਚਰਾਗਾਹ ਵਾਲੀਆਂ ਜ਼ਮੀਨਾਂ ਵਾਪਸ ਦੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਸ ਨੇ ਇਹ ਵੀ ਕਿਹਾ ਕਿ ਚੀਨ ਨੇ ਕੁਝ ਚਰਾਗਾਹ ਵਾਲੀਆਂ ਜ਼ਮੀਨਾਂ ਤੇ ਕਬਜ਼ਾ ਕਰ ਲਿਆ ਹੈ ਅਤੇ ਬਾਕੀ ਬਚੀਆਂ ਕਾਰਪੋਰੇਸ਼ਨਾਂ ਨੂੰ ਸੌਂਪੀਆਂ ਜਾ ਰਹੀਆਂ ਹਨ।

ਵਾਂਗਚੁਕ ਦਾ ਕਹਿਣਾ ਹੈ ਕਿ ਹਿਮਾਲੀਅਨ ਵਾਤਾਵਰਣ, ਜੋ ਕਿ ਨਾ ਸਿਰਫ਼ ਲੱਦਾਖ ਦੀ ਸਗੋਂ ਉੱਤਰੀ ਭਾਰਤ ਦੀ ਜੀਵਨ ਰੇਖਾ ਹੈ, ਨੂੰ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਉੱਤਰੀ ਭਾਰਤ ਵਿੱਚੋਂ ਵਗਣ ਵਾਲੀਆਂ ਨਦੀਆਂ ਇੱਥੋਂ ਹੀ ਨਿਕਲਦੀਆਂ ਹਨ। ਇੱਥੋਂ ਦੇ ਗਲੇਸ਼ੀਅਰ ਇਨ੍ਹਾਂ ਨਦੀਆਂ ਦਾ ਸਰੋਤ ਹਨ। ਵਿਕਾਸ ਦੇ ਨਾਮ ਤੇ ਲੱਦਾਖ ਦੇ ਨਾਜ਼ੁਕ ਵਾਤਾਵਰਣ ਨਾਲ ਛੇੜਛਾੜ ਕੀਤੀ ਜਾ ਰਹੀ ਹੈ, ਜੋ ਸਾਡੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਿਨਾਸ਼ਕਾਰੀ ਸਾਬਤ ਹੋਵੇਗੀ।

ਸੋਨਮ ਦਾ ਕਹਿਣਾ ਹੈ ਕਿ ਲੱਦਾਖ ਨੂੰ ਛੇਵੀਂ ਅਨੁਸੂਚੀ ਦੇਣ ਦਾ ਇਹ ਵਾਅਦਾ ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਰੱਦ ਕਰਨ ਵੇਲੇ ਕੀਤਾ ਗਿਆ ਸੀ। ਅਕਤੂਬਰ 2020 ਵਿੱਚ ਲੱਦਾਖ ਪਹਾੜੀ ਪ੍ਰੀਸ਼ਦ ਦੀਆਂ ਚੋਣਾਂ ਦੌਰਾਨ ਵੀ ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਲੱਦਾਖ ਨੂੰ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦਾ ਵਾਅਦਾ ਕੀਤਾ ਸੀ। ਛੇਵੀਂ ਅਨੁਸੂਚੀ ਲੱਦਾਖ ਦੇ ਲੋਕਾਂ ਦੀ ਇੱਕ ਪ੍ਰਮੁੱਖ ਮੰਗ ਹੈ, ਅਤੇ ਪਹਿਲਾਂ ਵੀ ਅਜਿਹਾ ਹੀ ਰਿਹਾ ਹੈ।

ਭਾਰਤੀ ਸੰਵਿਧਾਨ ਦੀ ਛੇਵੀਂ ਅਨੁਸੂਚੀ ਦੇ ਤਹਿਤ ਚਾਰ ਉੱਤਰ-ਪੂਰਬੀ ਰਾਜਾਂ - ਅਸਾਮ, ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ ਵਿੱਚ ਆਟੋਨੋਮਸ ਜ਼ਿਲ੍ਹਾ ਪ੍ਰੀਸ਼ਦਾਂ (ADCs) ਦੀ ਸਥਾਪਨਾ ਕੀਤੀ ਗਈ ਹੈ।

# ਸੰਪਰਕ : 94647-97400

ਬਰਸੀ ’ਤੇ ਵਿਸ਼ੇਸ਼


# ਮਹਾਨ ਨੌਜਵਾਨ ਗ਼ਦਰੀ ਸ਼ਹੀਦ ਪ੍ਰੇਮ ਸਿੰਘ ਸਰਾਭਾ

ਜਸਦੇਵ ਸਿੰਘ ਲਲਤੋਂ

ਪ੍ਰੇਮ ਸਿੰਘ ਦਾ ਜਨਮ ਪਿਤਾ ਜੀਵਾ ਸਿੰਘ ਦੇ ਘਰੇ ਮਾਤਾ ਜਿਉਣ ਕੌਰ ਦੀ ਕੁੱਖੋਂ ਹੋਇਆ।ਆਪ ਜੀ ਦੇ ਦੋ ਹੋਰ ਭਰਾ ਤੇਜਾ ਸਿੰਘ ਸਫਰੀ (ਮਹਾਨ ਗ਼ਦਰੀ ਯੋਧਾ) ਤੇ ਜਗੀਰ ਸਿੰਘ ਸਨ। ਪ੍ਰੇਮ ਸਿੰਘ ’ਤੇ ਜਿੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਮਹਾਨ ਸੰਗ੍ਰਾਮੀ ਜੀਵਨ ਤੇ ਸ਼ਹਾਦਤ ਦਾ ਵੱਡਾ ਪ੍ਰਭਾਵ ਪਿਆ, ਉਥੇ ਗ਼ਦਰੀ ਸੂਰਮੇ ਵੱਡੇ ਵੀਰ ਤੇਜਾ ਸਿੰਘ ਸਫਰੀ ਦੀਆਂ ਇਨਕਲਾਬੀ ਸਰਗਰਮੀਆਂ ਦਾ ਵੀ ਡੂੰਘਾ ਅਸਰ ਹੋਇਆ।

ਪ੍ਰੇਮ ਸਿੰਘ ਦੀ ਉਮਰ ਅਜੇ 15 ਸਾਲ ਦੀ ਹੀ ਸੀ ਕਿ ਉਸ ਨੇ 1930 ਵਿੱਚ ਕਲਕੱਤਾ ਵਿਖੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਵੱਡੇ ਜਲੂਸ ਵਿੱਚ ਹਿੱਸਾ ਲਿਆ।ਪੁਲਸ ਨੇ ਭਾਰੀ ਲਾਠੀਚਾਰਜ ਕੀਤਾ। ਜ਼ਖਮੀ ਹੋਏ ਸੁਭਾਸ਼ ਨੂੰ ਜਦੋਂ ਹਸਪਤਾਲ ’ਚ ਪਤਾ ਲੱਗਾ ਕਿ ਪ੍ਰੇਮ ਸਿੰਘ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡੋਂ ਹੈ ਤਾਂ ਉਹ ਬਹੁਤ ਖੁਸ਼ ਹੋਏ। ਆਪ ਕਲਕੱਤੇ ਰਹਿੰਦਿਆਂ ਪੰਜਾਬੀ ਨੌਜਵਾਨ ਸਭਾ ਦੇ ਜਨਰਲ ਸਕੱਤਰ ਬਣੇ। ਪ੍ਰੇਮ ਸਿੰਘ ਸੁਭਾਸ਼ ਚੰਦਰ ਬੋਸ ਨਾਲ ਉਨ੍ਹਾਂ 7 ਆਦਮੀਆਂ ’ਚੋਂ ਸਨ, ਜਿਨ੍ਹਾ ਕਲਕੱਤਾ ਜੇਲ੍ਹ ਉਪਰ ਤਿਰੰਗਾ ਝੰਡਾ ਲਹਿਰਾ ਦਿੱਤਾ ਸੀ। ਇਸ ਮੌਕੇ ਜਦੋਂ ਪੁਲਸ ਸੁਭਾਸ਼ ਨੂੰ ਕੁੱਟ ਰਹੀ ਸੀ, ਤਾਂ ਪ੍ਰੇਮ ਸਿੰਘ ਉਸ ਉਪਰ ਪੈ ਗਿਆ ਤੇ ਆਪ ਜਬਰ ਝੱਲਦਾ ਰਿਹਾ।ਆਪ ਜੀ ’ਤੇ ਬੰਗਾਲ ਹਕੂਮਤ ਨੇ ਨੰਗੀ ਤਲਵਾਰ ਰੱਖਣ ਦਾ ਕੇਸ ਵੀ ਪਾਇਆ। ਆਪ ਜੀ ਗ਼ਦਰ-ਕਾਵਿ ਵੀ ਰਚਦੇ ਸਨ।ਆਪ ਦੀਆਂ ਰਚਨਾਵਾਂ ‘ਪੰਜਾਬੀ ਪ੍ਰਤਿੱਕਾ’ (ਕਲਕੱਤਾ) ਵਿੱਚ ਛਪਦੀਆਂ।

ਤੇਜਾ ਸਿੰਘ ਸਫਰੀ ਤੇ ਪ੍ਰੇਮ ਸਿੰਘ ਸਰਾਭਾ ਨੇ 1932 ’ਚ ਪਹਿਲੀ ਵੇਰ ਆਪ ਦੀ ਅਗਵਾਈ ਹੇਠ ਪਿੰਡ ਤੇ ਇਲਾਕੇ ਦਾ ਵੱਡਾ ਇਕੱਠ ਕਰਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਮਨਾਈ।ਅੰਗਰੇਜ਼ ਹਕੂਮਤ ਵੱਲੋਂ ਭਾਰੀ ਪੁਲਸ ਫੋਰਸ ਲਗਾਉਣ ਦੇ ਬਾਵਜੂਦ ਆਪ ਨੇ ਨਿਰਭੈ ਹੋ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ।ਬਾਅਦ ’ਚ ਦੋਨੋਂ ਭਰਾਵਾਂ ਸਮੇਤ ਦਰਜਨਾਂ ਆਗੂਆਂ ਤੇ ਵਰਕਰਾਂ ਨੂੰ ਫੜ ਕੇ ਜੇਲ੍ਹਾਂ ’ਚ ਬੰਦ ਕਰ ਦਿੱਤਾ ਗਿਆ। ਲੰਮੇ ਅਰਸੇ ਬਾਅਦ ਰਿਹਾਈ ਉਪਰੰਤ ਬਾਹਰ ਆ ਕੇ ਫਿਰ ਆਪ ਨੇ ਅੰਗਰੇਜ਼ ਹਕੂਮਤ ਵਿਰੁੱਧ ਅਸਲੀ ਆਜ਼ਾਦੀ ’ਤੇ ਖਰੇ ਲੋਕ ਜਮਹੂਰੀ ਰਾਜ ਪ੍ਰਬੰਧ ਦੀ ਸਿਰਜਣਾ ਲਈ ਜਦੋ-ਜਹਿਦ ਜਾਰੀ ਰੱਖੀ।ਸੰਨ 1946 ਦੀ ਲੁਧਿਆਣਾ ਕਾਨਫਰੰਸ ਮੌਕੇ ਪ੍ਰੇਮ ਸਿੰਘ ਨੇ ਬਹੁਤ ਹੀ ਸੂਝ ਅਤੇ ਜੋਸ਼ ਭਰਪੂਰ ਤਕਰੀਰ ਰਾਹੀਂ ਗੋਰੀ ਹਕੂਮਤ ਨੂੰ ਨੰਗਾ ਕੀਤਾ।ਸਿੱਟੇ ਵਜੋਂ ਇਕ ਹੋਰ ਨਵਾਂ ਕੇਸ ਦਰਜ ਕਰਕੇ ਆਪ ਨੂੰ ਮੁੜ ਕੈਦ ਕਰ ਲਿਆ ਗਿਆ।ਮੁੜ ਰਿਹਾਈ ਉਪਰੰਤ ਆਪ ਨੂੰ ਕਈ ਵਾਰ ਪਿੰਡ ’ਚ ਵੀ ਜੂਹ ਬੰਦ ਕੀਤਾ, ਪਰ ਇਸ ਨੂੰ ਟਿੱਚ ਸਮਝਦੇ ਹੋਏ ਆਪ ਫਰਾਰ ਹੋ ਜਾਂਦੇ ਰਹੇ। 15 ਅਗਸਤ 1947 ਮੌਕੇ ਹਿੰਦ-ਪਾਕਿ ਦੀ ਵੰਡ ਵੇਲੇ 10 ਲੱਖ ਲੋਕਾਂ ਦੇ ਫਿਰਕੂ ਕਤਲੇਆਮ ਕਾਰਨ ਪ੍ਰੇਮ ਸਿੰਘ ਸਰਾਭਾ, ਤੇਜਾ ਸਿੰਘ ਸਫਰੀ ਸਮੇਤ ਅਨੇਕਾਂ


ਸ਼ਹੀਦ ਪ੍ਰੇਮ ਸਿੰਘ ਸਰਾਭਾ

ਕਮਿਊਨਿਸਟ ਯੋਧਿਆਂ ਨੇ ਸਮਝਿਆ ਕਿ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਵੱਡਾ ਧੋਖਾ ਹੋ ਗਿਆ ਹੈ। ਸੋ ਆਪ ਨੇ ਕਾਲੇ ਅੰਗਰੇਜ਼ਾਂ ਵਿਰੁੱਧ ਵੀ ਬਗਾਵਤ ਦਾ ਝੰਡਾ ਚੁੱਕ ਲਿਆ। ਸਿੱਟੇ ਵਜੋਂ ਪ੍ਰੇਮ ਸਿੰਘ ਨੂੰ ਮੁੜ ਜੇਲ੍ਹ ’ਚ ਡੱਕ ਦਿੱਤਾ ਗਿਆ। ਜੇਲ੍ਹ ’ਚੋਂ ਪਾੜ ਲਾ ਕੇ ਤਿੰਨ ਜੁਝਾਰੂ ਕੈਦੀ ਕਾਮਰੇਡ ਵਿਧਾਤਾ ਰਾਮ, ਰਾਜਿੰਦਰ ਸਿੰਘ ਤੇ ਗੁਰਚਰਨ ਸਿੰਘ ਰੰਧਾਵਾ ਫਰਾਰ ਹੋ ਗਏ। ਪ੍ਰੇਮ ਸਿੰਘ ’ਤੇ ਭਾਰੀ ਤਸ਼ੱਦਦ ਕੀਤਾ ਗਿਆ। ਪੁਲਸ ਨੇ ਆਪ ਨੂੰ ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ। ਆਪ ਦੀ ਮ੍ਰਿਤਕ ਦੇਹ ਲੈਣ ਲਈ ਕਾਮਰੇਡ ਭਾਗ ਸਿੰਘ ਸਰਾਭਾ ਸਾਥੀਆਂ ਸਮੇਤ ਲੁਧਿਆਣਾ ਜੇਲ੍ਹ ਪੁੱਜੇ, ਪਰ ਉਨ੍ਹਾਂ ਨੂੰ ਕੋਰਾ ਜਵਾਬ ਦਿੱਤਾ ਗਿਆ ਅਤੇ ਮ੍ਰਿਤਕ ਦੇਹ ਨੂੰ ਜਬਰੀ ਜੇਲ੍ਹ ਦੇ ਅੰਦਰ ਹੀ ਦਫਨ ਕਰ ਦਿੱਤਾ ਗਿਆ।

ਪ੍ਰੇਮ ਸਿੰਘ ਸਰਾਭਾ ਨੇ ਸ਼ਹੀਦ ਹੋਣ ਤੋਂ ਪਹਿਲਾਂ ਵਜ਼ੀਰੇ ਆਜ਼ਮ ਜਵਾਹਰ ਲਾਲ ਨਹਿਰੂ ਨੂੰ ਇਕ ਪੱਤਰ ਲਿਖਿਆ, ਜਿਸ ਦੀ ਬਹੁਤ ਹੀ ਵੱਡੀ ਇਤਿਹਾਸਕ ਅਹਿਮੀਅਤ ਹੈ, ਜਿਸ ਦੀ ਸੰਖੇਪ ਸ਼ਬਦਾਵਲੀ ਇਸ ਤਰ੍ਹਾਂ ਹੈ: ‘ਅਸੀਂ ਜਿਹੜੇ ਅਸਲੀ ਆਜ਼ਾਦੀ ਤੇ ਸੱਚੀ ਬਰਾਬਰੀ ਲਈ ਲੜੇ, ਅੱਜ ਜੇਲ੍ਹਾਂ ਵਿੱਚ ਜੱਦੋ-ਜਹਿਦ ਕਰਦੇ ਮਰ ਰਹੇ ਹਾਂ। ਤੁਸੀਂ ਜਨਤਾ ਤੋਂ ਦੂਰ ਚਲੇ ਗਏ ਹੋ।ਆਪਣੇ ਭਾਰਤ ਤੋਂ ਦੂਰ। ਤੁਸੀਂ ਅਮਰੀਕਾ ਤੇ ਬਰਤਾਨੀਆ ਦੇ ਸ਼ਾਹੀ ਖਾਨਦਾਨਾਂ ਦੇ ਨੇੜੇ ਹੋ ਗਏ ਹੋ। ਸਾਡੀ ਤੇ ਕਿਰਤੀਆਂ ਦੀ ਵਫ਼ਾ ਤੇ ਤਪੱਸਿਆ ਆਪਣੇ ਹੱਕ ਮੰਗਦੀ ਹੈ। ਤੁਸੀਂ ਕਿਰਤੀਆਂ ਵੱਲ ਪਿੱਠ ਕਰ ਰਹੇ ਹੋ ਤੇ ਸਾਮਰਾਜੀਆਂ ਵੱਲ ਮੂੰਹ ਕਰ ਰਹੇ ਹੋ।ਤੁਸੀਂ ਜੋ ਕੀਤਾ, ਚੰਗਾ ਨਹੀਂ ਕੀਤਾ।ਸਾਡੀਆਂ ਜੇਲ੍ਹਾਂ ਵਿੱਚ ਹੋ ਰਹੀਆਂ ਸ਼ਹੀਦੀਆਂ, ਨਵੇਂ ਇਤਿਹਾਸ ਨੂੰ ਜਨਮ ਦੇਣਗੀਆਂ। ਅੱਛਾ ਮੈਂ ਜਾ ਰਿਹਾ ਹਾਂ ਆਪਣੇ ਸ਼ਹੀਦਾਂ ਕੋਲ।’ ਇਹ ਕਹਿਣ ਉਪਰੰਤ 30 ਸਤੰਬਰ 1949 ਨੂੰ ਆਪ ਜੀ ਦੇਸ਼ ਵਾਸੀਆਂ ਨੂੰ ਸਦਾ-ਸਦਾ ਲਈ ਵਿਛੋੜਾ ਦੇ ਗਏ। ਆਪ ਜੀ ਦੇ ਅਮਰ ਬੋਲ ਦੇਸ਼ ਅੰਦਰ ਖਰੀ ਆਜ਼ਾਦੀ, ਖੁਸ਼ਹਾਲੀ, ਮੁਕੰਮਲ ਬਰਾਬਰੀ ਤੇ ਸਮਾਜਵਾਦ ਲਈ ਲੋਕ ਲਹਿਰਾਂ ਦਾ ਮਾਰਗ-ਦਰਸ਼ਨ ਕਰਦੇ ਰਹਿਣਗੇ।

ਸੰਪਰਕ : 96464-02470

ਗੁਰਬਿੰਦਰ ਸਿੰਘ ਮਾਣਕ

# ਪਰਵਾਰ ਤੋਂ ਹੀ ਮਿਲਦੀ ਹੈ ਮਨੁੱਖ ਨੂੰ ਅਸਲੀ ਤਾਕਤ

ਆਦਿ ਕਾਲ ਤੋਂ ਹੀ ਮਨੁੱਖ ਸਮੂਹ ਵਿਚ ਵਿਚਰਦਾ ਰਿਹਾ ਹੈ। ਆਪਣੀਆਂ ਲੋੜਾਂ ਦੀ ਪੂਰਤੀ ਤੇ ਅਹਿਸਾਸਾਂ ਨੂੰ ਜ਼ੁਬਾਨ ਦੇਣ ਲਈ ਮਨੁੱਖ ਨੂੰ ਕਿਸੇ ਨਾ ਕਿਸੇ ਹੁੰਗਾਰੇ ਦੀ ਲੋੜ ਤਾਂ ਪੈਂਦੀ ਹੀ ਸੀ। ਕੁਦਰਤ ਦੇ ਅਲੋਕਾਰ ਵਰਤਾਰੇ ਦੀ ਬਹੁਤੀ ਸੋਝੀ ਨਾ ਹੋਣ ਕਾਰਨ ਮਨੁੱਖੀ ਮਨ ਵਿਚ ਕੁਦਰਤ ਦੀਆਂ ਸ਼ਕਤੀਆਂ ਪ੍ਰਤੀ ਭੈਅ ਤੇ ਡਰ ਦਾ ਜਿਹੜਾ ਅਹਿਸਾਸ ਪਸਰਿਆ ਹੋਇਆ ਸੀ, ਉਸ ਕਾਰਨ ਵੀ ਮਨੁੱਖ ਦਾ ਹੋਰ ਲੋਕਾਂ ਦੀ ਸੰਗਤ ਵਿਚ ਵਿਚਰਨਾ ਮਨੁੱਖ ਦੀ ਲੋੜ ਸੀ। ਹਜ਼ਾਰਾਂ ਵਰ੍ਹਿਆਂ ਤੋਂ ਮਨੁੱਖ ਇਸ ਤਰ੍ਹਾਂ ਹੀ ਸਮਾਜ ਵਿਚ ਵਿਚਰ ਰਿਹਾ ਹੈ।

ਪਰਵਾਰ ਸਮਾਜ ਦੀ ਮੁੱਢਲੀ, ਸ਼ਕਤੀਸ਼ਾਲੀ ਤੇ ਬਹੁਤ ਹੀ ਮਹੱਤਵਪੂਰਨ ਇਕਾਈ ਹੈ। ਇਸ ਤੋਂ ਬਿਨਾਂ ਸ਼ਾਇਦ ਮਨੁੱਖੀ ਜੀਵਨ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਪਰਵਾਰ ਤੇ ਸਮਾਜ ਦੀ ਹੋਂਦ ਤੋਂ ਬਿਨਾਂ ਤਾਂ ਆਪਣੇ ਆਪ ਨੂੰ ਜੋਗੀ, ਜਪੀ-ਤਪੀ, ਫਕੀਰ ਤੇ ਮਨੁੱਖੀ ਅਹਿਸਾਸਾਂ ਤੋਂ ਨਿਰਲੇਪ ਹੋਣ ਦਾ ਭਰਮ ਸਿਰਜਣ ਵਾਲੇ ਵੀ ਨਹੀ ਬਚ ਸਕੇ। ਭਾਵੇਂ ਇਹ ਸਮਾਜ ਦੇ ਤਿਆਗ ਦਾ ਜਿੰਨਾ ਮਰਜ਼ੀ ਢੰਡੋਰਾ ਪਿੱਟਦੇ ਹੋਣ, ਪਰ ਰੋਟੀ ਮੰਗਣ ਤੇ ਹੋਰ ਲੋੜਾਂ ਦੀ ਪੂਰਤੀ ਲਈ ਪਰਿਵਾਰਾਂ ਦੇ ਦਰਵਾਜ਼ੇ ਹੀ ਖੜਕਾਉਂਦੇ ਹਨ। ਕੁਦਰਤ ਦੇ ਨੇਮ ਅਨੁਸਾਰ ਜ਼ਿੰਦਗੀ ਦੇ ਹਰ ਖੇਤਰ ਵਿਚ ਤਬਦੀਲੀ ਨੇ ਤਾਂ ਵਾਪਰਨਾ ਹੀ ਹੁੰਦਾ ਹੈ। ਸਮਾਜ ਅਨੇਕਾਂ ਦੌਰਾਂ ਵਿਚੋਂ ਗੁਜ਼ਰਿਆ ਹੈ ਤੇ ਸਮੇਂ ਦੇ ਹਾਲਾਤ ਮੁਤਾਬਕ ਤਬਦੀਲੀਆਂ ਵੀ ਵਾਪਰਦੀਆਂ ਰਹੀਆਂ ਹਨ।

ਸਿਖਿਆ, ਵਿਗਿਆਨ, ਤਕਨਾਲੋਜੀ, ਸਾਹਿਤ, ਆਰਥਿਕਤਾ, ਸਮਾਜਿਕ ਜੀਵਨ, ਕੰਮ-ਧੰਦੇ ਆਦਿ ਦੀ ਬਦੌਲਤ ਮਨੁੱਖੀ ਜੀਵਨ ਵਿਚ ਅਨੇਕਾਂ ਪਰਿਵਰਤਨਾਂ ਨੇ ਜੀਵਨ ਦੀ ਤੋਰ ਨੂੰ ਬੇਹੱਦ ਪ੍ਰਭਾਵਤ ਕੀਤਾ ਹੈ, ਪਰ ਇਸ ਸਭ ਕੁਝ ਦੇ ਬਾਵਜੂਦ ਮਨੁੱਖੀ ਜੀਵਨ ਵਿਚ ਪਰਵਾਰ ਦੀ ਅਹਿਮੀਅਤ ਪਹਿਲਾਂ ਵਾਂਗ ਹੀ ਬਰਕਰਾਰ ਹੈ। ਬਿਨਾਂ ਸ਼ੱਕ ਬਦਲ ਰਹੇ ਸਮਿਆਂ ਵਿਚ ਮਨੁੱਖੀ ਸੁਭਾਅ, ਸੋਚ ਤੇ ਰੁਚੀਆਂ ਵਿਚ ਪਹਿਲਾਂ ਨਾਲੋਂ ਪਰਿਵਰਤਨ ਦੇਖਣ ਨੂੰ ਮਿਲ ਰਹੇ ਹਨ। ਪਰਵਾਰਕ ਇਕਾਈ ਦੇ ਬਿਖਰ ਜਾਣ ਦੀਆਂ ਗੱਲਾਂ ਵੀ ਹੋ ਰਹੀਆਂ ਹਨ, ਪਰ ਅਜਿਹੀ ਸਥਿਤੀ ਬਹੁਤ ਸੀਮਤ ਦਾਇਰੇ ਤੱਕ ਹੀ ਹੈ।

ਕਦੇ ਸਮਾਂ ਸੀ ਸਾਂਝੇ ਪਰਵਾਰ ਮਨੁੱਖੀ ਜੀਵਨ ਲਈ ਵਰਦਾਨ ਹੋਇਆ ਕਰਦੇ ਸਨ। ਦਾਦਾ-ਦਾਦੀ, ਮਾਤਾ-ਪਿਤਾ,ਚਾਚੇ-ਤਾਏ, ਭੂਆ,ਭੈਣ-ਭਰਾਵਾਂ ਦੇ ਵੱਡੇ ਟੱਬਰ, ਘਰਾਂ-ਪਰਵਾਰਾਂ ਦੀ ਰੌਣਕ ਹੋਇਆ ਕਰਦੇ ਸਨ। ਇਕੋ ਚੁੱਲ੍ਹੇ ’ਤੇ ਦਾਲਾਂ ਰਿੱਝਦੀਆਂ, ਸਾਗ ਬਣਦੇ, ਲੋਹਾਂ ਜਾਂ ਤੰਦੂਰਾਂ ’ਤੇ ਆਟਿਆਂ ਦੀਆਂ ਤੌਣਾਂ ਪੱਕਦੀਆਂ, ਭੜੋਲੀਆਂ ਵਿਚ ਪਾਥੀਆਂ ਦੇ ਸੇਕ ਨਾਲ ਕਾੜ੍ਹਨੀਆਂ ਵਿਚ ਦੁੱਧ ਕੜ੍ਹਦੇ। ਤੜਕੇ ਉੱਠ ਕੇ ਮਾਵਾਂ, ਦਾਦੀਆਂ ਚਾਟੀਆਂ ਵਿਚ ਮਧਾਣੀਆਂ ਪਾ ਦੁੱਧ ਰਿੜਕਦੀਆਂ ਤੇ ਪਾਠ ਕਰੀ ਜਾਂਦੀਆਂ। ਮੱਖਣ, ਲੱਸੀ, ਦਹੀਂ ਵਰਗੇ ਪਦਾਰਥਾਂ ਦੀਆਂ ਲਹਿਰਾਂ-ਬਹਿਰਾਂ ਲੱਗੀਆਂ ਰਹਿੰਦੀਆਂ। ਅਧਰਿੜਕੇ ਦਾ ਛੰਨਾ ਪੀ ਕੇ ਹਾਲੀ ਬਲਦਾਂ ਦੀ ਜੋਗ ਲੈ ਕੇ ਤੜਕੇ ਹੀ ਖੇਤ ਵਾਹੁਣ ਨਿਕਲ ਤੁਰਦੇ। ਸਭ ਨਿੱਕੇ, ਵੱਡੇ ਆਪੋ-ਆਪਣੇ ਕੰਮਾਂ ਵਿਚ ਜੁਟੇ ਰਹਿੰਦੇ।

ਸਾਦਗੀ, ਮੋਹ ਪਿਆਰ, ਅਪਣੱਤ ਤੇ ਸਾਝਾਂ ਨਾਲ ਨੱਕੋਨੱਕ ਭਰਿਆ ਇਹ ਜੀਵਨ ਮਾਣਦੇ ਲੋਕ ਸਬਰ-ਸੰਤੋਖ ਵਿਚ ਜਿਊਂਦੇ, ਕੁਦਰਤ ਦਾ ਸ਼ੁਕਰਾਨਾ ਕਰਦੇ ਨਾ ਥੱਕਦੇ। ਹੈਰਾਨੀਜਨਕ ਗੱਲ ਹੈ ਕਿ ਜਿਉਂ-ਜਿਉਂ ਮਨੁੱਖ ਤਰੱਕੀ ਦੀਆਂ ਮੰਜ਼ਲਾਂ ਤੈਅ ਕਰਦਾ ਗਿਆ, ਤਿਉਂ-ਤਿਉਂ ਸਾਂਝੇ ਪਰਵਾਰਾਂ ਦਾ ਜੀਵਨ ਹੌਲੀ-ਹੌਲੀ ਅਲੋਪ ਹੁੰਦਾ ਗਿਆ। ਹੁਣ ਤਾਂ ਕੋਈ ਵਿਰਲਾ ਹੀ ਟੱਬਰ ਹੋਵੇਗਾ, ਜਿੱਥੇ ਦੋ ਭਰਾਵਾਂ ਦੇ ਟੱਬਰ ਇਕੱਠੇ ਵਸਦੇ ਹੋਣ। ਆਮ ਤੌਰ ’ਤੇ ਇਕਹਿਰੇ ਪਰਵਾਰਾਂ ਵਿਚ ਮਾਂ-ਬਾਪ, ਬੱਚੇ ਜਾਂ ਕਿਸੇ ਵਿਰਲੇ ਪਰਵਾਰ ਵਿਚ ਦਾਦਾ-ਦਾਦੀ ਹੀ ਹੁੰਦੇ ਹਨ। ਸਮੇਂ ਅਨੁਸਾਰ ਬਦਲ ਰਹੀ ਜੀਵਨ-ਸ਼ੈਲੀ ਨੇ ਬਹੁਤੇ ਪਰਵਾਰਾਂ ਵਿਚ ਜੀਆਂ ਦੀ ਗਿਣਤੀ ਬਹੁਤ ਸੀਮਤ ਕਰ ਦਿੱਤੀ ਹੈ। ਹੁਣ ਬਹੁਤੇ ਪਤੀ-ਪਤਨੀ ਦੀ ਮਾਨਸਿਕਤਾ ਇਹੀ ਹੈ ਕਿ ਘਰ ਵਿਚ ਬੱਚਿਆ ਤੋਂ ਬਿਨਾਂ ਕੋਈ ਨਾ ਹੋਵੇ। ਕਈ ਵਾਰ ਤਾਂ ਬੁੱਢੇ ਮਾਂ-ਬਾਪ ਨੂੰ ਵੀ ਕਈ ਪੁੱਤਰ-ਨੂੰਹ ਨਾਲ ਰੱਖਣ ਲਈ ਮਨੋਂ ਤਿਆਰ ਨਹੀਂ ਹੁੰਦੇ। ਜੇ ਰੱਖ ਵੀ ਲੈਣ ਤਾਂ ਅਕਸਰ ਹੀ ਬੁਢਾਪੇ ਵਿਚ ਪਹੁੰਚੇ ਮਾਪਿਆਂ ਦੀ ਸਾਂਭ-ਸੰਭਾਲ ਲਈ ਪਤੀ-ਪਤਨੀ ਝਗੜਦੇ ਰਹਿੰਦੇ ਹਨ।



ਕਿਸੇ ਬੱਚੇ ਦੀ ਸ਼ਖਸੀਅਤ ਉਸਾਰੀ ਵਿਚ ਘਰ-ਪਰਵਾਰ ਦੇ ਬਜ਼ੁਰਗਾਂ ਦੀਆਂ ਪ੍ਰੇਰਨਾਦਾਇਕ ਗੱਲਾਂ, ਨਸੀਹਤਾਂ ਤੇ ਕਿਸੇ ਚੰਗੇ ਕੰਮ ਲਈ ਮਿਲਦਾ ਥਾਪੜਾ ਤੇ ਹੱਲਸ਼ੇਰੀ, ਜ਼ਿੰਦਗੀ ਦਾ ਬੇਸ਼ਕੀਮਤੀ ਖਜ਼ਾਨਾ ਹੁੰਦਾ ਹੈ। ਜ਼ਿੰਦਗੀ ਦੇ ਡੂੰਘੇ ਅਨੁਭਵਾਂ ਵਿਚੋਂ ਕਸ਼ੀਦ ਕੇ ਕੱਢੇ ਤੱਤ, ਜਦੋਂ ਬਾਬੇ-ਦਾਦੀਆਂ, ਨਾਨੇ-ਨਾਨੀਆਂ ਅਛੋਪਲੇ ਜਿਹੇ ਹੀ ਬੱਚਿਆਂ ਨਾਲ ਸਾਂਝੇ ਕਰਦੇ ਹਨ ਤਾਂ ਬੱਚਿਆਂ ਦੇ ਮਨ ਵਿਚ ਇਹ ਸਦੀਵੀ ਤੌਰ ’ਤੇ ਬੈਠ ਜਾਂਦੇ ਹਨ ਤੇ ਬੱਚੇ ਦੇ ਅਗਲੇਰੇ ਜੀਵਨ ਵਿਚ ਇਨ੍ਹਾਂ ਦੀ ਸਾਰਥਿਕ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਾਂ ਬੱਚਿਆਂ ਦੀ ਪਹਿਲੀ ਅਧਿਆਪਕ ਹੁੰਦੀ ਹੈ। ਉਹ ਉੱਠਦੀ-ਬਹਿੰਦੀ ਬੱਚਿਆਂ ਦੀ ਸਾਂਭ-ਸੰਭਾਲ ਕਰਦੀ,ਗੱਲਾਂ ਵੀ ਕਰੀ ਜਾਂਦੀ ਹੈ ਤੇ ਜੀਵਨ ਦੇ ਕਈ ਗੁੱਝੇ ਭੇਦਾਂ ਨੂੰ ਵੀ ਦੱਸੀ ਜਾਂਦੀ ਹੈ। ਕਿਸੇ ਪਰਵਾਰ ਵਿਚ ਜਿਵੇਂ ਵੱਡਿਆਂ ਦੀ ਜੀਵਨ-ਜਾਚ ਹੋਵੇਗੀ, ਅਕਸਰ ਹੀ ਸੁਭਾਵਿਕ ਰੂਪ ਵਿਚ ਬੱਚੇ ਵੀ ਉਹੀ ਕੁਝ ਸਿੱਖ ਜਾਂਦੇ ਹਨ।

ਇਹ ਪਰਵਾਰ ਹੀ ਹੁੰਦਾ, ਜਿਹੜਾ ਤੁਹਾਡਾ ਸੱਚਾ ਹਮਦਰਦ, ਤੁਹਾਨੂੰ ਜ਼ਿੰਦਗੀ ਵਿਚ ਸਫਲ ਹੋਇਆ ਦੇਖਣ ਲਈ ਤੱਤਪਰ, ਤੁਹਾਡੇ ਉੱਜਲੇ ਤੇ ਸ਼ਾਨਦਾਰ ਭਵਿੱਖ ਲਈ ਦਿਨ ਰਾਤ ਦੁਆਵਾਂ ਕਰਨ ਵਾਲਾ ਕਿ ਤੁਹਾਨੂੰ ਤੱਤੀ ’ਵਾ ਨਾ ਲੱਗ ਜਾਵੇ, ਇਸ ਲਈ ਆਪਣੇ ਆਪ ਨੂੰ ਕਸ਼ਟਾਂ ਵਿਚ ਪਾ ਕੇ, ਤੁਹਾਡੇ ਲਈ ਹਰ ਕੁਰਬਾਨੀ ਕਰਨ ਲਈ ਜੇਕਰ ਕੋਈ ਤਿਆਰ ਹੁੰਦਾ ਹੈ ਤਾਂ ਉਹ ਕੇਵਲ ਤੇ ਕੇਵਲ ਤੁਹਾਡਾ ਪਰਿਵਾਰ ਹੀ ਹੁੰਦਾ ਹੈ। ਤੁਸੀਂ ਜੀਵਨ ਵਿਚ ਜਦੋਂ ਕੋਈ ਵੱਡੀ ਪ੍ਰਾਪਤੀ ਕਰਦੇ ਹੋ ਤਾਂ ਸਭ ਤੋਂ ਵੱਧ ਜੇ ਕਿਸੇ ਨੂੰ ਖੁਸ਼ੀ ਹੁੰਦੀ ਹੈ ਤਾਂ ਉਹ ਤੁਹਾਡਾ ਪਰਵਾਰ ਹੀ ਹੁੰਦਾ ਹੈ। ਜੇ ਕਦੇ ਤੁਸੀਂ ਸਫਲਤਾ ਦੀ ਸਰਦਲ ਟੱਪਣ ਤੋਂ ਰਹਿ ਜਾਓ, ਤਾਂ ਵੀ ਤੁਹਾਡਾ ਪਰਵਾਰ ਹੀ ਤੁਹਾਨੂੰ ਨਿਰਾਸ਼ਾ ਦੀ ਡੂੰਘੀ ਖਾਈ ਵਿਚ ਡਿਗਣੋਂ ਬਚਾਉਂਦਾ ਹੈ।

ਜੇ ਪਰਵਾਰ ਤੁਹਾਡੀ ਕਿਸੇ ਗੱਲ ਦਾ ਵਿਰੋਧ ਕਰ ਰਿਹਾ ਹੈ ਜਾਂ ਉਹ ਆਪਣੀ ਦਲੀਲ ਨਾਲ ਤੁਹਾਨੂੰ ਕੁਝ ਸਮਝਾਉਣ ਦਾ ਯਤਨ ਕਰ ਰਿਹਾ ਹੈ,ਤਾਂ ਉਨ੍ਹਾਂ ਦੀ ਗੱਲ ਠਰ੍ਹੰਮੇ ਨਾਲ ਜ਼ਰੂਰ ਸੁਣਨੀ ਚਾਹੀਦੀ ਹੈ, ਕਿਉਂਕਿ ਹੋ ਸਕਦਾ ਉਨ੍ਹਾਂ ਕੋਲ ਤੁਹਾਡੇ ਨਾਲੋਂ ਕੋਈ ਵਧੀਆ ਤਜਵੀਜ਼ ਹੋਵੇ। ਇਹ ਗੱਲ ਪੱਕੀ ਹੈ ਕਿ ਉਹ ਤੁਹਾਡਾ ਬੁਰਾ ਤਾਂ ਕਦੇ ਵੀ ਨਹੀਂ ਸੋਚਣਗੇ। ਸੋ ਵਿਚਾਰ-ਵਟਾਂਦਰੇ ਨਾਲ ਕੋਈ ਹੱਲ ਕੱਢਣਾ ਹੀ ਸਮਝਦਾਰੀ ਹੈ। ਪਰਵਾਰ ਤੁਹਾਡੀ ਸਫਲਤਾ ਦੇ ਰਸਤੇ ਵਿਚ ਕੋਈ ਅੜਿੱਕੇ ਖੜੇ ਕਰੇਗਾ, ਅਜਿਹਾ ਤਾਂ ਸੋਚਣਾ ਹੀ ਵਿਅਰਥ ਹੈ। ਯਾਦ ਕਰੋ ਤੁਹਾਡੀ ਕਿਸੇ ਪ੍ਰਾਪਤੀ ਦੀ ਖੁਸ਼ੀ ਸਭ ਤੋਂ ਵੱਧ ਕਿਸ ਨੂੰ ਹੋਈ ਸੀ।

ਸਿਆਣੇ ਕਿਹਾ ਕਰਦੇ ਸਨ ਕਿ ਘਰ ਦੀ ਲੜਾਈ ਬਾਹਰ ਗਲੀ ਤੱਕ ਨਹੀਂ ਪਹੁੰਚਣੀ ਚਾਹੀਦੀ। ਜੇ ਤੁਹਾਡੇ ਘਰ ਦੀ ਨਿੱਕੀ ਜਿਹੀ ਗੱਲ ਵੀ ਘਰ ਦੀ ਸਰਦਲ ਤੋਂ ਬਾਹਰ ਜਾ ਪਹੁੰਚੀ ਤਾਂ, ਸਮਝੋ ਖੰਭਾਂ ਦੀਆਂ ਡਾਰਾਂ ਬਣ ਜਾਣੀਆਂ ਹਨ। ਹੁਣ ਤਾਂ ਘਰਾਂ ਦੇ ਝਗੜੇ ਅਦਾਲਤਾਂ ਤੱਕ ਵੀ ਛੇਤੀ ਹੀ ਪਹੁੰਚ ਜਾਂਦੇ ਹਨ। ਲੋਕ ਕਿਸੇ ਦੇ ਘਰ ਦੀ ਨਿੱਕੀ ਜਿਹੀ ਗੱਲ ਨੂੰ ਇਸ ਤਰ੍ਹਾਂ ਉਛਾਲਦੇ ਹਨ, ਜਿਵੇਂ ਕਿਸੇ ਘਰ ਕਦੇ ਕੋਈ ਝਗੜਾ ਹੋਇਆ ਹੀ ਨਾ ਹੋਵੇ। ਸਿਆਣਪ ਦਾ ਇਹੀ ਤਕਾਜ਼ਾ ਹੈ ਕਿ ਘਰ ਦਾ ਝਗੜਾ ਘਰ ਵਿਚ ਹੀ ਨਜਿੱਠ ਲਿਆ ਜਾਵੇ। ਜੇ ਕਿਸੇ ਕੋਲੋਂ ਗਲਤੀ ਹੋ ਵੀ ਜਾਵੇ ਤਾਂ ਆਪਣੇ ਪਰਵਾਰ ਦੇ ਜੀਆਂ ਤੋਂ ਮੁਆਫੀ ਮੰਗਣ ੍ਤੇ ਆਪਣੀ ਗਲਤੀ ਸਵੀਕਾਰ ਕਰਨ ਨਾਲ ਕੋਈ ਬੰਦਾ ਹੀਣਾ ਨਹੀਂ ਹੋ ਜਾਂਦਾ। ਸਿਆਣੇ ਕਹਿੰਦੇ ਨੇ ਕਿ ਇਸ ਨਾਲ ਤਾਂ ਬੰਦੇ ਦਾ ਕੱਦ ਹੋਰ ਉੱਚਾ ਹੋ ਜਾਂਦਾ ਹੈ।

ਮੋਬਾਇਲ, ਕੰਪਿਊਟਰ, ਟੀ ਵੀ ਵਰਗੇ ਅਜੋਕੇ ਤਕਨੀਕੀ ਸਾਧਨ ਮਨੁੱਖੀ ਜੀਵਨ ਦੀ ਬਿਹਤਰੀ ਲਈ ਹਨ, ਨਾ ਕਿ ਬਰਬਾਦੀ ਲਈ। ਜੇ ਘਰ ਦੇ ਚਾਰ ਜੀਅ ਵੀ ਹਰ ਵੇਲੇ ਮੁਬਾਇਲ ’ਤੇ ਹੀ ਰੁੱਝੇ ਰਹਿੰਦੇ ਹਨ ਤਾਂ ਨਵੇਂ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਣੀਆਂ ਸੁਭਾਵਿਕ ਹਨ। ਪਰਵਾਰ ਦੇ ਜੀਆਂ ਨੂੰ ਰਲ-ਮਿਲ ਬੈਠ ਕੇ ਗੱਲਾਂ ਕਰਦਿਆਂ ਜਿਹੜੀ ਖੁਸ਼ੀ ਦਾ ਅਨੁਭਵ ਹੁੰਦਾ ਹੈ, ਉਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਹਰ ਖੁਸ਼ੀ, ਗਮੀ ਜਾਂ ਕਿਸੇ ਨਵੇਂ ਅਨੁਭਵ ਨੂੰ ਪਰਵਾਰ ਦੇ ਜੀਆਂ ਨਾਲ ਸਾਂਝਾ ਕਰਦਿਆਂ ਆਪਸੀ ਸਾਂਝ ਤੇ ਅਪਣੱਤ ਵਧਦੀ ਹੈ। ਬਦਲ ਰਹੇ ਸਮਿਆਂ ਨੇ ਪਰਵਾਰਕ ਇਕਾਈ ਨੂੰ ਵੀ ਢਾਅ ਲਾਈ ਹੈ। ਆਧੁਨਿਕ ਹੋਣ ਦਾ ਭਾਵ ਇਹ ਨਹੀਂ ਕਿ ਤੁਸੀਂ ਜੀਵਨ ਦੀਆਂ ਮਰਿਆਦਾਵਾਂ ਨੂੰ ਤਿਲਾਂਜਲੀ ਦੇ ਕੇ ਕਿਸੇ ਅੰਨ੍ਹੀ ਗਲੀ ਦੇ ਪਾਂਧੀ ਬਣ ਜਾਓ।

#ਸੰਪਰਕ : 98153-56086

# ਦਫ਼ਤਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਘਟਾਉਣ ਦੇ ਫੈਸਲੇ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ : ਬੱਲੀ



**ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਹੋਈ ਕੈਬਨਿਟ ਮੀਟਿੰਗ ਦੌਰਾਨ 15-20 ਸਾਲਾਂ ਤੋਂ ਕੰਮ ਕਰ ਰਹੇ 1007 ਦਫਤਰੀ ਕਰਮਚਾਰੀਆਂ ਨੂੰ ਕੈਬਨਿਟ ਵੱਲੋਂ ਸਿੱਖਿਆ ਵਿਭਾਗ ਅਧੀਨ ਲੈ ਕੇ ਪੱਕਾ ਕਰਨ ਦਾ ਫੈਸਲਾ ਲਿਆ ਹੈ ਜਿਸ ਦੌਰਾਨ ਸਰਕਾਰ ਵੱਲੋਂ ਇਕ ਵੱਡਾ ਬਦਲਾਅ ਕਰਕੇ ਮੁਲਾਜ਼ਮਾਂ ਦੀ ਤਨਖਾਹ ਵਿੱਚ ਵੱਡੀ ਕਟੌਤੀ ਕਰਨ ਦੀ ਤਿਆਰੀ ਕਰ ਲਈ ਹੈ, ਜਿਸ ਸਬੰਧੀ ਸਿੱਖਿਆ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਜਾਰੀ ਨੋਟੀਫਿਕੇਸ਼ਨ ਅਨੁਸਾਰ ਇਕ ਤਾਂ ਮੁਲਾਜ਼ਮਾਂ ਦੀਆ ਮੌਜੂਦਾ ਪੋਸਟਾਂ ਜਿਨ੍ਹਾਂ 'ਤੇ ਕੰਮ ਕਰ ਰਹੇ ਹਨ, ਨੂੰ ਖਤਮ ਕੀਤਾ ਜਾ ਰਿਹਾ ਹੈ, ਦੂਜਾ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਵੱਡੀ ਕਟੌਤੀ ਕਰਦੇ ਹੋਏ 50000 ਤੋਂ 19000 ਰੁਪਏ ਤਨਖਾਹ ਕਰਨ ਦੀ ਤਿਆਰੀ ਕੀਤੀ ਗਈ ਹੈ, ਜਿਸ ਕਰਕੇ ਸਮੂਹ ਮੁਲਾਜ਼ਮ ਵਰਗ ਵਿਚ ਰੋਸ ਹੈ।15-20 ਸਾਲ ਸਰਕਾਰ ਨੂੰ ਆਪਣੀਆਂ ਸੇਵਾਵਾਂ ਦੇਣ ਦੇ ਬਾਵਜੂਦ ਹੁਣ ਸਰਕਾਰ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਵੱਡੀ ਕਟੌਤੀ ਕਰ ਰਹੀ ਹੈ, ਜਿਸ ਨਾਲ 1007 ਪਰਵਾਰਾਂ ਦੇ ਘਰ ਦਾ ਗੁਜ਼ਾਰਾ ਅਤੇ ਬੱਚਿਆਂ ਦੀ ਪੜ੍ਹਾਈ ਬਹੁਤ ਮੁਸ਼ਕਲ ਹੋ ਜਾਵੇਗੀ।ਪ੍ਰੈਸ ਨੂੰ ਬਿਆਨ ਜ਼ਾਰੀ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ, ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ, ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਕਿਹਾ ਕਿ ਦਫਤਰੀ ਕਰਮਚਾਰੀ ਸਾਲ 2005 ਤੋਂ ਲਗਾਤਾਰ ਸਿੱਖਿਆ ਵਿਭਾਗ ਵਿਚ ਬੜੀ ਤਨਦੇਹੀ ਨਾਲ ਕੰਮ ਕਰ ਰਹੇ ਹਨ ਪਰ ਹਮੇਸ਼ਾਂ ਹੀ ਦਫਤਰੀ ਕਰਮਚਾਰੀਆਂ ਨੂੰ ਅਣਗੌਲਿਆ ਹੀ ਕੀਤਾ ਗਿਆ ।ਦਫਤਰੀ ਮੁਲਾਜ਼ਮ ਅਧਿਆਪਕਾਂ ਦੀ ਤਰਜ਼ 'ਤੇ 01.04.2018 ਤੋਂ ਰੈਗੂਲਰ ਕਰਨ ਦੀ ਮੰਗ ਕਰ ਰਹੇ ਹਨ ਅਤੇ ਇਸ ਲਈ ਦਫਤਰੀ ਕਰਮਚਾਰੀਆਂ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਹੋਇਆ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 16.12.2019 ਦੀ ਵਿੱਤ ਵਿਭਾਗ ਦੀ ਪ੍ਰਵਾਨਗੀ ਅਨੁਸਾਰ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਨੋਟੀਫਿਕੇਸ਼ਨ ਕੀਤਾ ਹੈ ਪਰ ਨੋਟੀਫਿਕੇਸ਼ਨ ਵਿਚ ਰੈਗੂਲਰ ਹੋਣ ਤੋਂ ਬਾਅਦ ਕੇਂਦਰੀ ਪੈਟਰਨ 'ਤੇ ਸੱਤਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਦੀ ਗੱਲ ਕਹੀ ਗਈ ਹੈ ਜਦਕਿ 1007 ਮੁਲਾਜ਼ਮ ਪਹਿਲਾਂ ਤੋਂ ਪੰਜਾਬ ਦੇ ਪੰਜਵੇ ਤਨਖਾਹ ਕਮਿਸ਼ਨ ਅਨੁਸਾਰ ਤਨਖਾਹ ਲੈ ਰਹੇ ਹਨ। ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਨੂੰ 01.04.2018 ਤੋਂ ਰੈਗੂਲਰ ਕਰਨ 'ਤੇ ਸਰਕਾਰ 'ਤੇ ਕੋਈ ਵਿੱਤੀ ਬੋਝ ਨਹੀਂ ਪੈਣਾ ਕਿਉਕਿ ਮੁਲਾਜ਼ਮਾਂ ਦੀ ਤਨਖਾਹ ਭਾਰਤ ਸਰਕਾਰ ਤੋਂ ਪ੍ਰਾਪਤ ਹੋ ਰਹੀ ਹੈ ਜਦਕਿ ਸੱਤਵੇਂ ਤਨਖਾਹ ਸਕੇਲ 'ਤੇ ਰੈਗੂਲਰ ਕਰਨ ਨਾਲ ਸਰਕਾਰ ਨੂੰ ਲੱਗਭਗ 23 ਕਰੋੜ ਦੀ ਬੱਚਤ ਹੋਵੇਗੀ ਜਿਸ ਨਾਲ ਸਰਕਾਰ ਮੁਲਾਜ਼ਮਾਂ ਦੀ ਤਨਖਾਹ ਦੇ 23 ਕਰੋੜ ਕੱਟ ਕੇ ਖਜ਼ਾਨਾ ਭਰਨ ਦੀ ਤਿਆਰੀ ਕਰ ਰਹੀ ਹੈ।ਜਥੇਬੰਦੀ ਦੇ ਆਗੂ ਕੰਵਲਜੀਤ ਸੰਗੋਵਾਲ, ਗੁਰਜੀਤ ਸਿੰਘ, ਪਰਗਟ ਸਿੰਘ ਜੰਬਰ, ਜਤਿੰਦਰ ਸਿੰਘ ਸੋਨੀ, ਲਾਲ ਚੰਦ, ਸੁੱਚਾ ਸਿੰਘ, ਜਗਦੀਪ ਸਿੰਘ, ਜਗਤਾਰ ਸਿੰਘ, ਆਤਮ ਦੇਵ ਸਿੰਘ, ਜਗਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਦਫਤਰੀ ਕਰਮਚਾਰੀ ਲੰਬੇ ਸਮੇਂ 15-20 ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਹਨ, ਇਸ ਲਈ ਦਫਤਰੀ ਮੁਲਾਜ਼ਮਾਂ ਤੇ ਹੁਣ ਪ੍ਰਬੇਸ਼ਨ ਲਾਉਣਾ ਠੀਕ ਨਹੀਂ।ਆਗੂਆਂ ਨੇ ਕਿਹਾ ਕਿ ਪੀ ਐਮ ਪੋਸ਼ਣ (ਮਿਡ ਡੇ ਮੀਲ) ਤਹਿਤ ਕੰਮ ਕਰ ਰਹੇ 120 ਦਫ਼ਤਰੀ ਕਰਮਚਾਰੀਆਂ ਨੂੰ ਰੈਗੂਲਰ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਜੋ ਕਿ ਸਰਕਾਰ ਦੀ ਸਰਾਸਰ ਧੱਕੇਸ਼ਾਹੀ ਹੈ।ਆਗੂਆਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਤੋਂ ਮੰਗ ਕਰਦੇ ਹਨ ਕਿ ਦਫਤਰੀ ਕਰਮਚਾਰੀਆਂ ਨੂੰ 01.04.2018 ਤੋਂ ਪੂਰੀਆਂ ਤਨਖਾਹਾਂ ਦੇ ਕੇ ਰੈਗੂਲਰ ਕੀਤਾ ਜਾਵੇ ਅਤੇ ਕੋਈ ਪ੍ਰੋਬੇਸ਼ਨ ਨਾ ਲਗਾਇਆ ਜਾਵੇ ਅਤੇ ਮਿਡ ਡੇ ਮੀਲ ਤਹਿਤ ਕੰਮ ਕਰ ਰਹੇ 120 ਕਰਮਚਾਰੀਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਆਪਣੇ ਇਸ ਫੈਸਲੇ 'ਤੇ ਮੁੜ ਵਿਚਾਰ ਨਾ ਕੀਤਾ ਤਾਂ ਮੁਲਾਜ਼ਮ ਮਜਬੂਰਨ ਸੜਕਾਂ 'ਤੇ ਆ ਕੇ ਵਿਭਾਗ ਦਾ ਕੰਮ ਬੰਦ ਕਰਕੇ ਮੁੱਖ ਮੰਤਰੀ ਦੀ ਕੋਠੀ ਅਤੇ ਸਿੱਖਿਆ ਵਿਭਾਗ ਦਾ ਘਿਰਾਓ ਕਰਨ ਨੂੰ ਮਜਬੂਰ ਹੋਣਗੇ।

## ਸਫ਼ਾਈ ਸੇਵਾਵਾਂ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ 'ਤੇ ਸਫ਼ਾਈ ਕਰਮਚਾਰੀਆਂ 'ਚ ਗਹਿਰੀ ਨਰਾਜ਼ਗੀ



**ਬੱਧਨੀ ਕਲਾਂ (ਲਵਲੀ ਕੁਮਾਰ)**-ਸੋਮਵਾਰ ਸਫ਼ਾਈ ਸੇਵਕ ਯੂਨੀਅਨ ਵੱਲੋਂ ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਵਿਖੇ ਪੰਜਾਬ ਦੇ ਸੱਦੇ 'ਤੇ ਸਮੂਹ ਸਫ਼ਾਈ ਸੇਵਕਾਂ ਵੱਲੋਂ ਹੜਤਾਲ 'ਤੇ ਹਨ, ਅਸੀਂ ਸਮੂਹ ਕਰਮਚਾਰੀ ਪੰਜਾਬ ਸਰਕਾਰ ਦੀਆਂ ਮਾੜੂ ਨੀਤੀਆਂ ਦਾ ਵਿਰੋਧ ਕਰਦੇ ਹਾਂ। ਪੰਜਾਬ ਸਰਕਾਰ ਵੱਲੋਂ ਸਫ਼ਾਈ ਸੇਵਾਵਾਂ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਦੇ ਫੈਸਲੇ ਨੇ ਸੂਬਾ ਭਰ ਦੇ ਸਫ਼ਾਈ ਕਰਮਚਾਰੀਆਂ ਵਿੱਚ ਗਹਿਰੀ ਨਰਾਜ਼ਗੀ ਪੈਦਾ ਕਰ ਦਿੱਤੀ ਹੈ। ਉਹਨਾਂ ਕਿਹਾ ਕਿ ਨਿੱਜੀ ਕੰਪਨੀਆਂ ਨੂੰ ਸਫ਼ਾਈ ਕੰਮ ਦੇਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ, ਸਾਰੇ ਠੇਕੇਦਾਰਾਂ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਜਾਵੇ, ਘੱਟੋ ਘੱਟ ਵੇਤਨ ਅਤੇ ਹੋਰ ਮਜ਼ਦੂਰੀ ਤੱਕ ਤੁਰੰਤ ਲਾਗੂ ਕੀਤਾ ਜਾਵੇ, ਨਾਲ ਠੇਕੇ ਮਨਮਾਨੀ ਰੇਟ 'ਤੇ ਦਿੱਤੇ ਨਾ ਜਾਣ। ਸਫ਼ਾਈ ਕਰਮਚਾਰੀਆਂ ਦੀ ਹੜਤਾਲ ਦੀ ਗੰਭੀਰਤਾ ਨੂੰ ਨਾ ਸਮਝਿਆ ਤਾਂ ਸੂਬਾ ਭਰ ਵਿੱਚ ਸਫ਼ਾਈ, ਪਾਣੀ ਸਪਲਾਈ, ਸਟਰੀਟ ਲਾਈਟ ਅਤੇ ਹੋਰ ਜਨਤਕ ਸੇਵਾਵਾਂ ਠੱਪ ਹੋਣਗੀਆਂ। ਇਸ ਮੌਕੇ ਮਨੋਜ ਕੁਮਾਰ, ਹਰਪ੍ਰੀਤ ਸਿੰਘ, ਦਿਲਵੀਰ ਸਿੰਘ, ਹੁਸ਼ਿਆਰ ਸਿੰਘ, ਰਣਜੀਤ ਸਿੰਘ ਸਲਾਹਕਾਰ, ਫਤਿਹ, ਰਾਮਪਾਲ, ਜਗਸੀਰ, ਸੁੰਦਰ ਸ਼ਾਮ, ਕ੍ਰਿਸ਼ਨ ਕੁਮਾਰ, ਜੀਤ, ਸੰਦੀਪ ਰੋਜ਼ੀਆ, ਸੰਦੀਪ ਕੁਮਾਰ, ਨੋਬਿਲ ਸਿੰਘ, ਮਨਜੀਤ ਸਿੰਘ, ਸੁਖਮੰਦਰ ਸਿੰਘ, ਨਿਰਭੈ ਸਿੰਘ, ਰੰਜਤ, ਕੁਲਵੰਤ ਸਿੰਘ, ਰਜਿੰਦਰ ਸਿੰਘ, ਪੱਪੂ ਰਾਮ, ਬੂਟਾ ਸਿੰਘ, ਰਾਹੁਲ, ਰਾਜੂ, ਰਾਜੇਸ਼, ਪੱਪੂ, ਸੁਖਰਾਜ, ਕਮਲ, ਘਣਸ਼ਾਮ, ਬਲਦੇਵ ਸਿੰਘ, ਰੀਨਾ ਰਾਣੀ, ਹਰਦੀਪ ਸਿੰਘ, ਪਰਦੀਪ ਸਿੰਘ, ਸੀਮਾ ਰਾਣੀ, ਪੱਪੀ ਰਾਣੀ, ਰਾਕੇਸ਼ ਕੁਮਾਰ,ਤਜਬਨੀ, ਲੱਛਮੀ ਦੇਵੀ, ਸੁਖਪਾਲ ਕੌਰ, ਬਬਲੂ ਰਾਮ, ਸ਼ਾਮ ਸਿੰਘ,ਸ਼ਹਿਲ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਸਫ਼ਾਈ ਸੇਵਕ ਯੂਨੀਅਨ ਨਿਹਾਲ ਸਿੰਘ ਵਾਲਾ ਦੇ ਰਤੀ ਰਾਮ ਪ੍ਰਧਾਨ ਤੇ ਸਮੂਹ ਸਫ਼ਾਈ ਸੇਵਕ ਹਾਜ਼ਰ ਸਨ।

# ਸਰਕਾਰ 1007 ਕ੍ਰਮਚਾਰੀਆਂ ਦੇ ਘਰਾਂ 'ਚ ਬਲ਼ ਰਹੇ ਚੁੱਲ੍ਹਿਆਂ 'ਤੇ ਪਾਣੀ ਪਾਉਣ ਦੀ ਤਿਆਰੀ ਕਰ ਰਹੀ : ਯੂਨੀਅਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਦੇ ਮੁਲਾਜ਼ਮਾਂ ਵਿੱਚ ਇੱਕ ਵਿਲੱਖਣ ਤਬਦੀਲੀ ਲਿਆਂਦੀ ਹੈ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਤਬੀਰ ਸਿੰਘ ਤੇ ਹੋਰ ਆਗੂਆਂ ਜਸਬੀਰ ਸਿੰਘ, ਜਗਪਰਵੇਸ਼, ਵਿਨੋ ਕੁਮਾਰ, ਪੀਰਜ ਪੁਰੀ, ਸਤਿੰਦਰ ਕੁਮਾਰ, ਸਤਨਾਮ ਸਿੰਘ, ਸੰਦੀਪ ਕੁਮਾਰ, ਜਗਮੋਹਨ ਸਿੰਘ, ਕਮਲ ਕੁਮਾਰ, ਸੰਦੀਪ ਕੁਮਾਰ, ਮੈਡਮ ਨਿਸ਼ਾ 'ਤੇ ਮੀਨਾਕਸ਼ੀ ਰਾਣੀ ਨੇ ਕਿਹਾ ਕਿ ਪਿਛਲੇ 15-20 ਸਾਲਾਂ ਤੋਂ ਸਿੱਖਿਆ ਵਿਭਾਗ ਦੇ ਮੁੱਖ ਦਫਤਰ, ਜ਼ਿਲ੍ਹਾ ਬਲਾਕ ਦਫਤਰ ਅਤੇ ਸਕੂਲ ਪੱਧਰ 'ਤੇ ਸੇਵਾ ਨਿਭਾਅ ਰਹੇ ਸਰਵ ਸਿੱਖਿਆ ਅਭਿਆਨ ਦੇ ਦਫ਼ਤਰ ਸਟਾਫ ਨੂੰ ਰੈਗੂਲਰ ਕਰਨ ਦੇ ਨਾਂਅ 'ਤੇ ਉਨ੍ਹਾਂ ਨੂੰ 50,000 ਦੀ ਤਨਖਾਹ ਤੋਂ 19,000 ਉੱਤੇ 3 ਸਾਲਾਂ ਲਈ ਪ੍ਰੋਬੇਸ਼ਨ 'ਤੇ ਲਿਆਉਣ ਦੀ ਤਿਆਰੀ ਕਰ ਰਹੇ ਹਨ।ਇਸ ਨਾਲ ਵਿੱਤ ਵਿਭਾਗ ਆਪਣੇ ਖਜ਼ਾਨੇ ਭਰੇਗਾ।ਮੌਜੂਦਾ ਪੋਸਟਾਂ, ਜਿਨ੍ਹਾਂ 'ਤੇ ਕ੍ਰਮਚਾਰੀ ਕੰਮ ਕਰ ਰਹੇ ਸਨ, ਖਤਮ ਕੀਤੀਆਂ ਜਾ ਰਹੀਆਂ ਹਨ। ਉੱਚ ਅਹੁਦਿਆਂ 'ਤੇ ਕੰਮ ਕਰਨ ਵਾਲੇ ਕ੍ਰਮਚਾਰੀਆਂ ਨੂੰ ਵੀ ਕਲਰਕ ਬਣਾਇਆ ਜਾ ਰਿਹਾ ਹੈ ਤੇ 20 ਸਾਲਾਂ ਤੋਂ ਨੌਕਰੀ ਕਰ ਰਹੇ ਕ੍ਰਮਚਾਰੀਆਂ ਤੇ ਹੁਣ 7ਵੇਂ ਤਨਖਾਹ ਕਮਿਸ਼ਨ 'ਤੇ ਤਿੰਨ ਸਾਲ ਦੀ ਪ੍ਰੋਬੇਸ਼ਨ ਦੀ ਸ਼ਰਤ ਲਾਈ ਹੈ।ਯੂਨੀਅਨ ਮੈਂਬਰਾਂ ਦਾ ਕਹਿਣਾ ਹੈ ਕਿ ਸਰਵ ਸਿੱਖਿਆ ਤਹਿਤ ਕੰਮ ਕਰ ਰਹੇ 8886 ਅਧਿਆਪਕਾਂ ਦੀ ਤਰਜ਼ ਤੇ 2018 ਤੋਂ ਰੈਗੂਲਰ ਦੀ ਮੰਗ ਕਰ ਰਹੇ ਦਫ਼ਤਰੀ ਕ੍ਰਮਚਾਰੀਆਂ ਤੇ 7ਵੇਂ ਤਨਖਾਹ ਕਮਿਸ਼ਨ 'ਤੇ ਤਿੰਨ ਸਾਲ ਦੀ ਪ੍ਰੋਬੇਸ਼ਨ ਦੀ ਸ਼ਰਤ ਲਾਈ ਹੈ, ਇਸ ਅਨੁਸਾਰ 50000 ਤੱਕ ਦੀ ਤਨਖਾਹ ਲੈ ਰਹੇ ਕ੍ਰਮਚਾਰੀ ਜੋ 15-20 ਸਾਲਾਂ ਤੋਂ ਸੇਵਾ ਨਿਭਾਅ ਰਹੇ ਹਨ, ਨੂੰ 19000 'ਤੇ ਪੱਕਾ ਕੀਤਾ ਜਾਣਾ ਹੈ। ਇਸ ਨਾਲ ਕ੍ਰਮਚਾਰੀਆਂ ਵਿਚ ਅੱਗੇ ਖਾਈ ਪਿੱਛੇ ਖੂਹ ਵਰਗੀ ਸਥਿਤੀ ਪੈਦਾ ਹੋ ਗਈ ਹੈ।

ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਨਾਲ ਸਰਾਸਰ ਧੱਕਾ ਕਰ ਰਹੀ ਹੈ, ਜੋ ਮੁਲਾਜ਼ਮ ਰੈਗੂਲਰ ਨਹੀਂ ਹੋਣਾ ਚਾਹੁੰਦਾ, ਉਹ ਕੰਟਰੈਕਟ 'ਤੇ ਕੰਮ ਕਰਦਾ ਰਹੇਗਾ ਤੇ ਉਸ ਨੂੰ ਦੁਬਾਰਾ ਮੌਕਾ ਨਹੀਂ ਮਿਲੇਗਾ। ਮੁਲਾਜ਼ਮ ਸਰਕਾਰ ਦੀ ਕਿਸੇ ਵੀ ਤਰ੍ਹਾਂ ਦੀ ਬੇਇਨਸਾਫੀ ਨੂੰ ਸਹਿਣ ਨਹੀਂ ਕਰੇਗੀ। ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਕਰਮਚਾਰੀਆਂ ਨੂੰ 01.04.2018 ਤੋਂ ਬਿਨਾਂ ਕਿਸੇ ਸ਼ਰਤ ਦੇ ਉਨ੍ਹਾਂ ਨੂੰ ਮੌਜੂਦਾ ਅਹੁਦੇ 'ਤੇ ਰੈਗੂਲਰ ਕਰੇ, ਨਹੀਂ ਤਾਂ ਕ੍ਰਮਚਾਰੀ ਸੰਘਰਸ਼ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਗੇ, ਜਿਸ ਦੀ ਪੂਰੀ ਜ਼ਿੰਮੇਵਾਰੀ ਸਿੱਖਿਆ ਵਿਭਾਗ, ਵਿੱਤ ਵਿਭਾਗ ਤੇ ਮਾਨ ਸਰਕਾਰ ਦੀ ਹੋਵੇਗੀ।

## ਕਾਤਰਾਂ

### ਬਿਨਾਂ ਲਾਇਸੈਂਸ ਪ੍ਰੀਗਾਬਾਲਿਨ ਸਾਲਟ ਦੇ ਕੈਪਸੂਲ ਤੇ ਗੋਲੀਆਂ ਰੱਖਣ 'ਤੇ ਪਾਬੰਦੀ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਮੈਜਿਸਟ੍ਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ) 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪ੍ਰੀਗਾਬਾਲਿਨ ਸਾਲਟ ਦੇ ਕੈਪਸੂਲ ਤੇ ਗੋਲੀਆਂ ਨੂੰ ਬਿਨਾਂ ਲਾਇਸੰਸ ਅਤੇ ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਮਾਤਰਾ ਵਿੱਚ ਰੱਖਣ 'ਤੇ ਪਾਬੰਦੀ ਲਾਈ ਹੈ।ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਪ੍ਰੀਗਾਬਾਲਿਨ ਸਾਲਟ ਦੇ ਵੇਚੇ ਗਏ ਕੈਪਸੂਲ ਤੇ ਗੋਲੀਆਂ ਦੇ ਬਿੱਲ ਆਦਿ ਦਾ ਰਿਕਾਰਡ ਮੇਨਟੇਨ ਕਰਨ ਤੇ ਸਿਰਫ਼ ਡਾਕਟਰ ਦੀ ਤਜਵੀਜ਼ ਸਲਿੱਪ ਰਾਹੀਂ ਹੀ ਵੇਚਣ ਦੇ ਆਦੇਸ਼ ਵੀ ਦਿੱਤੇ ਗਏ ਹਨ।ਇਹ ਹੁਕਮ 26 ਨਵੰਬਰ ਤੱਕ ਲਾਗੂ ਰਹਿਣਗੇ।

### ਭਾਰਤ ਰਤਨ ਨਾਲ ਸ਼ਹੀਦ ਭਗਤ ਸਿੰਘ ਦਾ ਕੀਤਾ ਜਾਵੇ ਸਨਮਾਨ : ਬਡੂੰਗਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਏ ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ 28 ਸਤੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਬੜੇ ਹੀ ਉਤਸ਼ਾਹ ਤੇ ਸਤਿਕਾਰ ਸਹਿਤ ਮਨਾਇਆ ਗਿਆ।ਰਾਜ ਪੱਧਰੀ ਵੱਡਾ ਸਮਾਗਮ ਹੋਇਆ, ਜਿਸ 'ਚ ਸੂਬੇ ਦੇ ਮੁੱਖ ਮੰਤਰੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਕਾਰਜ ਦੀ ਸ਼ਲਾਘਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਸ਼ਹੀਦ ਏ ਆਜ਼ਮ ਭਗਤ ਸਿੰਘ ਨੂੰ ਕੌਮੀ ਸ਼ਹੀਦ ਐਲਾਨਣ ਅਤੇ ਭਾਰਤ ਰਤਨ ਨਾਲ ਸਨਮਾਨਤ ਕਰਨ ਦੀ ਮੰਗ ਕੀਤੀ ਗਈ ਹੈ।ਪ੍ਰੋ. ਬਡੂੰਗਰ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿਸ ਤਰੀਕੇ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ, ਇਹ ਬੜਾ ਹੀ ਸ਼ਲਾਘਾਯੋਗ ਕਾਰਜ ਹੈ।ਸ਼ਹੀਦਾਂ ਦੀ ਯਾਦ 'ਚ ਸਰਕਾਰਾਂ ਵੱਲੋਂ ਅਜਿਹੇ ਸਮਾਗਮ ਕਰਨੇ ਚਾਹੀਦੇ ਹਨ, ਕਿਉਂਕਿ ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ।ਉਨ੍ਹਾਂ ਕਿਹਾ ਕਿ ਭਗਤ ਸਿੰਘ ਜੀ ਦੀ ਸ਼ਹਾਦਤ 'ਤੇ ਭਾਰਤ ਵਾਸੀਆਂ ਖਾਸ ਕਰ ਪੰਜਾਬੀਆਂ ਨੂੰ ਮਾਣ ਹੈ।ਉਨ੍ਹਾਂ ਮੰਗ ਕੀਤੀ ਹੈ ਕਿ ਭਗਤ ਸਿੰਘ ਜੀ ਨੂੰ ਭਾਰਤ ਸਰਕਾਰ ਵੱਲੋਂ ਜਲਦ ਤੋਂ ਜਲਦ ਕੌਮੀ ਸ਼ਹੀਦ ਐਲਾਨਿਆ ਜਾਵੇ ਤੇ ਉਨ੍ਹਾਂ ਨੂੰ ਭਾਰਤ ਰਤਨ ਨਾਲ ਸਨਮਾਨਤ ਕੀਤਾ ਜਾਵੇ।ਬਡੂੰਗਰ ਨੇ ਕਿਹਾ ਕਿ ਇਹ ਸਰਕਾਰ ਦਾ ਫ਼ਰਜ਼ ਹੈ, ਜਿਸ ਦੀ ਪੂਰਤੀ ਹੋਣੀ ਚਾਹੀਦੀ ਹੈ।

### ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਜਾਤ-ਪਾਤ ਦੇ ਪਾਜ ਉਧੇੜਦੀ ਫ਼ਿਲਮ ਦਿਖਾਈ

**ਲੌਂਗੋਵਾਲ (ਪ੍ਰਦੀਪ ਸੱਪਲ)**-ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗੁਰੂ ਰਵਿਦਾਸ ਨਗਰ ਛੋਟਾ ਵਿਹੜਾ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਉਘੇ ਫ਼ਿਲਮਸਾਜ਼ ਸਤਿਅਜੀਤ ਰੇਅ ਦੀ ਫਿਲਮ, ਜੋ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਤੇ ਅਧਾਰਤ ਹੈ, ਲੋਕਾਂ ਨੂੰ ਦਿਖਾਈ ਗਈ।ਫ਼ਿਲਮ ਵਿੱਚ ਦਲਿਤ ਭਾਈਚਾਰੇ ਦੀ ਹੁੰਦੀ ਮਾਨਸਿਕ, ਸਰੀਰਕ ਤੇ ਆਰਥਿਕ ਲੁੱਟ ਨੂੰ ਨਿਧੜਕ ਹੋ ਕੇ ਪੇਸ਼ ਕੀਤਾ ਗਿਆ, ਜਿੱਥੇ ਇਹ ਫ਼ਿਲਮ ਦਾ ਆਯੋਜਨ ਕੀਤਾ ਗਿਆ, ਉੱਥੇ ਦੇਸ਼ ਭਗਤ ਯਾਦਗਾਰ ਦੇ ਪ੍ਰਧਾਨ ਬਲਬੀਰ ਲੌਂਗੋਵਾਲ ਵੱਲੋਂ ਸ਼ਹੀਦ ਨੂੰ ਯਾਦ ਕਰਦਿਆਂ ਉਸ ਵੱਲੋਂ ਲਿਖੇ ਲੇਖ ਅਛੂਤ ਦਾ ਸਵਾਲ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਦਲਿਤ ਭਾਈਚਾਰੇ ਦੀ ਮੁਕਤੀ ਸਿਰਫ਼ ਸੰਘਰਸ਼ਾਂ ਤੇ ਸਿੱਖਿਆ ਰਾਹੀਂ ਹੀ ਸੰਭਵ ਹੈ, ਨਾ ਕਿ ਕਿਸੇ ਬਾਹਰੀ ਅਲੌਕਕ ਸ਼ਕਤੀ ਨੇ ਅਜਿਹਾ ਕਰਨਾ ਹੈ।ਇਸ ਮੌਕੇ ਲਖਵੀਰ ਲੌਂਗੋਵਾਲ ਵੱਲੋਂ ਵੀ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਗੱਲਬਾਤ ਕੀਤੀ।

# ਪਾਰਟੀਬਾਜ਼ੀ ਤੋਂ 'ਤੇ ਉੱਠ ਕੇ ਅਗਰਵਾਲ ਭਾਈਚਾਰੇ ਨੂੰ ਮਦਦ ਲਈ ਖੜਨ ਦਾ ਸੱਦਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਲ ਕ੍ਰਿਸ਼ਨ ਗਰਗ (ਬਾਲੀ) ਪ੍ਰਧਾਨ ਰਾਈਸ ਮਿੱਲਜ਼ ਐਸੋਸੀਏਸ਼ਨ ਪੰਜਾਬ, ਵਿਜੇ ਕੁਮਾਰ ਬਾਂਸਲ ਪ੍ਰਧਾਨ ਅਗਰਵਾਲ ਸਭਾ ਤੇ ਪਵਨ ਗੋਇਲ ਪ੍ਰਧਾਨ ਯੂਥ ਅਗਰਵਾਲ ਸਭਾ ਅਤੇ ਅਸ਼ੋਕ ਕੁਮਾਰ ਸ਼ੌਕੀ ਦੀ ਅਗਵਾਈ ਵਿੱਚ ਅਗਰਵਾਲ ਮਹਾਂਸੰਮੇਲਨ ਬਹੁਤ ਧੂਮ ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਸ਼ਹਿਰ ਦੇ ਸਮੂਹ ਸਨਾਤਨੀ ਪਰਿਵਾਰਾਂ ਨੇ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ।ਸੋਨੀਆ ਗੁਪਤਾ ਪ੍ਰਧਾਨ ਨਗਰ ਕੌਂਸਲ ਤੇ ਪਵਨ ਗੁਪਤਾ ਵੱਲੋਂ ਆਪਣੇ ਕਰ ਕਮਲਾਂ ਨਾਲ ਜੋਤੀ ਪ੍ਰਚੰਡ ਕਰ ਕੇ ਇਸ ਸੰਮੇਲਨ ਦੀ ਸ਼ੁਰੂਆਤ ਕਰਾਈ।

ਇਸ ਮੌਕੇ ਸੁਭਾਸ਼ ਚੰਦਰ ਗਰਗ, ਸਟੇਜ ਸੈਕਟਰੀ ਮਾ. ਸੁਸ਼ੀਲ ਗਰਗ ਤੇ ਅਸ਼ੋਕ ਗਰਗ ਸੈਕਟਰੀ ਨੇ ਵੀ ਬਾਖੂਬੀ ਡਿਊਟੀ ਨਿਭਾਈ।ਪ੍ਰੋਗਰਾਮ ਵਿੱਚ ਵੱਖ-ਵੱਖ ਅਗਰਵਾਲ ਸਮਾਜ ਦੇ ਆਗੂਆਂ ਵੱਲੋਂ ਸਮਾਜ 'ਚ ਅੱਗਰਵਾਲ ਪਰਿਵਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਘਾਟਾਂ ਤੋਂ ਇਲਾਵਾ ਅਗਰਵਾਲ ਵਪਾਰੀਆ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ।ਉਪਰੰਤ ਬਾਲ ਕ੍ਰਿਸ਼ਨ ਗਰਗ (ਬਾਲੀ) ਤੇ ਪ੍ਰਧਾਨ ਵਿਜੇ ਬਾਂਸਲ ਨੇ ਮਹਾਰਾਜਾ ਅਗਰਸੈਨ ਜੀ ਦੇ ਦਰਸਾਏ ਹੋਏ ਮਾਰਗ 'ਤੇ ਚੱਲਣ ਲਈ ਪ੍ਰੇਰਤ ਕੀਤਾ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਮੂਹ ਅਗਰਵਾਲ ਭਾਈਚਾਰੇ ਨੂੰ ਇੱਕ-ਦੂਜੇ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣ ਲਈ ਕਿਹਾ, ਕਿਉਂਕਿ ਦੇਸ਼ ਨੂੰ ਚਲਾਉਣ ਲਈ ਆਪਣੇ ਅਗਰਵਾਲ ਭਾਈਚਾਰੇ ਦਾ ਬਹੁਤ ਹੀ ਵਡਮੁੱਲਾ ਯੋਗਦਾਨ ਹੈ, ਆਪਣੇ ਲੋਕ ਟੈਕਸ ਦੇ ਰੂਪ 'ਚ ਸਰਕਾਰ ਨੂੰ ਢੰਗ ਤਰੀਕੇ ਨਾਲ ਚਲਾਉਣ ਲਈ ਵੱਡਾ ਯੋਗਦਾਨ ਪਾਉਂਦੇ ਹਨ।ਸ਼ਹਿਰ ਵਿੱਚ ਅਗਰਵਾਲ ਸਮਾਜ ਦੀ ਇਕ ਧਰਮਸ਼ਾਲਾ ਬਣਾਉਣ ਲਈ ਵੀ ਵਿਚਾਰ ਕੀਤਾ ਗਿਆ, ਜਿਸ 'ਤੇ ਪ੍ਰਧਾਨ ਨੇ ਕਿਹਾ ਕਿ ਪਹਿਲਾਂ ਵੀ ਦੋ ਵਾਰ ਕੋਸ਼ਿਸ਼ ਕੀਤੀ ਗਈ ਕਿ ਦੋ ਮੰਦਰ ਜਾ ਇਕ ਅਗਰਵਾਲ ਸਮਾਜ ਦੀ ਧਰਮਸ਼ਾਲਾ ਬਣਾਉਣੀ ਹੈ, ਦੀ ਇਕ ਸਾਂਝੀ ਮੀਟਿੰਗ ਹੋ ਸਕੇ, ਪਰ ਹੁਣ ਉਮੀਦ ਆ ਕੇ ਇਸ ਕੰਮ ਨੂੰ ਬੂਰ ਪੈ ਜਾਵੇਗਾ।ਪ੍ਰਧਾਨ ਵਿਜੈ ਬਾਂਸਲ ਨੇ ਕਿਹਾ ਕੇ ਆਪਣਾ ਸ਼ਹਿਰ ਬਹੁਤ ਛੋਟਾ ਏ, ਦਾਨੀ ਬਹੁਤ ਦਿਆਲੂ ਨੇ ਪਰ ਫਿਰ ਵੀ ਆਪਾ ਨੂੰ ਚਾਹੀਦਾ ਸ਼ਹਿਰ ਵਾਲਿਆਂ ਦਾ ਵੀ ਪੱਖ ਜਾਣਨਾ ਚਾਹੀਦਾ।

ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਿੰਪੀ ਮਿੱਤਲ ਨੇ ਆਖਿਆ ਕਿ ਆਪਾਂ ਨੂੰ ਕੋਈ ਪ੍ਰਾਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਵਪਾਰੀਆ ਦਾ ਧਿਆਨ ਰੱਖਣਾ ਜ਼ਰੂਰੀ ਹੈ।ਉਨ੍ਹਾਂ ਦਾ ਆਪਣਾ ਪਰਵਾਰ ਵੀ ਕਾਰੋਬਾਰ ਵੀ ਪਹਿਲਾਂ ਵਾਲੇ ਨਹੀਂ ਰਹੇ ਤੇ ਸ਼ਰਧਾਲੂ ਵੀ ਓਹੀ ਨੇ, ਪਰ ਜੇ ਸ਼ਹਿਰ ਵਿਚ ਕੋਈ ਵੀ ਸਾਂਝਾ ਪ੍ਰਾਜੈਕਟ ਲੱਗਦਾ ਹੈ, ਉਸ ਦਾ ਟਾਈਮ ਨਿਸਚਤ ਕੀਤਾ ਜਾਵੇ ਤਾਂ ਜੁ ਵਪਾਰੀ ਨੂੰ ਦਾਨ ਦੇਣ ਲੱਗਿਆਂ ਮਹਿਸੂਸ ਨਾ ਹੋਵੇ।

## ਭਾਕਿਯੂ ਏਕਤਾ ਆਜ਼ਾਦ ਵੱਲੋਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੇ ਅਰਥੀ ਫੂਕ ਮੁਜ਼ਾਹਰੇ 6 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਇਕਾਈ ਲੌਂਗੋਵਾਲ ਦੀ ਮੀਟਿੰਗ ਅੱਜ ਝਾੜੋਂ ਪੱਤੀ ਵਿਖੇ ਇਕਾਈ ਪ੍ਰਧਾਨ ਬਲਜਿੰਦਰ ਲੌਂਗੋਵਾਲ ਦੀ ਪ੍ਰਧਾਨਗੀ ਵਿੱਚ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹਾ ਆਗੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਕੁਲਵਿੰਦਰ ਸੋਨੀ ਲੌਂਗੋਵਾਲ ਨੇ ਕਿਹਾ ਕਿ ਪੰਜਾਬ 'ਚ ਹੜ੍ਹਾਂ ਨਾਲ ਫਸਲਾਂ, ਪਸ਼ੂਆਂ ਤੇ ਘਰਾਂ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ ਅਤੇ 60 ਦੇ ਕਰੀਬ ਇਨਸਾਨੀ ਜਾਨਾਂ ਚਲੀਆਂ ਗਈਆਂ ਹਨ, ਪਰ ਪੰਜਾਬ ਸਰਕਾਰ ਨਿਗੂਣੇ ਮੁਆਵਜ਼ੇ ਸਿਰਫ ਐਲਾਨਾਂ ਵਿੱਚ ਦੇ ਕੇ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਨਾਲ ਕੋਝਾ ਮਜ਼ਾਕ ਕਰ ਰਹੀ ਹੈ। ਦੂਜੇ ਪਾਸੇ ਕਿਸਾਨਾਂ ਉੱਪਰ ਪਰਾਲੀ ਸਾੜਨ ਦੇ ਪਰਚੇ ਦਰਜ ਕਰਨ ਦੇ ਨਾਲ-ਨਾਲ ਗ੍ਰਿਫਤਾਰੀਆਂ ਕਿਸਾਨਾਂ ਦੀਆਂ ਕਰ ਰਹੀ ਹੈ। ਜਿਹੜੀ ਸੁਪਰੀਮ ਕੋਰਟ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦੇ ਰਹੀ ਹੈ, ਉਹੀ ਸੁਪਰੀਮ ਕੋਰਟ ਵੱਲੋਂ 200 ਰੁਪਏ ਪ੍ਰਤੀ ਕੁਇੰਟਲ ਦੇ ਮੁਆਵਜ਼ੇ ਪਰਾਲੀ ਦੇ ਹੱਲ ਲਈ ਦੇਣ ਲਈ ਸਰਕਾਰਾਂ ਨੂੰ ਕਿਹਾ ਹੈ। ਪਰ ਕਿਸੇ ਵੱਲੋਂ ਵੀ ਬੋਨਸ ਕਿਸਾਨਾਂ ਨੂੰ ਨਾ ਦੇ ਕੇ ਧੱਕੇ ਨਾਲ ਪਰਚੇ ਪਾ ਕੇ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ ਜੋ ਕਿ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।ਇਸ ਮੌਕੇ ਜ਼ਿਲ੍ਹਾ ਆਗੂ ਅਮਰ ਲੌਂਗੋਵਾਲ ਨੇ ਕਿਹਾ ਕਿ ਹੜ੍ਹਾਂ ਦੇ ਨੁਕਸਾਨ ਦਾ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਮੰਗਿਆ ਮੁਆਵਜ਼ਾ ਦਿਵਾਉਣ ਅਤੇ ਪੰਜਾਬ ਸਰਕਾਰ ਵੱਲੋਂ ਪਰਾਲੀ ਸਾੜਨ ਤੇ ਕਿਸਾਨਾਂ ਦੀਆਂ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਦੇ ਵਿਰੋਧ ਵਜੋਂ 6 ਅਕਤੂਬਰ ਨੂੰ ਬਲਾਕ ਪੱਧਰੀ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੇ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਬਲਾਕ ਆਗੂ ਸੁਖਦੇਵ ਲੌਂਗੋਵਾਲ, ਅਮਰਜੀਤ ਲੌਂਗੋਵਾਲ, ਬਲਜਿੰਦਰ ਸਿੰਘ, ਇਕਾਈ ਆਗੂ ਨਛੱਤਰ ਬਟੂਹਾ, ਭੋਲਾ ਬਟੂਹਾ, ਸੁਰਜੀਤ ਭਪਨਾ, ਭੋਲਾ ਸਿੰਘ, ਖੜਕ ਸਿੰਘ ਆਦਿ ਹਾਜ਼ਰ ਸਨ।

# ਕੇਂਦਰ ਤੇ ਸੂਬਾ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ਼ ਰੋਸ ਪ੍ਰਦਰਸ਼ਨ



**ਸੰਗਰੂਰ (ਪ੍ਰਵੀਨ ਸਿੰਘ)**-ਕੇਂਦਰ ਤੇ ਸੂਬਾ ਸਰਕਾਰ ਵੱਲੋਂ ਮਨਰੇਗਾ ਮਜ਼ਦੂਰਾਂ ਦੇ ਰੁਜ਼ਗਾਰ ਤੇ ਕੀਤੀਆਂ ਜਾ ਰਹੀਆਂ ਕਟੌਤੀਆਂ ਖਿਲਾਫ਼ ਮਨਰੇਗਾ ਮਜ਼ਦੂਰਾਂ ਲਈ 200 ਦਿਨ ਕੰਮ ਤੇ ਹਰੇਕ ਮਜ਼ਦੂਰ ਲਈ 700 ਰੁਪਏ ਦਿਹਾੜੀ ਦੀ ਗਾਰੰਟੀ ਕਰਾਏ ਜਾਣ, ਹੜ੍ਹਾਂ/ਮੀਂਹਾਂ ਕਾਰਨ ਡਿੱਗੇ ਘਰਾਂ ਲਈ ਪੰਜ ਲੱਖ ਰੁਪਏ, ਨੁਕਸਾਨੇ ਗਏ ਘਰਾਂ ਦੀ ਮੁਰੰਮਤ ਲਈ 1 ਲੱਖ ਰੁਪਏ, ਟੁੱਟੀਆਂ ਦਿਹਾੜੀਆਂ ਲਈ ਪ੍ਰਤੀ ਮਜ਼ਦੂਰ ਪਰਵਾਰ ਲਈ 25000 ਰੁਪਏ ਮੁਆਵਜ਼ਾ ਦਿੱਤਾ ਜਾਵੇ।ਹੜ੍ਹਾਂ ਕਾਰਨ ਮਾਰੇ ਗਏ ਵਿਅਕਤੀਆਂ ਦੇ ਪਰਵਾਰਾਂ ਨੂੰ ਘੱਟੋ-ਘੱਟ 10 ਲੱਖ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ, ਜਿਹੜੇ ਬੇਜ਼ਮੀਨੇ ਮਜ਼ਦੂਰ ਕਿਸਾਨ ਹਿੱਸੇ ਠੇਕੇ 'ਤੇ ਜ਼ਮੀਨ ਲੈ ਕੇ ਸਬਜ਼ੀਆਂ ਦੀ ਕਾਸ਼ਤ ਕਰਦੇ ਹਨ। ਉਨ੍ਹਾਂ ਲਈ ਵੀ ਜ਼ਮੀਨ ਦੇ ਠੇਕੇ ਸਮੇਤ ਉਨ੍ਹਾਂ ਦੇ ਹੋਏ ਨੁਕਸਾਨ ਦੀ ਵੀ ਭਰਪਾਈ ਕੀਤੀ ਜਾਵੇ।ਇਸ ਤੋਂ ਇਲਾਵਾ ਹੜ੍ਹਾਂ ਲਈ ਜ਼ਿੰਮੇਵਾਰ ਅਧਿਕਾਰੀਆਂ ਤੇ ਕਾਰਵਾਈ ਤੋਂ ਇਲਾਵਾ ਨਹਿਰਾਂ, ਕੱਸੀਆਂ, ਸੂਇਆਂ ਡਰੇਨਾਂ ਆਦਿ ਦੀ ਸਾਫ਼-ਸਫ਼ਾਈ ਲਈ ਪੱਕੇ ਮੁਲਾਜ਼ਮ ਰੱਖਣ ਅਤੇ ਢੁਕਵੇਂ ਪ੍ਰਬੰਧ ਕੀਤੇ ਜਾਣ ਅਤੇ ਹੜ੍ਹਾਂ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਦੇ ਰੋਕਥਾਮ ਲਈ ਅਗਾਊਂ ਪ੍ਰਬੰਧ ਕੀਤੇ ਜਾਣ ਆਦਿ ਮੰਗਾਂ ਨੂੰ ਲੈ ਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਰੋਹ ਭਰਪੂਰ ਨਾਅਰੇਬਾਜ਼ੀ ਕਰਦਿਆਂ ਰੋਸ ਪ੍ਰਦਰਸ਼ਨ ਕਰਕੇ ਡਿਪਟੀ ਕਮਿਸ਼ਨਰ ਸੰਗਰੂਰ ਰਾਹੀਂ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਹੇਠ ਮੰਗ ਪੱਤਰ ਭੇਜਿਆ ਗਿਆ।

ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ, ਜ਼ਿਲ੍ਹਾ ਪ੍ਰਧਾਨ ਬਿੱਟੂ ਸਿੰਘ ਖੋਖਰ ਆਲ ਇੰਡੀਆ ਪ੍ਰੋਗਰੈਸਿਵ ਵੂਮੈਨ ਐਸੋਸੀਏਸ਼ਨ (ਏਪਵਾ) ਦੇ ਆਗੂ ਜਸਵੀਰ ਕੌਰ ਨੱਤ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਹੜ੍ਹਾਂ ਤੇ ਮੀਂਹਾਂ ਕਾਰਨ ਮਜ਼ਦੂਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਕੋਈ ਠੋਸ ਹੱਲ ਕਰਨਾ ਤਾਂ ਇੱਕ ਪਾਸੇ ਰਿਹਾ ਉਲਟਾ ਮਨਰੇਗਾ ਕਾਨੂੰਨ ਤਹਿਤ ਮਿਲਦਾ ਕੰਮ ਵੀ ਸਹੀ ਢੰਗ ਨਾਲ ਨਹੀਂ ਮਿਲ ਰਿਹਾ।ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਪ੍ਰੈਸ ਸਕੱਤਰ ਹਰਮਨਦੀਪ ਹਿੰਮਤਪੁਰਾ, ਕੁਲਵਿੰਦਰ ਕੌਰ ਰੇਤਗੜ੍ਹ, ਸੇਬੀ ਖੰਡੇਬਾਦ, ਘਮੁੰਡ ਸਿੰਘ ਖਾਲਸਾ, ਕਾਮਰੇਡ ਨਰੰਜਣ ਸਿੰਘ ਚੁਨਾਗਰਾ ਆਦਿ ਹਾਜ਼ਰ ਸਨ।

# ਪੁਲਸ ਨੇ 72 ਘੰਟਿਆਂ 'ਚ ਮਲੋਟ ਹਮਲਾਵਰ ਕੀਤਾ ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਰਾਤ ਕਰੀਬ 8:00 ਵਜੇ ਸਿਟੀ ਮਲੋਟ ਪੁਲਸ ਥਾਣੇ ਵਿੱਚ ਇੱਕ ਮਹਿਲਾ ਉੱਤੇ ਹੋਏ ਬੇਹੱਦ ਕਠੋਰ ਹਮਲੇ ਬਾਰੇ ਸੂਚਨਾ ਪ੍ਰਾਪਤ ਹੋਈ।ਪੀੜਤ ਨੂੰ ਗੰਭੀਰ ਚੋਟਾਂ ਹੋਣ ਕਾਰਨ ਤੁਰੰਤ ਸਿਵਲ ਹਸਪਤਾਲ ਮਲੋਟ ਵਿੱਚ ਦਾਖਲ ਕਰਾਇਆ ਗਿਆ, ਜਿਥੋਂ ਉਸ ਨੂੰ ਹੋਰ ਇਲਾਜ ਲਈ ਐਮਸ ਬਠਿੰਡਾ ਰੈਫਰ ਕੀਤਾ ਗਿਆ।ਜਾਂਚ ਦੌਰਾਨ ਪਤਾ ਲੱਗਾ ਕਿ ਪੀੜਤਾ ਅਮੀਸ਼ਾ ਪਤਨੀ ਕੋਮਲ ਜੱਗਾ ਵਾਸੀ ਕੈਂਪ ਮਲੋਟ ਆਪਣੇ ਗੁਆਂਢੀਆਂ ਵਿਚਾਲੇ ਹੋ ਰਹੀ ਲੜਾਈ ਨੂੰ ਰੋਕਣ ਦੀ ਕੋਸ਼ਿਸ਼ ਕਰਦੀ ਸੀ।ਇਸ ਗੱਲ ਕਾਰਨ ਦੋਸ਼ੀ ਗੁੱਸੇ ਵਿੱਚ ਆ ਕੇ ਉਸ ਉੱਤੇ ਹਮਲਾ ਕਰ ਗਿਆ ਤੇ ਮੌਕੇ ਤੋਂ ਭੱਜ ਗਿਆ।ਹਮਲਾਵਰ ਦੀ ਪਛਾਣ ਰੋਹਿਤ ਬਠਲਾ ਉਰਫ਼ ਭੂਚੀ ਪੁੱਤਰ ਜੈ ਕ੍ਰਿਸ਼ਨ ਬਠਲਾ, ਨਿਵਾਸੀ ਬੈਕਸਾਈਡ ਡੀ.ਏ.ਵੀ ਕਾਲਜ ਮਲੋਟ ਵਜੋਂ ਹੋਈ।ਪੀੜਤਾ ਦੇ ਬਿਆਨ ਅਧਾਰ 'ਤੇ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਰੋਹਿਤ ਬਠਲਾ ਉਰਫ਼ ਭੂਚੀ ਪੁੱਤਰ ਜੈ ਕ੍ਰਿਸ਼ਨ ਬਠਲਾ, ਨਿਵਾਸੀ ਬੈਕਸਾਈਡ ਡੀ.ਏ.ਵੀ ਕਾਲਜ ਮਲੋਟ ਦੋਸ਼ੀ ਦੇ ਖ਼ਿਲਾਫ਼ ਪਹਿਲਾਂ ਤੋਂ ਹੀ 7 ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ 3 ਐਕਸਾਈਜ਼ ਐਕਟ ਅਧੀਨ, 2 ਕਤਲ ਦੀ ਕੋਸ਼ਿਸ਼ ਤੇ 2 ਜ਼ਖ਼ਮੀ ਕਰਨ ਦੇ ਮਾਮਲੇ ਸ਼ਾਮਲ ਹਨ ਐਸ.ਐਸ.ਪੀ. ਤੇ ਐਸ.ਪੀ. (ਇਨਵੈ.) ਐੱਸ.ਐਮ.ਐੱਸ. ਤੇ ਡੀ.ਐੱਸ.ਪੀ. ਮਲੋਟ ਦੀ ਸਿੱਧੀ ਦੇਖ-ਰੇਖ ਹੇਠ ਕਈ ਪੁਲਸ ਟੀਮਾਂ ਬਣਾਈਆਂ ਗਈਆਂ।ਤਕਨੀਕੀ ਨਿਗਰਾਨੀ ਤੇ ਮਾਨਵੀ ਖੁਫੀਆ ਸੂਝ-ਬੂਝ ਦੀ ਮਦਦ ਨਾਲ ਦੋਸ਼ੀ ਦੇ ਠਿਕਾਣੇ ਦਾ ਪਤਾ ਲਾਇਆ ਗਿਆ।ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ ਦੋਸ਼ੀ ਨੂੰ 72 ਘੰਟਿਆਂ ਦੇ ਅੰਦਰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰੀ ਦੌਰਾਨ ਉਸਨੇ ਪੁਲ ਤੋਂ ਛਾਲ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਕਰਕੇ ਉਸ ਨੂੰ ਸੱਟ ਲੱਗੀ ਤੇ ਉਸ ਦੀ ਲੱਤ ਫਰੈਕਚਰ ਹੋ ਗਈ।

ਇਹ ਤੁਰੰਤ ਕੀਤੀ ਗਈ ਕਾਰਵਾਈ ਇੱਕ ਵਾਰ ਫਿਰ ਦਰਸਾਉਂਦੀ ਹੈ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਔਰਤਾਂ ਵਿਰੁੱਧ ਅਪਰਾਧ ਕਰਨ ਵਾਲਿਆਂ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ 'ਤੇ ਕਾਇਮ ਹੈ। ਪੁਲਿਸ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਔਰਤਾਂ ਦੀ ਸੁਰੱਖਿਆ, ਆਤਮ ਗੌਰਵ ਤੇ ਮਰਿਆਦਾ ਦੀ ਰੱਖਿਆ ਲਈ ਕੋਈ ਵੀ ਦੋਸ਼ੀ ਬਖ਼ਸ਼ਿਆ ਨਹੀਂ ਜਾਵੇਗਾ।ਜ਼ਿਲ੍ਹਾ ਪੁਲਿਸ ਗੈਂਗਸਟਰਾਂ, ਹਿੰਸਕ ਤੱਤਾਂ ਤੇ ਅਪਰਾਧੀਆਂ ਵਿਰੁੱਧ ਸਖ਼ਤ ਜ਼ੀਰੋ ਟਾਲਰੈਂਸ ਨੀਤੀ ਦੀ ਪਾਲਣਾ ਕਰਦੀ ਹੈ, ਜੋ ਵੀ ਵਿਅਕਤੀ ਅਜਿਹੀਆਂ ਗੈਰਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣਗੇ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਕੇ ਕਾਨੂੰਨੀ ਤੌਰ 'ਤੇ ਸਜ਼ਾ ਦਿਵਾਈ ਜਾਵੇਗੀ।

# ਆਈ.ਟੀ.ਆਈਜ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਅਮਨ ਅਰੋੜਾ ਦੇ ਹਲਕੇ 'ਚ ਤਿੱਖੇ ਸੰਘਰਸ਼ ਦਾ ਐਲਾਨ



**ਜਲਾਲਾਬਾਦ (ਜੀਤ ਕੁਮਾਰ)**

ਸਰਕਾਰੀ ਆਈ.ਟੀ.ਆਈਜ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ 5 ਅਕਤੂਬਰ ਨੂੰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਬਣਾਈ ਕੈਬਨਿਟ-ਸਬ-ਕਮੇਟੀ ਦੇ ਮੈਂਬਰ ਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਕੋਠੀ ਘਿਰਾਓ ਕਰਕੇ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ।

ਕਮੇਟੀ ਮੈਂਬਰ ਅਮਰਜੀਤ ਸਿੰਘ, ਗੁਰਵਿੰਦਰ ਸਿੰਘ, ਗੁਰਪਾਲ ਸਿੰਘ, ਗੁਰਲਾਭ ਸਿੰਘ, ਮਨਜੀਤ ਕੁਮਾਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਅਸੀਂ ਪਿਛਲੇ 15-16 ਸਾਲਾ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਆਂ ਵਿੱਚ ਗਰੁੱਪ ਬੀ ਕਰਾਫਟ ਇੰਸਟਰਕਟਰ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਠੇਕੇ ਉੱਪਰ ਸਿਰਫ਼ 15000 ਪ੍ਰਤੀ ਮਹੀਨਾ ਤੇ ਆਪਣਾ ਸੋਸ਼ਣ ਕਰਾ ਰਹੇ ਹਾਂ।ਸਾਡੀ ਭਰਤੀ ਵਿਭਾਗ ਵੱਲੋਂ ਸਮੇਂ ਤੇ ਜਾਰੀ ਹਦਾਇਤਾਂ ਰਾਹੀਂ ਪਾਰਦਰਸ਼ੀ ਢੰਗ ਨਾਲ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਤੇ ਰੋਜ਼ਗਾਰ ਦਫ਼ਤਰਾਂ ਰਾਹੀਂ ਕੀਤੀ ਗਈ ਹੈ। ਅਸੀਂ ਡੀ ਜੀ ਟੀ ਭਾਰਤ ਸਰਕਾਰ ਵੱਲੋਂ ਮੰਗੀਆਂ ਜਾਂਦੀਆਂ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਾਂ, ਪ੍ਰੰਤੂ ਫਿਰ ਵੀ ਸਾਡੇ ਨਾਲ ਪੰਜਾਬ ਸਰਕਾਰ ਸ਼ਰੇਆਮ ਧੱਕਾ ਕਰ ਰਹੀ ਹੈ। ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਉਣ ਲਈ ਬਹੁਤ ਮਿਹਨਤ ਕੀਤੀ ਸੀ ਕਿ ਸ਼ਾਇਦ ਇਹ ਪਾਰਟੀ ਸਾਡੀਆਂ ਮੰਗਾਂ ਪੂਰੀਆਂ ਕਰੇਗੀ ਪ੍ਰੰਤੂ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਧੋਖੇਬਾਜ਼ ਨਿਕਲੀ ਹੈ। ਅਸੀਂ ਇਸ ਸਰਕਾਰ ਵਿੱਚ ਪਿਛਲੇ 3 ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਗੱਲਬਾਤ ਰਾਹੀਂ ਕੋਈ ਹੱਲ ਨਿਕਲੇ ਇਸਦੇ ਚੱਲਦਿਆਂ ਬਹੁਤ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹੋਰ ਕੈਬਨਿਟ ਮੰਤਰੀਆਂ ਨੂੰ ਮਿਲ ਚੁੱਕੇ ਹਾਂ, ਪ੍ਰੰਤੂ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਸਾਡੀ ਗੱਲ 'ਤੇ ਗੌਰ ਨਹੀਂ ਕੀਤੀ। ਇਸ ਤੋਂ ਇਲਾਵਾ ਆਮ ਲੋਕਾਂ ਦੇ ਮੁੱਖ ਮੰਤਰੀ ਕਹਾਉਣ ਵਾਲੇ ਭਗਵੰਤ ਮਾਨ ਦੀ ਸਰਕਾਰੀ ਕੋਠੀ ਦੇ 50-60 ਚੱਕਰ ਲਾ ਚੁੱਕੇ ਹਾਂ, ਪ੍ਰੰਤੂ ਉਨ੍ਹਾਂ ਵੱਲੋਂ ਇੱਕ ਮਿੰਟ ਦਾ ਵੀ ਸਮਾਂ ਨਹੀਂ ਦਿੱਤਾ ਗਿਆ। ਹੁਣ ਜਥੇਬੰਦੀ ਨੇ ਮਜਬੂਰ ਹੋ ਕੇ ਪੰਜਾਬ ਸਰਕਾਰ ਵਿਰੁੱਧ ਖੁੱਲ੍ਹ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਇਸੇ ਦੇ ਚੱਲਦਿਆਂ ਸੰਘਰਸ਼ ਦੀ ਸ਼ੁਰੂਆਤ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਹਲਕੇ ਸੁਨਾਮ ਤੋਂ 5 ਅਕਤੂਬਰ ਨੂੰ ਧਰਨਾ ਦੇ ਕੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਉੱਪਰ ਧਿਆਨ ਨਹੀਂ ਦੇਵੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਬਾਕੀ ਕੈਬਨਿਟ ਮੰਤਰੀਆਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਤੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ। ਜੇਕਰ ਜ਼ਰੂਰਤ ਪੈਂਦੀ ਹੈ ਤਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਘਰ ਦਿੱਲੀ ਜਾਣਾ ਪਿਆ ਤਾਂ ਜ਼ਰੂਰ ਜਾਵਾਂਗੇ।

## ਮਾਸਟਰ ਮੰਗਲਦੀਪ ਦੀ ਬਦਲੀ ਰੱਦ ਕਰਾਉਣ ਲਈ ਲੋਕ ਅੜੇ

**ਮਲੋਟ (ਓਮ ਪ੍ਰਕਾਸ਼ ਸੇਖੂ)**-ਮੰਡੀ ਹਰਜੀ ਰਾਮ ਲੜਕਿਆਂ ਵਾਲੇ ਸਕੂਲ ਦੇ ਪ੍ਰਿੰਸੀਪਲ ਹਰਮੀਤ ਸਿੰਘ ਤੇ ਡੀਪੀ ਈ ਮਾਸਟਰ ਮੰਗਲਦੀਪ ਸਿੰਘ ਦੀ ਹੋਈ ਆਪਣੀ ਖਿੱਚੋਤਾਣ ਵਿੱਚ ਸਕੂਲ ਦੇ ਬੱਚਿਆਂ ਨੇ ਸਕੂਲ ਦੇ ਗੇਟ ਸਾਹਮਣੇ ਡੀਪੀ ਈ ਦੇ ਹੱਕ ਵਿੱਚ ਧਰਨਾ ਦੇ ਦਿੱਤਾ, ਜਿਸ ਦੀ ਵਜ੍ਹਾ ਪ੍ਰਿੰਸੀਪਲ ਦੀ ਸ਼ਿਕਾਇਤ 'ਤੇ ਜ਼ਿਲ੍ਹੇ ਦੇ ਉਚ ਅਧਿਕਾਰੀਆਂ ਨੇ ਡੀਪੀਈ ਮਾਸਟਰ ਮੰਗਲਦੀਪ ਦੀ ਬਦਲੀ ਕਰ ਦਿੱਤੀ ਸੀ। ਬੱਚੇ ਤੇ ਮੁਹੱਲਾ ਵਾਸੀਆਂ ਦਾ ਕਹਿਣਾ ਹੈ ਕਿ ਪ੍ਰਿੰਸੀਪਲ ਹਰਮੀਤ ਸਿੰਘ ਕਾਫੀ ਲੰਬੇ ਸਮੇਂ ਤੋਂ ਸਕੂਲ ਵਿੱਚ ਆਪਣੀ ਮਨਮਾਨੀ ਕਰਦਾ ਆ ਰਿਹਾ ਹੈ। ਕੁੱਝ ਸਾਲ ਪਹਿਲਾਂ ਸਕੂਲ ਦੀ ਕਮੇਟੀ ਤੇ ਉੱਚ ਅਧਿਕਾਰੀਆਂ ਦੀ ਜਾਣਕਾਰੀ ਤੋਂ ਬਗੈਰ ਸਕੂਲ ਵਿੱਚ ਜੋ ਦਰੱਖਤ ਲਾਏ ਗਏ ਸਨ, ਉਸ ਦੇ ਜ਼ਿੰਮੇਵਾਰ ਵੀ ਹਰਮੀਤ ਸਿੰਘ ਪ੍ਰਿੰਸੀਪਲ ਹੀ ਰਹੇ ਹਨ। ਉਸ ਵਕਤ ਉਨ੍ਹਾਂ ਨੇ ਪੰਚਾਇਤੀ ਬੰਦਿਆਂ ਦੇ ਸਾਹਮਣੇ ਆਪਣੀ ਗਲਤੀ ਮੰਨ ਲਈ। ਪ੍ਰਿੰਸੀਪਲ ਦੇ ਚਹੇਤੇ ਕੁਝ ਮਾਸਟਰ ਵੀ ਮਨਮਾਨੀ ਕਰਦੇ ਹਨ, ਜਦੋਂ ਇਸ ਦੇ ਖਿਲਾਫ ਡੀਪੀਈ ਮਾਸਟਰ ਮੰਗਲਦੀਪ ਨੇ ਆਵਾਜ਼ ਉਠਾਈ ਤਾਂ ਉਸ ਦਾ ਸਿਲਾ ਉਸ ਨੂੰ ਸਕੂਲ ਵਿੱਚ ਹੋਈ ਆਪਣੀ ਬਦਲੀ ਨਾਲ ਉਠਾਉਣਾ ਪਿਆ। ਮੰਗਲਦੀਪ ਦਾ ਕਹਿਣਾ ਹੈ ਕਿ ਉੱਚ ਅਧਿਕਾਰੀ ਵੀ ਉਸ ਦੀ ਗੱਲਬਾਤ ਸੁਣਨ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਮੈਂ ਖੁਦ ਇੱਕ ਐਸੀ ਭਾਈਚਾਰੇ ਨਾਲ ਸੰਬੰਧਤ ਹਾਂ ਅਤੇ ਜ਼ਿਆਦਾਤਰ ਬੱਚੇ ਇਸ ਵਿੱਚ ਗੁਰੂ ਰਵਿਦਾਸ ਨਗਰ ਦੇ ਐਸ ਸੀ ਭਾਈਚਾਰੇ ਨਾਲ ਸੰਬੰਧਤ ਹਨ। ਮੰਗਲਦੀਪ ਨੇ ਦੱਸਿਆ ਕਿ ਗੁਰੂ ਰਵਿਦਾਸ ਨਗਰ ਦੇ ਪੂਰਾ ਮਹੱਲਾ ਨਿਵਾਸੀਆਂ ਵੱਲੋਂ ਵੀ ਉਸ ਦਾ ਸਮਰਥਨ ਕੀਤਾ ਜਾ ਰਿਹਾ ਹੈ ਤੇ ਜ਼ਿਲ੍ਹੇ ਦੇ ਸਿੱਖਿਆ ਉੱਚ ਅਧਿਕਾਰੀ ਡੀਓ ਸਾਹਿਬ ਨੂੰ ਲਿਖਤੀ ਪੱਤਰ ਦੇ ਕੇ ਸ਼ਿਕਾਇਤੀ ਬਦਲੀ ਰੱਦ ਕਰਾਉਣ ਦਾ ਮੰਗ ਕੀਤੀ ਹੈ।

# ਧਾਰਮਿਕ ਸਦਭਾਵਨਾ ਨੂੰ ਠੇਸ ਪਹੁੰਚਾਉਣ ਵਾਲੀਆਂ ਸੋਸ਼ਲ ਸਾਈਟਾਂ 'ਤੇ ਪਾਬੰਦੀ ਲੱਗਣੀ ਜ਼ਰੂਰੀ : ਚੀਮਾ





**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਿੱਖ ਵਿਰੋਧੀ ਤੱਤਾਂ ਵੱਲੋਂ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ) ਤਕਨੀਕ ਦੀ ਵਰਤੋਂ ਕਰਕੇ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਨੂੰ ਨਿਸ਼ਾਨਾ ਬਣਾਉਂਦੀਆਂ ਬੇਅਦਬੀ ਵਾਲੀਆਂ ਵੀਡੀਓਜ਼ ਅਪਲੋਡ ਕੀਤੀਆਂ ਜਾ ਰਹੀਆਂ ਹਨ, ਜਿਸ ਨੇ ਪੂਰੇ ਸਿੱਖ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਤੇ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ ਹੈ। ਮਾਤਾ ਗੁਜਰੀ ਕਾਲਜ ਦੀ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਨੇ ਆਪਣੀ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਏ.ਆਈ. ਤਕਨੀਕ ਦੀ ਹੋ ਰਹੀ ਦੁਰਵਰਤੋਂ ਬੇਹੱਦ ਸੰਜੀਦਾ ਮਾਮਲਾ ਹੈ, ਕਿਉਂਕਿ ਇਸ ਰਾਹੀਂ ਕੁਝ ਸ਼ਰਾਰਤੀ ਲੋਕਾਂ ਵੱਲੋਂ ਜਿੱਥੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਜਾ ਰਹੀ ਹੈ, ਉਥੇ ਨਾਲ ਹੀ ਫ਼ਿਰਕਿਆਂ ਅੰਦਰ ਟਕਰਾਅ ਵਾਲਾ ਮਾਹੌਲ ਵੀ ਸਿਰਜਿਆ ਜਾ ਰਿਹਾ ਹੈ, ਇਸ ਲਈ ਅਜਿਹੇ ਵਰਤਾਰੇ 'ਤੇ ਜਲਦ ਤੋਂ ਜਲਦ ਰੋਕ ਲਾਉਣੀ ਬੇਹੱਦ ਜ਼ਰੂਰੀ ਹੈ।ਇਸ ਸਬੰਧ ਵਿੱਚ ਸੁਖਮਿੰਦਰ ਸਿੰਘ, ਸਕੱਤਰ ਵਿੱਦਿਆ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਐੱਸ.ਜੀ.ਪੀ.ਸੀ. ਸ੍ਰੀ ਅੰਮ੍ਰਿਤਸਰ ਸਾਹਿਬ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈ ਕੇ ਮਾੜੇ ਅਨਸਰਾਂ ਵਿਰੁੱਧ ਤੁਰੰਤ ਐਕਸ਼ਨ ਲਿਆ ਜਾਵੇ ਅਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੁ ਅੱਗੇ ਤੋਂ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਧਾਰਮਿਕ ਸਦਭਾਵਨਾ ਨੂੰ ਠੇਸ ਪਹੁੰਚਾਉਣ ਵਾਲੀਆਂ ਹਰ ਪ੍ਰਕਾਰ ਦੀਆਂ ਸਾਈਟਾਂ ਤੇ ਪਾਬੰਦੀ ਲੱਗਣੀ ਚਾਹੀਦੀ ਹੈ।ਮਾਤਾ ਗੁਜਰੀ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਕਿਸੇ ਨੂੰ ਵੀ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ ਕਿਉਂਕਿ ਅਜਿਹੀਆਂ ਘਟਨਾਵਾਂ ਨਾਲ ਸਮਾਜ ਵਿੱਚ ਸਦਭਾਵਨਾ ਦਾ ਮਾਹੌਲ ਖਤਮ ਹੁੰਦਾ ਹੈ।

## ਚਿੱਟਾ ਸੋਨਾ ਹੁਣ ਪੰਜਾਬ ਦੀਆਂ ਮੰਡੀਆਂ 'ਚ ਰੁਲਣ ਲੱਗਾ

# ਐੱਮ ਐੱਸ ਪੀ ਅਨੁਸਾਰ ਭਾਅ ਨਾ ਮਿਲਣ ਕਾਰਨ ਕਿਸਾਨ ਨਿਰਾਸ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੀ ਬਠਿੰਡਾ ਪੱਟੀ 'ਚ ਮੁੱਢਲੇ ਪੜਾਅ 'ਤੇ ਹੀ ਨਰਮੇ ਦੀ ਫ਼ਸਲ ਸਰਕਾਰੀ ਭਾਅ ਤੋਂ ਹੇਠਾਂ ਵਿਕਣ ਲੱਗੀ ਹੈ, ਹਾਲਾਂਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਐਮ.ਐਸ.ਪੀ ਦੇਣ ਦੇ ਦਮਗਜੇ ਮਾਰਦੀ ਨਹੀਂ ਥੱਕਦੀ, ਪਰ ਹਕੀਕਤ ਇਸ ਦੇ ਪੂਰੀ ਤਰ੍ਹਾਂ ਉਲਟ ਹੈ। ਕਿਸਾਨਾਂ ਨੂੰ ਇਸ ਵਾਰ ਚੰਗੇ ਭਾਅ ਦੀ ਉਮੀਦ ਸੀ, ਜੋ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ ਹੈ।ਵੱਡੀ ਗੱਲ ਇਹ ਵੀ ਹੈ ਕਿ ਭਾਰਤੀ ਕਪਾਹ ਨਿਗਮ ਨੇ ਮੰਡੀਆਂ ਚੋਂ ਪਾਸਾ ਵੱਟਿਆ ਹੋਇਆ ਹੈ।ਇਸ ਦੇ ਚੱਲਦਿਆਂ ਹੜ੍ਹਾਂ ਦਾ ਝੰਬਿਆ ਕਿਸਾਨ ਦੋਹਰੀ ਮਾਰ ਝੱਲਣ ਲਈ ਮਜਬੂਰ ਹੈ।ਐਤਕੀਂ ਬਠਿੰਡਾ ਜ਼ਿਲ੍ਹੇ 'ਚ ਨਰਮੇ ਹੇਠ ਥੋੜ੍ਹਾ ਰਕਬਾ ਵਧਿਆ ਸੀ ਤੇ ਮੰਡੀਆਂ 'ਚ ਫ਼ਸਲ ਪੁੱਜ ਰਹੀ ਹੈ।

ਸਰਕਾਰੀ ਦਾਅਵਿਆਂ ਦੇ ਉਲਟ ਪ੍ਰਾਈਵੇਟ ਵਪਾਰੀ ਕਿਸਾਨਾਂ ਤੋਂ ਉਨ੍ਹਾਂ ਦਾ ਨਰਮਾ ਕੌਡੀਆਂ ਦੇ ਭਾਅ ਖ਼ਰੀਦ ਰਹੇ ਹਨ, ਫਿਰ ਵੀ ਕਪਾਹ ਨਿਗਮ ਹਾਲੇ ਤੱਕ ਮੰਡੀਆਂ ਵਿੱਚ ਦਾਖਲ ਨਹੀਂ ਹੋਇਆ ਹੈ।ਕੇਂਦਰ ਸਰਕਾਰ ਨੇ ਦਰਮਿਆਨੇ ਰੇਸ਼ੇ ਵਾਲੇ ਨਰਮੇ ਦੀ ਘੱਟੋ-ਘੱਟ ਕੀਮਤ 7710 ਅਤੇ ਲੰਬੇ ਰੇਸ਼ੇ ਵਾਲੀ ਫਸਲ ਦੀ ਕੀਮਤ 8110 ਰੁਪਏ ਤੈਅ ਕੀਤੀ ਹੋਈ ਹੈ, ਪਰ ਮੰਡੀਆਂ 'ਚ ਨਰਮਾ 5500 ਤੋਂ 7200 ਰੁਪਏ ਤੱਕ ਖਰੀਦਿਆ ਜਾ ਰਿਹਾ ਹੈ।ਇਹ ਹਾਲ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਦਾ ਹੈ, ਜਿੱਥੇ ਕਿਸਾਨ ਆਪਣੀ ਹੋਣੀ 'ਤੇ ਝੂਰਨ ਲਈ ਮਜਬੂਰ ਹਨ।ਭਾਰਤੀ ਕਪਾਹ ਨਿਗਮ ਦੀਆਂ ਅੱਠ ਜ਼ਿਲ੍ਹਿਆਂ 'ਚ ਡੇਢ ਦਰਜਨ ਕਪਾਹ ਮੰਡੀਆਂ ਹਨ, ਜਿਨ੍ਹਾਂ 'ਚ ਜ਼ਿਲ੍ਹਾ ਬਠਿੰਡਾ, ਫ਼ਾਜ਼ਿਲਕਾ, ਮਾਨਸਾ ਤੇ ਸ੍ਰੀ ਮੁਕਤਸਰ ਸਾਹਿਬ ਸ਼ਾਮਲ ਹਨ।ਹੁਣ ਤੱਕ ਜ਼ਿਆਦਾਤਰ ਖ਼ਰੀਦ ਪ੍ਰਾਈਵੇਟ ਵਪਾਰੀਆਂ ਵੱਲੋਂ ਹੀ ਕੀਤੀ ਜਾ ਰਹੀ ਹੈ।ਜ਼ਿਲ੍ਹਾ ਬਠਿੰਡਾ 'ਚ ਕੁੱਝ ਢੇਰੀਆਂ 7500 ਰੁਪਏ ਕੁਇੰਟਲ ਵਿਕੀਆਂ ਹਨ, ਜਦੋਂਕਿ ਬਹੁਤੀ ਫ਼ਸਲ ਨੀਵੇਂ ਭਾਅ ਤੇ ਹੀ ਵਿਕੀ ਹੈ।ਕਿਸਾਨਾਂ ਦਾ ਕਹਿਣਾ ਸੀ ਕਿ ਮੀਂਹਾਂ ਕਾਰਨ ਫ਼ਸਲ ਦਾ ਪਹਿਲਾਂ ਹੀ ਨੁਕਸਾਨ ਹੋ ਚੁੱਕਾ ਹੈ, ਉੱਪਰੋਂ ਕਪਾਹ ਨਿਗਮ ਮੰਡੀਆਂ 'ਚ ਖਰੀਦ ਨਹੀਂ ਕਰ ਰਿਹਾ ਹੈ।ਬਠਿੰਡਾ ਮੰਡੀ 'ਚ ਆਏ ਕਿਸਾਨਾਂ ਦਾ ਕਹਿਣਾ ਸੀ ਕਿ ਵਪਾਰੀ ਬੋਲੀ ਹੀ ਨਰਮੇ ਦੀ 5300 ਰੁਪਏ ਤੋਂ ਸ਼ੁਰੂ ਕਰਕੇ 7000 ਰੁਪਏ ਤੋਂ ਵੱਧ ਖ਼ਰੀਦ ਨਹੀਂ ਕਰਦੇ।

ਉਨ੍ਹਾਂ ਕਿਹਾ ਕਿ ਪ੍ਰਸ਼ਾਸ਼ਨ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਕੋਈ ਵਿਰਲੀ ਢੇਰੀ ਦੀ ਬੋਲੀ 7 ਹਜ਼ਾਰ ਤੋਂ ਉੱਪਰ ਜਾਂਦੀ ਹੈ।ਕਿਸਾਨ ਆਖਦੇ ਹਨ ਕਿ ਉਨ੍ਹਾਂ ਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਫਸਲ ਪਾਲੀ ਹੈ ਜਿਸ ਦਾ ਬਣਦਾ ਭਾਅ ਨਹੀਂ ਦਿੱਤਾ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਭਾਰਤੀ ਕਪਾਹ ਨਿਗਮ ਨੇ ਪਿਛਲੇ ਦਸ 'ਚੋਂ ਛੇ ਸਾਲਾਂ 'ਚ ਪੰਜਾਬ 'ਚੋਂ ਇੱਕ ਢੇਰੀ ਵੀ ਨਰਮੇ ਦੀ ਖ਼ਰੀਦ ਨਹੀਂ ਕੀਤੀ ਹੈ।ਪਿਛਲੇ ਵਰ੍ਹੇ ਕਪਾਹ ਨਿਗਮ ਨੇ ਸਿਰਫ਼ ਅੱਠ ਹਜ਼ਾਰ ਕੁਇੰਟਲ ਤੇ ਉਸ ਤੋਂ ਪਹਿਲਾਂ 2023-24 ਵਿੱਚ ਸਿਰਫ਼ 1.91 ਲੱਖ ਕੁਇੰਟਲ ਨਰਮੇ ਦੀ ਖ਼ਰੀਦ ਕੀਤੀ ਸੀ।ਇਹੋ ਕਾਰਨ ਹੈ ਕਿ ਪੰਜਾਬ 'ਚ ਹਰ ਸਾਲ ਨਰਮੇ ਹੇਠ ਰਕਬਾ ਘਟ ਰਿਹਾ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਦੇ ਪੰਜਾਬ ਪ੍ਰਤੀ ਘੋਰ ਵਿਤਕਰੇ ਦੀ ਇਹ ਸਪੱਸ਼ਟ ਤਸਵੀਰ ਹੈ ਕਿ ਕਪਾਹ ਨਿਗਮ ਪੰਜਾਬ 'ਚ ਖ਼ਰੀਦ ਤੋਂ ਪਾਸਾ ਵੱਟ ਰਿਹਾ ਹੈ।ਉਨ੍ਹਾਂ ਕਿਹਾ ਕਿ ਹੜ੍ਹਾਂ ਨੇ ਫ਼ਸਲਾਂ ਦਾ ਵੱਡਾ ਨੁਕਸਾਨ ਕਰ ਦਿੱਤਾ ਹੈ ਅਤੇ ਕਿਸਾਨ ਆਰਥਿਕ ਤੌਰ 'ਤੇ ਝੰਬੇ ਗਏ ਹਨ।ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਦੀ ਲੁੱਟ ਨਹੀਂ ਹੋਣ ਦੇਣਗੇ ਤੇ ਕਪਾਹ ਨਿਗਮ ਵੱਲੋਂ ਖ਼ਰੀਦ ਸ਼ੁਰੂ ਨਾ ਕਰਨ ਦੀ ਸੂਰਤ 'ਚ ਉਹ ਸੰਘਰਸ਼ ਵਿੱਢਣਗੇ।ਉਨ੍ਹਾਂ ਕੇਂਦਰ ਸਰਕਾਰ ਨੂੰ ਕਿਸਾਨੀ ਦੀ ਪ੍ਰੀਖਿਆ ਲੈਣ ਦੀ ਥਾਂ ਕਪਾਹ ਨਿਗਮ ਨੂੰ ਮੰਡੀਆਂ ਵਿੱਚ ਭੇਜਣ ਦੀ ਨਸੀਹਤ ਵੀ ਦਿੱਤੀ ਹੈ।ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਦਾ ਕਹਿਣਾ ਸੀ ਕਿ ਕੇਂਦਰ ਤੇ ਸੂਬਾ ਸਰਕਾਰ ਹੜ੍ਹਾਂ ਦੀ ਮਾਰ ਹੇਠ ਆਏ ਕਿਸਾਨਾਂ ਨਾਲ ਫੋਕਾ ਹੇਜ ਤਾਂ ਜ਼ਾਹਰ ਕਰ ਰਹੀਆਂ ਹਨਠ ਪਰ ਹਾਲੇ ਤੱਕ ਭਾਰਤੀ ਕਪਾਹ ਨਿਗਮ ਮੰਡੀਆਂ 'ਚ ਖ਼ਰੀਦ ਲਈ ਆਇਆ ਨਹੀਂ ਹੈ। ਜ਼ਿਲ੍ਹਾ ਮੰਡੀ ਅਫ਼ਸਰ ਦਾ ਕਹਿਣਾ ਸੀ ਕਿ ਅਸਲ 'ਚ ਨਰਮੇ 'ਚ ਨਮੀ ਦੀ ਮਾਤਰਾ 8 ਤੋਂ 12 ਫ਼ੀਸਦੀ ਹੋਣੀ ਚਾਹੀਦੀ ਹੈ, ਜਦੋਂਕਿ ਇਸ ਵੇਲੇ ਮੰਡੀਆਂ ਵਿੱਚ ਪੁੱਜਣ ਵਾਲੇ ਨਰਮੇ 'ਚ 15 ਤੋਂ 18 ਫ਼ੀਸਦੀ ਸਿੱਲ੍ਹ ਆ ਰਹੀ ਹੈ।

# ਅੰਤਰ-ਸਕੂਲ ਗਣਿਤ ਪ੍ਰਦਰਸ਼ਨੀ ਆਯੋਜਿਤ



**ਰਾਜਪੁਰਾ (ਰਮੇਸ਼ ਕਟਾਰੀਆ)**

ਸਹੋਦਿਆ ਸਕੂਲ ਕੰਪਲੈਕਸ ਦੀ ਅਗਵਾਈ ਹੇਠ ਡੀ ਏ ਵੀ ਰਾਜਪੁਰਾ ਵਿਖੇ ਇੱਕ ਅੰਤਰ-ਸਕੂਲ ਗਣਿਤ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਸ਼ੁਰੂਆਤ ਦੀਪ ਜਗਾ ਕੇ ਅਤੇ ਗਾਇਤਰੀ ਮੰਤਰ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਇੱਕ ਪ੍ਰੇਰਣਾਦਾਇਕ ਗਣਿਤ ਗੀਤ ਪੇਸ਼ ਕੀਤਾ ਗਿਆ। ਮੁਕਤ ਪਬਲਿਕ ਸਕੂਲ, ਮੁਕਤ ਟਰੱਸਟ ਇੰਟਰਨੈਸ਼ਨਲ ਸਕੂਲ, ਐਸ ਡੀ ਪਬਲਿਕ ਸਕੂਲ, ਸੀ ਐਮ ਪਬਲਿਕ ਸਕੂਲ, ਹਮਿੰਗ ਬਰਡਜ਼ ਸਕੂਲ, ਹੈਰੀਟੇਜ ਪਬਲਿਕ ਸਕੂਲ, ਸਮਾਰਟ ਮਾਈਂਡ ਪਬਲਿਕ ਸਕੂਲ, ਬੇਬੀ ਕਾਨਵੈਂਟ ਸਕੂਲ, ਸਕਾਲਰਜ਼ ਪਬਲਿਕ ਸਕੂਲ ਅਤੇ ਪਟੇਲ ਪਬਲਿਕ ਸਕੂਲ ਦੇ ਬੱਚਿਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਪਾਇਥਾਗੋਰਸ ਥਿਊਰਮ, ਤਿਕੋਣ, ਚੱਕਰ, ਮਾਪ, ਅਤੇ ਲਾਈਨਾਂ ਦੇ ਜੋੜੇ, ਕੋਣਾਂ ਦੀਆਂ ਕਿਸਮਾਂ, ਸੰਭਾਵਨਾ ਅਤੇ ਸੰਖਿਆਵਾਂ ਸਮੇਤ ਵਿਸ਼ਿਆਂ 'ਤੇ ਮਾਡਲ ਪੇਸ਼ ਕੀਤੇ।ਨਿਰਣਾਇਕ ਮੰਡਲ ਵਿੱਚ ਯਸ਼ਪਾਲ ਮਾਨਵੀ, ਸੇਵਾਮੁਕਤ ਸਹਾਇਕ ਨਿਰਦੇਸ਼ਕ, ਪੰਜਾਬ ਸਿੱਖਿਆ ਵਿਭਾਗ, ਚੰਡੀਗੜ੍ਹ/ਮੁਹਾਲੀ, ਅਤੇ ਸ਼੍ਰੀਮਤੀ ਸਰਿਤਾ ਰਾਣੀ, ਡੀ ਏ ਵੀ ਰਾਜਪੁਰਾ ਵਿਖੇ ਗਣਿਤ ਵਿਭਾਗ ਦੀ ਮੁਖੀ ਸ਼ਾਮਲ ਸਨ। ਨਿਰਨਾਇਕ ਮੰਡਲ ਨੇ ਸਾਰੇ ਮਾਡਲਾਂ ਦਾ ਨਿਰੀਖਣ ਕੀਤਾ ਅਤੇ ਬੱਚਿਆਂ ਤੋਂ ਉਨ੍ਹਾਂ ਬਾਰੇ ਜਾਣਕਾਰੀ ਇਕੱਠੀ ਕੀਤੀ। ਗਣਿਤ ਪ੍ਰਦਰਸ਼ਨੀ ਵਿੱਚ, ਹਮਿੰਗ ਬਰਡ ਨੇ ਪਹਿਲਾ ਸਥਾਨ, ਬੇਬੀ ਕਾਨਵੈਂਟ ਸਕੂਲ ਨੇ ਦੂਜਾ ਸਥਾਨ, ਮੁਕਤ ਪਬਲਿਕ ਸਕੂਲ ਨੇ ਤੀਜਾ ਸਥਾਨ ਅਤੇ ਐਸਡੀ ਮਾਡਲ ਸਕੂਲ ਨੇ ਦਿਲਾਸਾ ਇਨਾਮ ਜਿੱਤਿਆ।ਉਹਨਾਂ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਉਸੇ ਉਤਸ਼ਾਹ ਅਤੇ ਜੋਸ਼ ਨਾਲ ਆਪਣੀ ਗਣਿਤ ਯਾਤਰਾ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।ਇਹ ਸਮਾਗਮ ਵਿਸ਼ਲੇਸ਼ਣਾਤਮਕ ਸੋਚ ਅਤੇ ਰਚਨਾਤਮਕਤਾ ਦਾ ਸੱਚਾ ਜਸ਼ਨ ਸੀ। ਪ੍ਰਿੰਸੀਪਲ ਸ਼੍ਰੀਮਤੀ ਅਲਪਨਾ ਪਾਠਕ ਨੇ ਮਹਿਮਾਨਾਂ ਨੂੰ ਇੱਕ ਪੌਦਾ ਭੇਟ ਕਰਕੇ ਧੰਨਵਾਦ ਪ੍ਰਗਟ ਕੀਤਾ।

# ਧਾਰਮਿਕ ਸਮਾਗਮ ਕਰਵਾਉਣ ਨਾਲ ਭਾਈਚਾਰਕ ਸਾਂਝ ਵਧਦੀ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੁਜਾ)**-ਸਥਾਨਕ ਭਾਈ ਮਸਤਾਨ ਸਿੰਘ ਨਗਰ ਨਾਕਾ ਨੰਬਰ 6 ਸਾਹਮਣੇ ਜੋ ਬਾਬਾ ਖੇਤਰਪਾਲ ਸੇਵਾ ਸੁਸਾਇਟੀ ਵੱਲੋਂ ਸਮੂਹ ਦੁਕਾਨਦਾਰ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 15ਵਾਂ ਵਿਸ਼ਾਲ ਜਾਗਰਣ ਕਰਵਾਇਆ ਗਿਆ।ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਗਵਾਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਮੁੱਖ ਮਹਿਮਾਨ ਜਦਕਿ ਕੌਂਸਲ ਪ੍ਰਧਾਨ ਹਰਦੀਪ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਲਗਵਾਈ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਕਰਵਾਉਣ ਨਾਲ ਭਾਈਚਾਰਕ ਸਾਂਝ ਵਧਦੀ ਹੈ ਅਤੇ ਲੋਕਾਂ ਨੂੰ ਧਰਮ ਨਾਲ ਜੁੜਨ ਦਾ ਮੌਕਾ ਮਿਲਦਾ ਹੈ।ਇਸ ਦੌਰਾਨ ਸੁਖਦੇਵ ਸਰਮਾ ਵਿਜੇ ਕੁਮਾਰ ਵਰਿੰਦਰ ਵਾਲੇ ਅਤੇ ਸ਼ਰੀਕ ਵੱਲੋਂ ਜੋ ਬਾਬਾ ਖੇਤਰਪਾਲ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਦੀਪਕ ਸ਼ਰਮਾ, ਬੱਬੀ, ਵਿੱਕਰ ਕੱਕੜ, ਪੱਪਾ ਸਿੰਘ, ਗੋਰਾ, ਗੋਲੂ, ਰਾਜੂ ਅਤੇ ਰਿਕੂ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਅਤੇ ਹੋਰ ਪਤਵੰਤਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮੇਂ-ਸਮੇਂ ਤੇ ਲੋੜਵੰਦਾਂ ਦੀ ਮਦਦ ਵੀ ਕੀਤੀ ਜਾਂਦੀ ਹੈ।ਇਸ ਜਾਗਰਣ ਵਿੱਚ ਇਲਾਕੇ ਦੇ ਕਈ ਪ੍ਰਮੁੱਖ ਲੋਕਾਂ ਨੇ ਵੀ ਸ਼ਿਰਕਤ ਕੀਤੀ ਅਤੇ ਬਾਬਾ ਖੇਤਰਪਾਲ ਦਾ ਅਸ਼ੀਰਵਾਦ ਪ੍ਰਾਪਤ ਕੀਤਾ।ਜਾਗਰਣ ਦੇ ਅੰਤ ਵਿੱਚ ਸੰਗਤਾਂ ਦੇ ਲਈ ਭੰਡਾਰੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

# ਹਰੇਕ ਵਰਗ ਦੇ ਲੋਕਾਂ ਦਾ ਦਿਲ ਜਿੱਤ ਕੇ ਮੁੜ ਸਰਕਾਰ ਬਣਾਵੇਗੀ ਆਪ : ਵਿਧਾਇਕ ਸੁਖਾਨੰਦ



**ਬਾਘਾ ਪੁਰਾਣਾ (ਮਨੀ ਸਿੰਗਲਾ)**
ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਵੱਖ-ਵੱਖ ਨੀਤੀਆਂ ਨੇ ਹਰੇਕ ਵਰਗ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ।ਉਨ੍ਹਾਂ ਕਿਹਾ ਕਿ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਵੱਡੇ ਨਸ਼ਾ ਸਮੱਗਲਰਾਂ ਸਮੇਤ ਹੋਰ ਦੋਸ਼ੀਆਂ ਨੂੰ ਕਾਬੂ ਕਰਕੇ ਕਾਨੂੰਨ ਦੇ ਸ਼ਿਕੰਜੇ ਵਿਚ ਲਿਆਂਦਾ ਗਿਆ ਹੈ।ਇਸ ਦੇ ਨਾਲ ਹੀ ਸੂਬੇ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵੱਡੇ ਉਪਰਾਲੇ ਕੀਤੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਦਿੱਤੀਆਂ ਗਰੰਟੀਆਂ ਵੀ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਆਉਣ ਵਾਲੇ ਦਿਨਾਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹੋਰ ਵੀ ਵੱਡੇ ਉਪਰਾਲੇ ਕੀਤੇ ਜਾਣਗੇ। ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਨਗਰ ਕੌਂਸਲ ਦੇ ਪ੍ਰਧਾਨ ਪਵਨ ਗੁਪਤਾ, ਚੇਅਰਮੈਨ ਬਾਊ ਸੁਭਾਸ਼ ਗੋਇਲ, ਪ੍ਰਧਾਨ ਅੰਤਰਜੀਤ ਸਿੰਘ ਟਿੱਕੂ ਮੱਲਕੇ ਨੇ ਆਖਿਆ ਕਿ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਬਾਘਾ ਪੁਰਾਣਾ ਹਲਕੇ ਦੇ ਲੋਕਾਂ ਨਾਲ ਕੀਤੇ ਗਏ ਚੋਣਾਂ ਸਮੇਂ ਹਰ ਇਕ ਵਾਅਦੇ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵੱਲੋਂ ਬਾਘਾ ਪੁਰਾਣਾ ਹਲਕੇ ਨੂੰ ਸਿਹਤ ਅਤੇ ਸਿੱਖਿਆ ਨੂੰ ਲੈ ਕੇ ਨਵੀਆਂ ਬੁਲੰਦੀਆਂ ਦੇ ਪਹੁੰਚਾਇਆ ਜਾ ਰਿਹਾ, ਜਿਸ ਦੇ ਅਧੀਨ ਵੱਖ-ਵੱਖ ਪਿੰਡਾਂ ਵਿਚ ਜਿੱਥੇ ਆਮ ਆਦਮੀ ਕਲੀਨਿਕਾਂ ਦਾ ਨਿਰਮਾਣ ਕਰਵਾਇਆ ਗਿਆ ਹੈ, ਜਿਸ ਤੋਂ ਹਲਕਾ ਨਿਵਾਸੀ ਵੱਡੇ ਪੱਧਰ 'ਤੇ ਮੁਫਤ ਸਿਹਤ ਸਹੂਲਤਾਂ ਪ੍ਰਾਪਤ ਕਰ ਰਹੇ ਹਨ, ਉੱਥੇ ਹੀ ਉਨ੍ਹਾਂ ਵੱਲੋਂ ਬਾਘਾ ਪੁਰਾਣਾ ਹਲਕੇ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਵੱਡੇ ਪੱਧਰ 'ਤੇ ਵਿਕਾਸ ਕੀਤਾ ਗਿਆ ਹੈ, ਜਿਸ ਤਹਿਤ ਇਨ੍ਹਾਂ ਸਕੂਲਾਂ ਨੂੰ ਕਰੋੜਾਂ ਰੁਪਿਆਂ ਦੀਆਂ ਗਰਾਂਟਾਂ ਮੁਹੱਈਆ ਕਰਾਈਆਂ ਗਈਆਂ ਹਨ ਤਾਂ ਜੁ ਇਨ੍ਹਾਂ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਬਿਹਤਰੀਨ ਸਹੂਲਤਾਂ ਮੁਹੱਈਆ ਹੋ ਸਕਣ।

# ਮੁੱਖ ਮੰਤਰੀ ਹਲਕੀ ਰਾਜਨੀਤੀ ਤੋਂ ਗੁਰੇਜ਼ ਕਰਨ : ਰਾਮੂਵਾਲੀਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਮੁੱਖ ਮੰਤਰੀ ਨੂੰ ਨਸੀਹਤ ਦਿੰਦਿਆਂ ਕਿਹਾ ਹੈ ਕਿ ਉਹ ਹਲਕੀ ਰਾਜਨੀਤੀ ਤੋਂ ਗੁਰੇਜ਼ ਕਰਨ।ਉਨ੍ਹਾਂ ਦੱਸਿਆ ਕਿ ਉਹ ਹਸਪਤਾਲ ਵਿਚ ਇਲਾਜ ਅਧੀਨ 'ਆਪ' ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਪਤਨੀ ਦਾ ਹਾਲ ਚਾਲ ਪੁੱਛਣ ਲਈ ਪਹੁੰਚੇ ਸਨ।ਇਸ ਮੌਕੇ ਉਨ੍ਹਾਂ ਨਾਲ ਲੋਕ ਭਲਾਈ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਜਨਕ ਰਾਜ ਕਲਵਾਣੂੰ ਵੀ ਮੌਜੂਦ ਸਨ। ਰਾਮੂਵਾਲੀਆ ਨੇ ਗੱਲਬਾਤ ਕਰਦਿਆਂ ਕਿਹਾ ਕਿ ਰਾਜਨੀਤੀ ਵਿਚ ਮਤਭੇਦ ਹਮੇਸ਼ਾ ਰਹਿੰਦੇ ਹਨ, ਪਰ ਉਨ੍ਹਾਂ ਨੇ ਪਹਿਲੀ ਵਾਰ ਮਤਭੇਦ ਦੀ ਰਾਜਨੀਤੀ ਦੇਖੀ ਹੈ।ਉਨ੍ਹਾਂ ਨੇ ਦੋਸ਼ ਲਗਾਇਆ ਕਿ ਪੁਲਿਸ ਵਲੋਂ ਬੀਬੀ ਪਠਾਨਮਾਜਰਾ ਨੂੰ ਹਸਪਤਾਲ ਵਿਚ ਵੀ ਨਜ਼ਰਬੰਦ ਕੀਤਾ ਗਿਆ ਹੈ, ਜੋ ਬਹੁਤ ਹੀ ਨਿੰਦਣਯੋਗ ਹੈ।ਰਾਮੂਵਾਲੀਆ ਨੇ ਕਿਹਾ ਕਿ ਪੁਲਸ ਦੀ ਇਸ ਕਾਰਵਾਈ ਨੇ ਨਾ ਸਿਰਫ਼ ਰਾਜਨੀਤੀ ਦਾ ਪੱਧਰ ਘਟਾਇਆ ਹੈ, ਸਗੋਂ ਪੰਜਾਬ ਦੀ ਲੋਕਤੰਤਰਿਕ ਪ੍ਰੰਪਰਾ ਨੂੰ ਵੀ ਝਟਕਾ ਦਿੱਤਾ ਹੈ।ਉਨ੍ਹਾਂ ਨੇ ਲੋਕ ਭਲਾਈ ਪਾਰਟੀ ਵਲੋਂ ਪਠਾਨਮਾਜਰਾ ਪਰਵਾਰ ਨਾਲ ਇਕਜੁਟਤਾ ਪ੍ਰਗਟ ਕਰਦੇ ਹੋਇ ਕਿਹਾ ਕ ਲੋਕਤੰਤਰ ਵਿਚ ਵਿਰੋਧੀਆਂ ਨੂੰ ਵੀ ਬਰਾਬਰ ਦੇ ਅਧਿਕਾਰ ਮਿਲਣੇ ਚਾਹੀਦੇ ਹਨ।

# ਗਿਆਸਪੁਰਾ ਵੱਲੋਂ ਸ੍ਰੀ ਰਾਮ ਲੀਲ੍ਹਾ ਦੇ ਸੱਤਵੇਂ ਦਿਨ ਦਾ ਉਦਘਾਟਨ



**ਦੋਰਾਹਾ (ਹਰਮਿੰਦਰ ਸੇਠ)**-ਸ੍ਰੀ ਰਾਮ ਨਾਟਕ ਕਲੱਬ ਵੱਲੋਂ ਸੁਦਰਸ਼ਨ ਸ਼ਰਮਾ ਪ੍ਰਧਾਨ ਨਗਰ ਕੌਂਸਲ ਦੋਰਾਹਾ ਦੀ ਸਰਪ੍ਰਸਤੀ ਹੇਠ ਕਰਵਾਈ ਜਾ ਰਹੀ ਪਾਵਨ ਸ੍ਰੀ ਰਾਮ ਲੀਲ੍ਹਾ ਦੇ ਸੱਤਵੇਂ ਦਿਨ ਸਟੇਜ ਦਾ ਉਦਘਾਟਨ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਵਿਧਾਇਕ ਹਲਕਾ ਪਾਇਲ, ਪ੍ਰਿੰਸੀਪਲ ਇੰਦਰਜੀਤ ਕੌਰ ਮੇਅਰ ਲੁਧਿਆਣਾ, ਰਮਨਜੀਤ ਕੌਰ ਗਿਆਸਪੁਰਾ ਸੁਪਤਨੀ ਹਲਕਾ ਵਿਧਾਇਕ ਪਾਇਲ, ਰਵੀ ਆਨੰਦ ਮੇਅਰ ਪਤੀ, ਹਰਨੇਕ ਸਿੰਘ ਨੇਕੀ ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਦੋਰਾਹਾ, ਰਣਜੀਤ ਸਿੰਘ ਕੌਂਸਲਰ, ਗੁਰਵਿੰਦਰ ਸਿੰਘ ਕਾਕਾ ਬਾਜਵਾ ਕੌਂਸਲਰ, ਕੁਲਵੰਤ ਸਿੰਘ ਕਾਲੂ ਕੌਂਸਲਰ, ਕਮਲਜੀਤ ਸਿੰਘ ਬਿੱਟੂ ਸਾਬਕਾ ਕੌਂਸਲਰ, ਬਲਜੀਤ ਕੌਰ ਕੌਂਸਲਰ, ਪ੍ਰੀਆ ਸ਼ਰਮਾ ਕੌਂਸਲਰ, ਰੁਚੀ ਸ਼ਰਮਾ ਕੌਂਸਲ, ਦਲਵਿੰਦਰ ਕੌਰ ਕੌਂਸਲਰ, ਸਰਵਿੰਦਰ ਸਿੰਘ ਰਾਣੋ ਵਾਲੇ, ਅਮਨਦੀਪ ਸਿੰਘ ਠੁਕਰਾਲ, ਡਾ. ਜੇ ਐਸ ਆਨੰਦ ਪ੍ਰਧਾਨ ਹਿੰਦੂ ਧਰਮਸ਼ਾਲਾ ਨੇ ਕੀਤਾ। ਇਸ ਮੌਕੇ ਹਲਕਾ ਵਿਧਾਇਕ ਨੇ ਦੱਸਿਆ ਕਿ ਸਾਨੂੰ ਇਹਨਾਂ ਦੇ ਧਾਰਮਿਕ ਸਮਾਗਮ ਕਰਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਜੁੜੀ ਜੁੜਕੇ ਰਹਿਣਾਂ ਨੂੰ ਯਾਦ ਰੱਖੇ। ਇਸ ਮੌਕੇ ਉਹਨਾਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਨ 'ਤੇ ਸ਼ਰਧਾ ਅਤੇ ਸਤਿਕਾਰ ਵੀ ਭੇਟ ਕੀਤਾ । ਇਸ ਮੌਕੇ ਮੇਅਰ ਲੁਧਿਆਣਾ ਨੇ ਕਿਹਾ ਕਿ ਸ੍ਰੀ ਰਾਮ ਨਾਟਕ ਕਲੱਬ ਵੱਲੋਂ ਕੀਤਾ ਇਹ ਉਪਰਾਲਾ ਬਹੁਤ ਵਧੀਆ ਹੈ। ਇਸ ਮੌਕੇ ਬੇਟੀ ਦਿਵਸ ਨੂੰ ਵੀ ਮਨਾਉਂਦੇ ਹੋਏ ਕਲੱਬ ਵੱਲੋਂ ਪ੍ਰਿੰਸੀਪਲ ਇੰਦਰਜੀਤ ਕੌਰ ਮੇਅਰ ਲੁਧਿਆਣਾ, ਰਮਨਜੀਤ ਕੌਰ ਗਿਆਸਪੁਰਾ ਸੁਪਤਨੀ ਹਲਕਾ ਵਿਧਾਇਕ ਪਾਇਲ, ਬਲਜੀਤ ਕੌਰ, ਪ੍ਰੀਆ ਸ਼ਰਮਾ, ਦਲਵਿੰਦਰ ਕੌਰ, ਰੁਚੀ ਸ਼ਰਮਾ (ਸਾਰੇ ਕੌਂਸਲਰ), ਹਰਲੀਨ ਕੌਰ ਠੁਕਰਾਲ ਦਾ ਸਨਮਾਨ ਵੀ ਕੀਤਾ ਗਿਆ।

# ਪੰਜਾਬੀ ਸਾਹਿਤ ਸਭਾ ਕਾਲਾਂਵਾਲੀ ਨੇ ਲਏ ਅਹਿਮ ਫੈਸਲੇ, ਹਾਜ਼ਰ ਕਵੀਆਂ ਵੱਲੋਂ ਨਵੀਨ ਰਚਨਾਵਾਂ ਪੇਸ਼



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**-ਪੰਜਾਬੀ ਸਾਹਿਤ ਸਭਾ ਕਾਲਾਂਵਾਲੀ ਦੇ ਜਰਨਲ ਸਕੱਤਰ ਕਾ: ਬਲਜੀਤ ਬਿੱਟੂ ਮਲਕਪੁਰਾ ਦੀ ਪ੍ਰਧਾਨਗੀ ਹੇਠ ਸਾਹਿਤ ਸਭਾ ਕਾਲਾਂਵਾਲੀ ਦੀ ਲਾਇਬ੍ਰੇਰੀ ਵਿਚ ਹੋਈ ਮੀਟਿੰਗ ਵਿਚ ਲਏ ਗਏ ਅਹਿਮ ਫੈਸਲਿਆਂ ਵਿਚ 5 ਅਕਤੂਬਰ ਨੂੰ ਸਰਕਾਰੀ ਨੈਸ਼ਨਲ ਕਾਲਜ ਸਿਰਸਾ ਦੇ ਪੰਜਾਬੀ ਵਿਭਾਗ ਅਤੇ ਪੰਜਾਬੀ ਲੇਖਕ ਸਭਾ ਸਿਰਸਾ ਦੁਆਰਾ ਦੋ ਰੋਜ਼ਾ ਸੈਮੀਨਾਰ ਦਾ ਭਰਪੂਰ ਸਹਿਯੋਗ ਦੇਣ ਅਤੇ ਅਕਤੂਬਰ ਦੇ ਅਖੀਰਲੇ ਹਫਤੇ ਪੰਜਾਬੀ ਸਾਹਿਤ ਸਭਾ ਕਾਲਾਂਵਾਲੀ ਦਾ ਸਲਾਨਾ ਸਨਮਾਨ ਸਮਾਰੋਹ ਕਰਵਾਉਣ ਦੇ ਫੈਸਲੇ ਸਰਬ ਸੰਮਤੀ ਨਾਲ ਪ੍ਰਵਾਨ ਕੀਤੇ ਗਏ। ਪੰਜਾਬੀ ਸਾਹਿਤ ਸਭਾ ਕਾਲਾਂਵਾਲੀ ਦੇ ਪ੍ਰਧਾਨ ਭੁਪਿੰਦਰ ਪੰਨੀਵਾਲੀਆ ਨੇ ਦੱਸਿਆ ਕਿ ਸਭਾ ਦੀ ਨਵੀਂ ਮੈਂਬਰਸ਼ਿਪ ਸਮੇਤ ਪੰਜਾਬੀ ਭਾਸ਼ਾ, ਕਲਾ, ਸਾਹਿਤ, ਸੱਭਿਆਚਾਰ, ਸੰਸਕ੍ਰਿਤੀ ਨਾਲ ਸਬੰਧਤ ਮੁੱਦਿਆਂ ਉਪਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਚੱਲੇ ਰਚਨਾਵਾਂ ਦੇ ਦੌਰ ਦੌਰਾਨ ਭੁਪਿੰਦਰ ਪੰਨੀਵਾਲੀਆ, ਬਿੱਟੂ ਮਲਕਪੁਰਾ, ਮਾ: ਬੂਟਾ ਸਿੰਘ ਸੁਰਤੀਆਂ, ਮੈਡਮ ਜਸਵੰਤ ਕੌਰ, ਮਾ: ਸੁਰਿੰਦਰ ਪਾਲ ਸਿੰਘ, ਭੁਪਿੰਦਰ ਸਰਾਂ, ਜੱਗਾ ਜਗਮਾਲਵਾਲੀਆਂ ਅਤੇ ਮਾ: ਹਰਜੀਤ ਸਿੰਘ ਦੇਸੂ ਵਲੋਂ ਨਵੀਨ ਰਚਨਾਵਾਂ ਪੇਸ਼ ਕੀਤੀਆਂ ਗਈਆਂ।

# ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਟ੍ਰੇਨਿੰਗ ਦਿੱਤੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜਾ)**-ਸਕੂਲ ਮੈਨੇਜਮੈਂਟ ਕਮੇਟੀਆਂ ਦੀ ਟ੍ਰੇਨਿੰਗ ਸ਼ੁਰੂ ਹੋ ਗਈ ਹੈ। ਟ੍ਰੇਨਿੰਗ ਦਾ ਅਗਾਜ਼ ਕਲੱਸਟਰ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ ਕੁੜੀਆਂ ਵਿੱਚ ਕੀਤਾ ਗਿਆ।ਟ੍ਰੇਨਿੰਗ ਵਿੱਚ ਐਸ.ਐਮ.ਸੀ ਮੈਂਬਰਾਂ ਨੂੰ ਉਨ੍ਹਾਂ ਦੇ ਫਰਜ਼ਾਂ ਪ੍ਰਤੀ ਦੱਸਿਆ ਗਿਆ ਕਿ ਸਕੂਲ 'ਚ ਉਹ ਕਿਸ ਤਰ੍ਹਾਂ ਸੁਧਾਰ ਲਿਆ ਸਕਦੇ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਯਾਦਵਿੰਦਰ ਸਿੰਘ ਮਾਨ ਨੇ ਕਿਹਾ ਕਿ ਹਰ ਮਹੀਨੇ ਐਸ.ਐਮ.ਸੀ ਦੀ ਇੱਕ ਮੀਟਿੰਗ ਹੁੰਦੀ ਹੈ।ਉਸ 'ਚ ਸਾਰੇ ਮੈਂਬਰ ਹਾਜ਼ਰ ਹੋਇਆ ਕਰਨ।
ਸਕੂਲਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇ ਤਾਂ ਜੁ ਸਕੂਲਾਂ ਦੀ ਨੁਹਾਰ ਬਦਲ ਸਕੇ, ਸਕੂਲਾਂ ਵਿੱਚ ਬਹੁਤ ਸਾਰੇ ਕੰਮ ਕਰਨ ਵਾਲੇ ਹੁੰਦੇ ਹਨ, ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਚੇਅਰਮੈਨ ਤੇ ਮੈਂਬਰਾਂ ਦਾ ਸਹਿਯੋਗ ਅਤੀ ਜ਼ਰੂਰੀ ਹੁੰਦਾ ਹੈ।ਸਕੂਲ ਟਾਈਮ ਤੋਂ ਬਾਅਦ ਵੀ ਤੁਸੀਂ ਸਕੂਲਾਂ ਨੂੰ ਸੰਭਾਲ ਕੇ ਰੱਖਣਾ ਹੈ।ਕੋਈ ਵੀ ਅਣਪਛਾਤਾ ਅਨਸਰ ਸਕੂਲ ਨੂੰ ਜਾਂ ਸਕੂਲ ਦੀ ਬਿਲਡਿੰਗ ਨੂੰ ਨੁਕਸਾਨ ਨਾ ਪਹੁੰਚਾ ਸਕੇ।

# ਦੁਸਹਿਰੇ ਦੇ ਤਿਉਹਾਰ ਦਾ ਕਾਰਡ ਕੀਤਾ ਰਿਲੀਜ਼



**ਬਾਘਾ ਪੁਰਾਣਾ (ਮਨੀ ਸਿੰਗਲਾ)**
ਸ਼ਹਿਰ ਦੀ ਮੁੱਖ ਅਨਾਜ ਮੰਡੀ ਕੋਟਕਪੂਰਾ ਰੋਡ ਉਪਰ 2 ਅਕਤੂਬਰ ਨੂੰ ਧੂਮ ਧਾਮ ਨਾਲ ਦੁਸ਼ਹਿਰੇ ਦਾ ਪਵਿੱਤਰ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿਸ ਦੇ ਸਬੰਧ ਵਿੱਚ ਸਮੂਹ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ੍ਰੀ ਸ਼ਿਵ ਮੰਦਿਰ ਵਿਖੇ ਰਾਮ ਲੀਲਾ ਉਤਸ਼ਵ ਕਮੇਟੀ, ਸ੍ਰੀ ਸ਼ਿਵ ਮੰਦਿਰ ਪ੍ਰਬੰਧਕ ਕਮੇਟੀ, ਬਾਬਾ ਬਰਫ਼ਾਨੀ ਸੇਵਾ ਮੰਡਲ, ਹਰ ਹਰ ਮਹਾਦੇਵ ਕਾਵੜ ਸੰਘ, ਸ੍ਰੀ ਰਾਮ ਸ਼ਰਨਮ ਪ੍ਰਬੰਧਕ ਕਮੇਟੀ, ਬਾਬਾ ਖੇਤਰਪਾਲ ਮੰਦਰ ਦੇ ਪ੍ਰਬੰਧਕ ਕਮੇਟੀਆਂ ਦੇ ਆਗੂਆਂ ਵੱਲੋਂ ਸੱਦਾ ਪੱਤਰ ਕਾਰਡ ਜਾਰੀ ਕੀਤਾ ਗਿਆ।
ਦੁਪਹਿਰ 2 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਦੁਸਹਿਰੇ ਦਾ ਤਿਉਹਾਰ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾਵੇਗਾ।ਇਸ ਮੌਕੇ ਸ੍ਰੀ ਰਾਮ ਲੀਲਾ ਕਮੇਟੀ ਦੇ ਡਾਇਰੈਕਟਰ ਅਸ਼ਵਨੀ ਸ਼ਰਮਾ, ਪ੍ਰਧਾਨ ਅਰੁਨ ਬਾਂਸਲ, ਚੇਅਰਮੈਨ ਰੋਸ਼ਨ ਲਾਲ ਰੋਸ਼ੀ, ਦੀਪਕ ਗਰਗ ਬੌਬੀ, ਵਾਈਸ ਪ੍ਰਧਾਨ ਵਿਜੇ ਬੰਟੀ ਜਿੰਦਲ, ਸੈਕਟਰੀ ਮਨੋਜ ਗੋਇਲ, ਕੈਸ਼ੀਅਰ ਅਮਨ ਤਨੇਜਾ, ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ, ਸੰਦੀਪ ਗੋਇਲ, ਰਜਿੰਦਰ ਗੋਇਲ, ਸ੍ਰੀ ਰਾਮ ਸ਼ਰਣਮ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੀਰਥ ਬਾਂਸਲ ਤੇ ਬਿੰਦੂ ਜੈਦਕਾ, ਬਾਬਾ ਬਰਫਾਨੀ ਸੇਵਾ ਮੰਡਲ ਦੇ ਪ੍ਰਧਾਨ ਪ੍ਰਵੀਨ ਗੋਇਲ, ਰਾਜਾ ਗਰਗ, ਹਰ ਹਰ ਮਹਾਦੇਵ ਕਾਵੜ ਸੰਘ ਦੇ ਪ੍ਰਧਾਨ ਪੰਕਜ ਸਿੰਗਲਾ, ਮਿੰਟੂ ਜਿੰਦਲ, ਬਾਬਾ ਖੇਤਰਪਾਲ ਸੇਵਾ ਸੰਮਤੀ ਦੇ ਪ੍ਰਧਾਨ ਸੰਜੀਵ ਗਰਗ, ਰਾਕੇਸ਼ ਜਿੰਦਲ ਨੇ ਕਿਹਾ ਕਿ ਮਨਾਏ ਜਾ ਰਹੇ ਦੁਸਹਿਰੇ ਦੇ ਪਵਿੱਤਰ ਤਿਉਹਾਰ ਮੌਕੇ ਹਲਕੇ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਅਤੇ ਬਾਲ ਕ੍ਰਿਸ਼ਨ ਬਾਲੀ ਪ੍ਰਧਾਨ ਬਾਸਮਤੀ ਮਿੱਲਰ ਐਂਡ ਐਕਸਪਰਟਸ ਐਸੋਸੀਏਸ਼ਨ ਪੰਜਾਬ, ਨਗਰ ਕੌਂਸਲ ਦੇ ਪ੍ਰਧਾਨ ਸੋਨੀਆ ਰਾਣੀ ਗੁਪਤਾ ਅਤੇ ਪਵਨ ਗੁਪਤਾ ਮੁੱਖ ਮਹਿਮਾਨ ਹੋਣਗੇ। ਇਸ ਮੌਕੇ ਵਿਜੇ ਸ਼ਰਮਾ ਨੇ ਕਿਹਾ ਕਿ ਮੈਜਿਕ ਸ਼ੋਅ.ਡੀ.ਐਸ ਸਕਾਈਲਾਰਕ ਪ੍ਰੀਤ ਕਨਫੈਕਸ਼ਨ ਬਾਘਾਪੁਰਾਣਾ ਦੁਆਰਾ ਕੀਤਾ ਜਾਵੇਗਾ।
ਉਨ੍ਹਾਂ ਕਿਹਾ ਕਿ ਸ੍ਰੀ ਰਾਮ ਜੀ ਦਾ ਰੱਥ ਸ਼੍ਰੀ ਸ਼ਿਵ ਮੰਦਰ ਤੋਂ ਰਵਾਨਾ ਹੋਵੇਗਾ ਤੇ ਰਾਵਣ ਦਾ ਰੱਥ ਜਨਤਾ ਧਰਮਸ਼ਾਲਾ ਤੋਂ ਰਵਾਨਾ ਹੋਵੇਗਾ, ਜੋ ਦੋਨੇ ਰੱਥ ਮੇਨ ਚੌਂਕ ਵਿੱਚ ਇਕੱਠੇ ਹੋਣਗੇ, ਜਿੱਥੇ ਕੁਝ ਯੁੱਧ ਦੇ ਦ੍ਰਿਸ਼ ਪੇਸ਼ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਸਟੇਜ ਸੈਕਟਰੀ ਦੀ ਭੂਮਿਕਾ ਪਵਨ ਸ਼ਰਮਾ ਵੱਲੋਂ ਨਿਭਾਈ ਜਾਵੇਗੀ।

# ਸਾਹਿਤ ਸਭਾ ਦੀ ਸਰਬਸੰਮਤੀ ਨਾਲ ਚੋਣ, ਸੁਰਿੰਦਰ ਸ਼ਰਮਾ ਨਾਗਰਾ ਪ੍ਰਧਾਨ ਤੇ ਅਮਰਜੀਤ ਅਮਨ ਜਨਰਲ ਸਕੱਤਰ ਚੁਣੇ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸਿੰਘ ਸੱਗੂ)**-ਸਾਹਿਤ ਸਭਾ ਰਜਿ: ਦੀ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਤੇ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਸ਼ੌਕੀ ਦੀ ਚੋਣ ਕਮੇਟੀ ਹੇਠ ਸਰਬਸੰਮਤੀ ਨਾਲ ਹੋਈ। ਚੋਣ 'ਚ ਕਾਮਰੇਡ ਰਮੇਸ਼ ਜੈਨ ਵੱਲੋਂ ਪੈਨਲ ਪੇਸ਼ ਕੀਤਾ ਗਿਆ। ਸਭਾ ਦੀ ਪਿਛਲੀ ਵਧੀਆ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਸਾਰੇ ਹਾਜ਼ਰ ਲੇਖਕ ਮੈਂਬਰ ਸਾਹਿਬਾਨ ਨੇ ਹੱਥ ਖੜੇ ਕਰਕੇ ਰਮੇਸ਼ ਜੈਨ ਦਾ ਪੈਨਲ ਪਾਸ ਕਰ ਦਿੱਤਾ ਤੇ ਸਰਬਸੰਮਤੀ ਨਾਲ ਕੀਤੀ ਚੋਣ ਵਿੱਚ ਸੁਰਿੰਦਰ ਸ਼ਰਮਾ ਨਾਗਰਾ ਪ੍ਰਧਾਨ, ਅਮਰਜੀਤ ਅਮਨ ਜਨਰਲ ਸਕੱਤਰ, ਅਸ਼ਵਨੀ ਕੁਮਾਰ ਡਿਪਟੀ ਜਨਰਲ ਸਕੱਤਰ, ਚਾਰ ਸੀਨੀਅਰ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਸ਼ੌਕੀ, ਰਣਜੀਤ ਸਿੰਘ ਧੂਰੀ, ਪ੍ਰਿੰ ਸੰਤ ਸਿੰਘ ਬੀਲ੍ਹਾ, ਜਗਦੇਵ ਸ਼ਰਮਾ ਬੁਗਰਾ, ਤਿੰਨ ਮੀਤ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ, ਸਤਪਾਲ ਪ੍ਰਾਸ਼ਰ, ਗੁਰਮੇਲ ਮਡਾਹੜ, ਵਿਜਯ ਸੋਫਤ, ਰਜਿੰਦਰ ਪਾਲ ਵਿੱਤ ਸਕੱਤਰ, ਡਿਪਟੀ ਵਿੱਤ ਸਕੱਤਰ ਕਾ. ਰਮੇਸ਼ ਜੈਨ, ਕੁਲਵਿੰਦਰ ਸਿੰਘ ਬੰਟੀ ਸਕੱਤਰ, ਮਲਕੀਤ ਸਿੰਘ ਚਾਂਗਲੀ ਪ੍ਰੈਸ ਸਕੱਤਰ, ਪ੍ਰਬੰਧਕੀ ਸਕੱਤਰ ਪਰਸਨ ਸਿੰਘ ਬੀਲ੍ਹਾ, ਪੜਤਾਲੀਆ ਡਾ. ਜੈ ਗੋਪਾਲ ਗੋਇਲ, ਜਥੇਬੰਦਕ ਸਕੱਤਰ ਪਵਨ ਹਰਚੰਦ ਪੁਰੀ ਤੇ ਦਫ਼ਤਰ ਸਕੱਤਰ ਅਸ਼ੋਕ ਭੰਡਾਰੀ ਚੁਣੇ ਗਏ।ਉਪਰੰਤ ਸ਼ਹੀਦ ਭਗਤ ਸਿੰਘ ਦਾ 118ਵਾਂ ਜਨਮ ਦਿਹਾੜਾ ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਲੇਖਕਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸ਼ਹੀਦ ਭਗਤ ਸਿੰਘ ਨੂੰ ਯਾਦ ਕੀਤਾ ਤੇ ਨਤਮਸਤਕ ਹੋਏ।ਸਟੇਜ ਦੀ ਕਾਰਵਾਈ ਅਮਰਜੀਤ ਅਮਨ ਨੇ ਬਾਖ਼ੂਬੀ ਨਿਭਾਈ।

# ਨਛੱਤਰ ਸਿੰਘ ਰਾਈ ਮਾਜਰਾ ਨੇ ਨਿਯੁਕਤੀ ਪੱਤਰ ਸੌਂਪੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ ਲਈ ਕੀਤੀਆਂ ਜਾ ਰਹੀਆਂ ਨਵੀਆਂ ਨਿਯੁਕਤੀਆਂ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਸੀਨੀਅਰ ਕਾਂਗਰਸੀ ਆਗੂ ਲਖਵਿੰਦਰ ਸਿੰਘ ਚੁਨਾਗਰਾ ਨੂੰ ਬਲਾਕ ਪਾਤੜਾਂ ਅਤੇ ਪ੍ਰਗਟ ਸਿੰਘ ਸੌਂਦੇਵਾਲ ਨੂੰ ਬਲਾਕ ਘੱਗਾ ਦਾ ਐਸ ਸੀ ਡਿਪਾਰਟਮੈਂਟ ਦਾ ਚੈਅਰਮੈਨ ਨਿਯੁਕਤ ਕੀਤਾ ਗਿਆ ਹੈ।ਕਾਂਗਰਸੀ ਆਗੂਆਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਦੇ ਪੱਤਰ ਸੀਨੀਅਰ ਕਾਂਗਰਸੀ ਆਗੂ ਨਛੱਤਰ ਸਿੰਘਾ ਅਰਾਈਮਾਜਰਾ ਨੇ ਸੌਂਪਣ ਉਪਰੰਤ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ। ਲੋਕਾਂ ਨਾਲ ਕੀਤਾ ਗਿਆ ਕੋਈ ਵੀ ਵੱਡਾ ਵਾਅਦਾ ਪੂਰਾ ਨਹੀਂ ਕੀਤਾ ਗਿਆ।ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਪਿਛਲੇ ਸਮੇਂ ਦੌਰਾਨ ਰਹੀਆਂ ਕਾਂਗਰਸੀ ਸਰਕਾਰਾਂ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਨੂੰ ਯਾਦ ਕਰ ਰਹੇ ਹਨ ਅਤੇ ਸੂਬੇ ਵਿੱਚ ਹਵਾ ਕਾਂਗਰਸ ਪਾਰਟੀ ਦੇ ਹੱਕ ਵਿੱਚ ਚੱਲ ਰਹੀ ਹੈ।ਉਨ੍ਹਾਂ ਉਕਤ ਨਿਕਤੀਆਂ ਲਈ ਕਾਂਗਰਸ ਕਮੇਟੀ ਹਲਕਾ ਸ਼ੁਤਰਾਣਾ ਵੱਲੋਂ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ , ਕੈਪਟਨ ਸੰਦੀਪ ਸੰਧੂ, ਕੁਲਦੀਪ ਸਿੰਘ ਵੈਦ ਚੈਅਰਮੈਨ ਐਸ ਸੀ ਵਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਪੂਰੀ ਆਸ ਹੈ ਕਿ ਇਹ ਦੋਨੋਂ ਆਗੂ ਆਪਣੀਆਂ ਨਵੀਆਂ ਜ਼ਿੰਮੇਵਾਰੀਆਂ ਪਹਿਲਾਂ ਦੀ ਤਰ੍ਹਾਂ ਤਨਦੇਹੀ ਤੇ ਸਮਰਪਨ ਭਾਵਨਾ ਨਾਲ ਨਿਭਾਉਣਗੇ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਦਰਸ਼ਨ ਸਿੰਘ ਸਿੱਧੂ ਅਤੇ ਸਰਪੰਚ ਮਾਲਕ ਸਿੰਘ ਦੁਤਾਲ ਹਾਜ਼ਰ ਸਨ।

# ਔਰਤ ਦੀ ਬਾਂਹ 'ਚ ਪਾਈ ਸੋਨੇ ਦੀ ਚੂੜੀ ਕੱਟੀ, ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਔਰਤਾਂ ਦੇ ਇੱਕ ਗਰੋਹ ਵੱਲੋਂ ਅਮਲੋਹ ਵਿਖੇ ਬੱਸ ਚੜ੍ਹ ਰਹੀ ਇੱਕ ਔਰਤ ਦੀ ਬਾਂਹ ਚੋਂ ਸੋਨੇ ਦੀ ਚੂੜੀ ਕੱਟ ਕੇ ਲੈ ਜਾਣ ਦਾ ਸਮਾਚਾਰ ਹੈ।ਵੀਨਾ ਰਾਣੀ ਵਾਸੀ ਅਮਲੋਹ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਆਪਣੀ ਰਿਸ਼ਤੇਦਾਰੀ ਵਿੱਚ ਨਾਭੇ ਵਿਖੇ ਜਾਣ ਲਈ ਅਮਲੋਹ ਦੇ ਢੋਲਾਂ ਵਾਲੇ ਚੌਂਕ ਬੱਸ ਅੱਡੇ 'ਚ ਸਵੇਰੇ ਖੜੀ ਬੱਸ ਦਾ ਇੰਤਜ਼ਾਰ ਕਰ ਰਹੀ ਸੀ ਤਾਂ ਦੋ ਸਵਿਫਟ ਡਿਜ਼ਾਇਰ ਕਾਰਾਂ ਉਸਦੇ ਨਜ਼ਦੀਕ ਆ ਕੇ ਰੁਕੀਆਂ, ਜਿਨ੍ਹਾਂ 'ਚੋਂ 8/9 ਔਰਤਾਂ ਹੇਠਾਂ ਉਤਰੀਆਂ, ਜੋ ਬੱਸ ਦੀ ਉਡੀਕ ਕਰਨ ਲੱਗ ਪਈਆਂ ਤੇ ਉਕਤ ਕਾਰਾਂ ਦੇ ਚਾਲਕਾਂ ਨੇ ਕਾਰਾਂ ਨੂੰ ਸਾਈਡ 'ਤੇ ਖੜਾ ਕਰ ਲਿਆ, ਜਿਸ ਤੋਂ ਕੁਝ ਚਿਰ ਬਾਅਦ ਇਕ ਬੱਸ ਆਈ ਤਾਂ ਉਕਤ ਔਰਤਾਂ ਵਿੱਚੋਂ ਤਿੰਨ ਔਰਤਾਂ ਉਸ ਤੋਂ ਪਹਿਲਾਂ ਤੇਜ਼ੀ ਨਾਲ ਬੱਸ ਦੀ ਪਿਛਲੀ ਤਾਕੀ ਵਿੱਚ ਚੜ ਗਈਆਂ ਤੇ ਜਦੋਂ ਉਹ ਬੱਸ ਵਿੱਚ ਚੜਨ ਲੱਗੀ ਤਾਂ ਉਸ ਤੋਂ ਪਹਿਲਾਂ ਚੜੀਆਂ ਔਰਤਾਂ ਬੱਸ ਵਿਚੋਂ ਹੇਠਾਂ ਉਤਰਨ ਦੀ ਕੋਸ਼ਿਸ਼ ਕਰਨ ਲੱਗ ਪਈਆਂ ਤੇ ਉਸਦੇ ਪਿੱਛੇ ਖੜੀਆਂ ਪੰਜ ਔਰਤਾਂ ਉਸ ਨੂੰ ਬੱਸ ਦੀ ਤਾਕੀ ਦੇ ਅੰਦਰ ਵੱਲ ਨੂੰ ਧੱਕਣ ਲੱਗ ਪਈਆਂ।ਉਕਤ ਸਾਰੀਆਂ ਔਰਤਾਂ ਨੇ ਉਸ ਨੂੰ ਬੱਸ ਦੀ ਤਾਕੀ ਦੇ ਵਿੱਚ ਹੀ ਘੇਰ ਲਿਆ, ਜੋ ਧੱਕੇ ਨਾਲ ਉਸਦੀ ਬਾਂਹ 'ਚ ਪਾਈ ਕਰੀਬ 13 ਗ੍ਰਾਮ ਸੋਨੇ ਦੀ ਚੂੜੀ ਕੱਟ ਕੇ ਫ਼ਰਾਰ ਹੋ ਗਈਆਂ।ਸ਼ਿਕਾਇਤ ਕਰਤਾ ਦੇ ਬਿਆਨਾਂ ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 303 (2) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਭਾਰਤ ਨਗਰ ਚੌਕ 'ਚ ਪੰਜਾਬੀ ਭਾਸ਼ਾ ਦੀ ਅਣਦੇਖੀ

**ਲੁਧਿਆਣਾ (ਰੈਕਟਰ ਕਥੂਰੀਆ)**-ਪੰਜਾਬੀ ਸਾਹਿਤ ਅਕਾਡਮੀ ਦੇ ਨਾਲ ਲੱਗਦਾ ਭਾਰਤ ਨਗਰ ਚੌਕ ਕਿਸੇ ਨਿੱਜੀ ਕੰਪਨੀ ਨੂੰ ਸੌਂਪ ਦਿੱਤਾ ਗਿਆ ਹੈ ਤੇ ਉੱਥੇ ਪੰਜਾਬੀ ਦੇ ਲੱਲੇ ਨਾਲ਼ ਅੰਗਰੇਜ਼ੀ ਦੇ ਅੱਖਰ ਜੋੜ ਕੇ ਲੁਧਿਆਣਾ ਬਣਾਇਆ ਗਿਆ ਹੈ।ਇਹ ਪੰਜਾਬੀ ਭਾਸ਼ਾ ਦੀ ਤੌਹੀਨ ਹੈ।ਚਾਹੀਦਾ ਤਾਂ ਇਹ ਸੀ ਕਿ ਸ਼ਹੀਦ ਮੇਜਰ ਭੁਪਿੰਦਰ ਸਿੰਘ ਦਾ ਬੁੱਤ ਚੌਂਕ ਵਿੱਚ ਲਾਇਆ ਜਾਂਦਾ, ਜੋ ਪਹਿਲਾਂ ਲੱਗਿਆ ਹੋਇਆ ਸੀ, ਜਿਵੇਂ ਕਿ ਪ੍ਰੋ. ਮੋਹਨ ਸਿੰਘ ਦਾ ਬੁੱਤ ਪਹਿਲਾ ਆਰਤੀ ਚੌਂਕ ਲੱਗਿਆ ਹੋਇਆ ਸੀ।ਹੁਣ ਉਹ ਵੀ ਉੱਥੋ ਵੀ ਉਤਾਰ ਦਿੱਤਾ ਗਿਆ ਹੈ।
ਪ੍ਰੋ. ਮੋਹਨ ਸਿੰਘ ਦੀ ਯਾਦ ਵਿੱਚ ਲੁਧਿਆਣੇ ਅਕਤੂਬਰ ਮਹੀਨੇ ਹਰ ਸਾਲ ਮੇਲਾ ਲੱਗਦਾ ਹੈ।ਉਨ੍ਹਾਂ ਦਾ ਬੁੱਤ ਆਰਤੀ ਚੌਕ ਵਿੱਚ ਲਾਇਆ ਜਾਵੇ।ਉਂਝ ਤਾਂ ਚੌਕ ਕਿਸੇ ਨਿੱਜੀ ਕੰਪਨੀ ਨੂੰ ਸੌਂਪ ਦੇਣ ਦੀ ਥਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਜਾਂ ਮਿਊਂਸਪਲ ਕਾਰਪੋਰੇਸ਼ਨ ਰਾਹੀਂ ਸਮਾਰਟ ਸਿਟੀ ਸਕੀਮ ਵਿੱਚ ਵਿਕਸਤ ਕੀਤਾ ਜਾਣਾ ਚਾਹੀਦਾ ਹੈ, ਸੋ ਪੰਜਾਬੀ ਸਾਹਿਤ ਅਕਾਡਮੀ ਧਿਆਨ ਦਿਵਾਉਣਾ ਚਾਹੁੰਦੀ ਹੈ ਕਿ ਉਕਤ ਭਾਸ਼ਾ ਦੀ ਅਣਦੇਖੀ ਪੰਜਾਬ ਸਰਕਾਰ ਦੀ 'ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟਸ (ਤਰਮੀਮ ਪਹਿਲੀ) ਨਿਯਮ 2023' ਦੀ ਉਲੰਘਣਾ ਹੈ।ਸੋ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ ਕਿ ਇਸ ਨਿਰਾਦਰ ਭਰਪੂਰ ਵਰਤਾਰੇ ਨੂੰ ਰੋਕਣ ਦੇ ਆਦੇਸ਼ ਜਾਰੀ ਕੀਤੇ ਜਾਣ ਅਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਧਿਆਨ ਰੱਖਦਿਆਂ ਚੌਂਕ ਵਿੱਚ ਢੁੱਕਵਾਂ ਬੁੱਤ ਲਾ ਕੇ ਅਤੇ ਆਰਤੀ ਚੌਂਕ ਵਿੱਚ ਪ੍ਰੋ. ਮੋਹਣ ਸਿੰਘ ਦਾ ਬੁੱਤ ਲਾ ਕੇ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਮਾਨਮੱਤਾ ਸਥਾਨ ਦਿੱਤਾ ਜਾਵੇ।ਇਹ ਮਸਲਾ ਭਾਸ਼ਾ ਪਸਾਰ ਭਾਇਚਾਰੇ ਦੇ ਆਗੂ ਮਹਿੰਦਰ ਸਿੰਘ ਸੇਖੋਂ ਦੁਆਰਾ ਉਠਾਇਆ ਗਿਆ ਹੈ।ਉਸਦੀ ਪੂਰਨ ਹਮਾਇਤ ਕੀਤੀ ਜਾਂਦੀ ਹੈ।ਮੰਗ ਕਰਨ ਵਾਲਿਆ ਵਿੱਚ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

# ਸਰਵ ਭਾਰਤੀਯ ਸੇਵਾ ਸੰਮਤੀ ਦੇ ਲੰਗਰ ਹਾਲ ਦਾ ਦੌਰਾ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਮਾਜ ਸੇਵਾ ਦੇ ਖੇਤਰ 'ਚ ਇੱਕ ਹੋਰ ਸ਼ਲਾਘਾਯੋਗ ਕਦਮ ਚੁੱਕਦਿਆਂ ਸਰਵ ਭਾਰਤੀਯ ਸੇਵਾ ਸੰਮਤੀ (ਰਜਿ:) ਵੱਲੋਂ ਸਿਵਲ ਹਸਪਤਾਲ ਵਿੱਚ ਮਰੀਜ਼ਾਂ ਤੇ ਉਨ੍ਹਾਂ ਦੇ ਸਾਥੀਆਂ ਲਈ ਮੁਫ਼ਤ ਲੰਗਰ ਹਾਲ ਦਾ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਤੇ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਦੌਰਾ ਕੀਤਾ।ਉਨ੍ਹਾਂ ਕਿਹਾ ਕਿ ਸੰਮਤੀ ਵੱਲੋਂ ਸਮਾਜ ਦੇ ਹਿੱਤ 'ਚ ਕੀਤਾ ਜਾ ਰਿਹਾ ਇਹ ਯਤਨ ਕਾਬਲ-ਏ-ਤਾਰੀਫ਼ ਹੈ।ਮਰੀਜ਼ਾਂ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਹਸਪਤਾਲ ਵਿੱਚ ਮੁਫ਼ਤ ਭੋਜਨ ਮਿਲਣ ਨਾਲ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ ਘੱਟ ਹੋਣਗੀਆਂ।ਪ੍ਰਧਾਨ ਰਾਕੇਸ਼ ਗਰਗ ਨੇ ਦੱਸਿਆ ਕਿ ਸੰਮਤੀ ਵੱਲੋਂ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਤੇ ਉਨ੍ਹਾਂ ਨਾਲ ਆਏ ਵਾਰਿਸਾਂ ਲਈ ਹਰ ਰੋਜ਼ ਤਿੰਨ ਵੇਲੇ ਮੁਫ਼ਤ ਖਾਣਾ ਪ੍ਰਦਾਨ ਕੀਤਾ ਜਾਵੇਗਾ।ਸਵੇਰੇ ਚਾਹ, ਰਸ ਅਤੇ ਰੋਟੀ, ਦੁਪਹਿਰ ਵੇਲੇ ਰੋਟੀ, ਖਿਚੜੀ ਜਾਂ ਦਲੀਆ ਸ਼ਾਮ ਨੂੰ ਚਾਹ ਤੇ ਰਾਤ ਨੂੰ ਰੋਟੀ-ਦਾਲ ਦੀ ਵਿਵਸਥਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਹ ਸੇਵਾ ਲਗਾਤਾਰ ਜਾਰੀ ਰਹੇਗੀ ਤਾਂ ਜੁ ਕਿਸੇ ਵੀ ਮਰੀਜ਼ ਜਾਂ ਉਸਦੇ ਪਰਵਾਰ ਨੂੰ ਭੋਜਨ ਦੀ ਕਮੀ ਮਹਿਸੂਸ ਨਾ ਹੋਵੇ।


AXIS BANK
Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana-141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

[ਰੂਲ-8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈਆਂ ਮਿਤੀਆਂ 'ਤੇ ਹਰੇਕ ਖਾਤੇ ਵਿਰੁੱਧ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਵਾਪਸ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਕਮ ਵਾਪਸ ਕਰਨ 'ਚ ਅਸਫਲ ਰਿਹਾ ਹੈ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਦੇ ਵਿਰੁੱਧ ਦਰਸਾਈਆਂ ਮਿਤੀਆਂ 'ਤੇ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ।
ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਦੀ ਰਕਮ ਅਤੇ ਉਸ ਉੱਪਰ ਵਿਆਜ ਦੀ ਵਸੂਲੀ ਹੇਠ ਹੋਵੇਗੀ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ | ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ |
|---|---|---|---|---|---|
| 1. | 1. ਮੈਸਰਜ਼ ਧਵਨ ਕਮਿਸ਼ਨ ਏਜੰਟ ਪ੍ਰੋਪਰਾਈਟਰਸ਼ਿਪ ਫਰਮ ਰਜਿੰਦਰ ਕੁਮਾਰ ਪੁੱਤਰ ਸਤਪਾਲ 2. ਰਜਿੰਦਰ ਕੁਮਾਰ ਪੁੱਤਰ ਸਤਪਾਲ 3. ਕ੍ਰਿਸ਼ਨ ਕੁਮਾਰ ਚੰਡੋਕ ਪੁੱਤਰ ਸਤਪਾਲ। | ਬੈਨਾਮਾ ਨੰ. 2019-20/96/1/226 ਮਿਤੀ 12.06.2019 ਅਨੁਸਾਰ ਰਜਿੰਦਰ ਕੁਮਾਰ ਪੁੱਤਰ ਦੇ ਨਾਂਅ ਜਾਇਦਾਦ/ਦੁਕਾਨ ਨੰ. 44 ਕੁਲ ਖੇਤਰ ਰਕਬਾ 91.66 ਵਰਗ ਗਜ਼, ਲੰਬਾਈ 50 ਫੁੱਟ, ਚੌੜਾਈ 16.6 ਫੁੱਟ, | 19 ਅਗਸਤ 2024 | 25 ਸਤੰਬਰ 2025 | ਰੁਪਏ 27,99,053/- (ਸਤਾਈ ਲੱਖ ਨੜਿੰਨਵੇਂ ਹਜ਼ਾਰ ਤਿਰਵੰਜਾ ਰੁਪਏ ਕੇਵਲ) |

ਮੰਡੀ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਸਾਈਟ ਅਨੁਸਾਰ) ਪੂਰਬ : ਦੁਕਾਨ ਨੰ. 45 ਮੈਸਰਜ਼ ਗਿੱਲ ਟਰੇਡਿੰਗ ਕੰਪਨੀ, ਪੱਛਮ : ਦੁਕਾਨ ਨੰ. 43 ਮੈਸਰਜ਼ ਸੋਨੀ ਟਰੇਡਿੰਗ ਕੰਪਨੀ, ਉੱਤਰ: ਹੋਰ ਦਾ ਖਾਲੀ ਪਲਾਟ, ਦੱਖਣ : ਮੇਨ ਮੰਡੀ ਰੋਡ।

ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਰਕਮ ਵਾਪਸ ਮੋੜਨ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ, ਨਹੀਂ ਤਾਂ ਰਹਿਣ ਕੀਤੀਆਂ ਜਾਇਦਾਦਾਂ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 30 ਦਿਨ ਗੁਜ਼ਰ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀਆਂ ਜਾਣਗੀਆਂ।

ਮਿਤੀ : 25-09-2025
ਸਥਾਨ : ਅੰਮ੍ਰਿਤਸਰ
ਸਹੀ/- (ਅਧਿਕਾਰਤ ਅਫਸਰ)
ਐਕਸਿਸ ਬੈਂਕ ਲਿਮਟਿਡ


# ਨਵੀਨ ਗੋਇਲ ਬੁੱਕ ਡਿੱਪੂ ਵੱਲੋਂ ਹ਼ਫਤਾਵਾਰੀ ਲੰਗਰ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਚੰਨੂੰਵਾਲਾ ਬਾਈਪਾਸ 'ਤੇ ਮਹਿੰਦਰਾ ਪੈਲੇਸ ਦੀ ਬੈਕਸਾਈਡ ਬਣੇ ਬਾਬਾ ਖੇਤਰਪਾਲ ਜੀ ਦੇ ਵਿਸ਼ਾਲ ਮੰਦਰ ਵਿਖੇ ਸ਼ਰਧਾਲੂਆਂ ਵਲੋਂ ਹਫਤਾਵਾਰੀ ਵਿਸ਼ਾਲ ਭੰਡਾਰਾ ਲਗਾਇਆ ਜਾਂਦਾ ਹੈ, ਜਿਸ ਤਹਿਤ ਇਸ ਵਾਰ ਨਵੀਨ ਗੋਇਲ ਬੁੱਕ ਡਿੱਪੂ ਵੱਲੋਂ ਹਫਤਾਵਾਰੀ ਵਿਸ਼ਾਲ ਲੰਗਰ ਲਵਾਇਆ ਗਿਆ।ਇਸ ਮੌਕੇ ਸਭ ਤੋਂ ਪਹਿਲਾਂ ਸੰਗਤਾਂ ਵਲੋਂ ਰਲ-ਮਿਲ ਕੇ ਹਫ਼ਤਾਵਾਰੀ ਭੰਡਾਰੇ ਦੀ ਸ਼ੁਰੂਆਤ ਬਾਬਾ ਖੇਤਰਪਾਲ ਜੀ ਦੀ ਪੂਜਾ ਅਰਚਨਾ ਕਰ ਕੇ ਕੀਤੀ ਗਈ ਤੇ ਵੱਡੀ ਗਿਣਤੀ ਵਿੱਚ ਪੁੱਜੇ ਸ਼ਰਧਾਲੂਆਂ ਨੇ ਬਾਬਾ ਖੇਤਰਪਾਲ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਬਾਬਾ ਖੇਤਰਪਾਲ ਜੀ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਨੇ ਆਖਿਆ ਕਿ ਸ਼ਰਧਾਲੂਆਂ ਲਈ ਇਹ ਧਾਰਮਿਕ ਅਸਥਾਨ ਆਸਥਾ ਦੇ ਕੇਂਦਰ ਹੈ ਜਿੱਥੇ ਵੱਡੀ ਗਿਣਤੀ ਵਿੱਚ ਦੂਰੋ ਦੂਰੋਂ ਸੰਗਤ ਪੁੱਜ ਕੇ ਆਪਣੀਆਂ ਮਨੋਕਾਮਨਾਵਾਂ ਪੂਰਨ ਕਰਦੀਆਂ ਹਨ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਮੰਦਰ ਵਿਖੇ ਚੱਲ ਰਹੀ ਕਾਰ ਸੇਵਾ ਵਿਚ ਜ਼ਰੂਰ ਸਹਿਯੋਗ ਕਰਨ ਤਾਂ ਜੁ ਬਾਬਾ ਖੇਤਰਪਾਲ ਦੇ ਮੰਦਰ ਦਾ ਕੰਮ ਸੰਪੂਰਨ ਹੋ ਸਕੇ।

# ਅਸੀਂ ਆਪਣੀ ਵੋਟ ਤੇ ਲੋਕਤੰਤਰ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ : ਮੋਹਿਤ ਮੋਹਿੰਦਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਨੇ ਸੂਬੇ ਵਿੱਚ ਵਧ ਰਹੀ ਵੋਟ ਚੋਰੀ ਦਾ ਪਰਦਾਫਾਸ਼ ਕਰਨ ਤੇ ਇਸ ਧੋਖਾਧੜੀ ਨਾਲ ਲੜਨ ਲਈ ਸੂਬਾ ਪੱਧਰੀ ਵੋਟਰ ਵੈਰੀਫਿਕੇਸ਼ਨ ਮੁਹਿੰਮ ਦਾ ਐਲਾਨ ਕੀਤਾ ਹੈ।ਇਹ ਐਲਾਨ ਮਹਿੰਦਰਾ ਵਲੋਂ ਚੰਡੀਗੜ੍ਹ ਦੇ ਕਾਂਗਰਸ ਭਵਨ ਵਿਖੇ ਪੰਜਾਬ ਯੂਥ ਕਾਂਗਰਸ ਦੇ ਇੰਚਾਰਜ ਡਾ. ਸਮ੍ਰਿਤੀ ਰੰਜਨ ਲਿਨਕਾ ਤੇ ਹੋਰ ਸੀਨੀਅਰ ਆਗੂਆਂ ਦੀ ਮੌਜੂਦਗੀ ਵਿੱਚ ਕੀਤਾ ਗਿਆ।ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ 2 ਮਾਰਚ 2023 ਦੇ ਆਪਣੇ ਆਦੇਸ਼ ਵਿੱਚ ਈ ਸੀ ਈ ਦੀ ਨਿਯੁਕਤੀ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਤੇ ਭਾਰਤ ਦੇ ਚੀਫ਼ ਜਸਟਿਸ ਦੇ ਪੈਨਲ ਦੁਆਰਾ ਕਰਨ ਦਾ ਆਦੇਸ਼ ਦਿੱਤਾ ਸੀ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਇੱਕ ਨਵਾਂ ਕਾਨੂੰਨ ਪੇਸ਼ ਕਰਕੇ ਇਸ ਨੂੰ ਬਾਈਪਾਸ ਕਰ ਦਿੱਤਾ, ਜਿਸ ਵਿੱਚ ਚੀਫ਼ ਜਸਟਿਸ ਦੀ ਥਾਂ ਇੱਕ ਕੇਂਦਰੀ ਕੈਬਨਿਟ ਗ੍ਰਹਿ ਮੰਤਰੀ ਨੂੰ ਨਿਯੁਕਤ ਕੀਤਾ ਗਿਆ ਤੇ ਫਿਰ 17 ਫਰਵਰੀ ਨੂੰ ਪੈਨਲ ਦੀ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਅਸਹਿਮਤੀ ਨੋਟ ਨੂੰ ਪੂਰੀ ਤਰ੍ਹਾਂ ਅਣਦੇਖਾ ਕਰਦੇ ਹੋਏ, ਗਿਆਨੇਸ਼ ਕੁਮਾਰ ਦੀ ਨਿਯੁਕਤੀ ਨੂੰ ਅੱਗੇ ਵਧਾਇਆ ਅਤੇ 48 ਘੰਟਿਆਂ ਦੇ ਅੰਦਰ, ਨਿਯੁਕਤੀ ਨੂੰ ਅਧਿਕਾਰਤ ਕਰ ਦਿੱਤਾ ਜੋ ਸਿੱਧੇ ਤੌਰ 'ਤੇ ਸਾਡੇ ਲੋਕਤੰਤਰ ਨਾਲ ਖਿਲਵਾੜ ਸੀ। ਮੋਹਿਤ ਮਹਿੰਦਰਾ ਨੇ ਰਾਹੁਲ ਗਾਂਧੀ ਦੁਆਰਾ ਹਾਲ ਹੀ ਵਿੱਚ ਕੀਤੀਆਂ ਦੋ ਵੇਰਵੇ ਸਹਿਤ ਪ੍ਰੈਸ ਕਾਨਫਰੰਸਾਂ ਦਾ ਹਵਾਲਾ ਦਿੱਤਾ, ਜਿੱਥੇ ਵੋਟ ਚੋਰੀ ਦੇ ਪੈਮਾਨੇ ਦਾ ਪਰਦਾਫਾਸ਼ ਵੀ ਕੀਤਾ।ਮੋਹਿਤ ਨੇ ਕਿਹਾ ਕਿ ਕਿ ਉਹ ਸਾਡੇ ਲੋਕਤੰਤਰ ਨੂੰ ਬਚਾਉਣ ਲਈ ਨਾਗਰਿਕਾਂ ਨੂੰ ਸਿੱਧੇ ਤੌਰ 'ਤੇ ਸੂਚਿਤ ਕਰਨ ਵਿੱਚ ਸਾਡੀ ਮਦਦ ਕਰਨ।

# ਮੀਡੀਆ ਇੱਕ ਮਿਸ਼ਨ ਸੀ, ਹੈ ਅਤੇ ਰਹੇਗਾ : ਪ੍ਰੋ. ਸੰਜੇ ਦਿਵੇਦੀ



**ਜੈਤੋ (ਸਤੀਸ਼ ਕੁਮਾਰ ਭੀਰੀ)**-ਬ੍ਰਹਮਾ ਕੁਮਾਰੀਆਂ ਦੇ ਮੁੱਖ ਦਫ਼ਤਰ ਵਿਖੇ ਚੱਲ ਰਹੇ ਰਾਸ਼ਟਰੀ ਮੀਡੀਆ ਕਾਨਫਰੰਸ 'ਚ ਇੱਕ ਵਿਸ਼ੇਸ਼ ਇੰਟਰਐਕਟਿਵ ਸੈਸ਼ਨ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਮਾਸ ਕਮਿਊਨੀਕੇਸ਼ਨ (ਆਈਆਈਐਮਸੀ) ਦੇ ਸਾਬਕਾ ਡਾਇਰੈਕਟਰ ਜਨਰਲ, ਪ੍ਰੋਫੈਸਰ ਸੰਜੇ ਦਿਵੇਦੀ ਨੇ ਕਿਹਾ ਕਿ ਇਹ ਕਹਿਣਾ ਗ਼ਲਤ ਹੈ ਕਿ ਮੀਡੀਆ ਕਦੇ ਇੱਕ ਮਿਸ਼ਨ ਸੀ ਤੇ ਹੁਣ ਇੱਕ ਪੇਸ਼ਾ ਹੈ।ਟੀਵੀ ਪੱਤਰਕਾਰ ਬੀ.ਕੇ.ਜੋਤੀ ਨਾਲ ਗੱਲ ਕਰਦੇ ਹੋਏ ਪ੍ਰੋਫੈਸਰ ਦਿਵੇਦੀ ਨੇ ਕਿਹਾ ਕਿ ਸਮਾਂ ਕਿਸੇ ਵੀ ਅਨੁਸ਼ਾਸਨ ਦੇ ਸਿਧਾਂਤਾਂ ਨੂੰ ਨਹੀਂ ਬਦਲ ਸਕਦਾ।ਮੁੱਲ ਅਧਾਰਤ ਪੱਤਰਕਾਰੀ ਦਾ ਰਸਤਾ ਕੁੱਝ ਵਿਅਕਤੀਆਂ ਦੇ ਭਟਕਣ ਦੁਆਰਾ ਰੋਕਿਆ ਨਹੀਂ ਜਾਂਦਾ ਹੈ।ਇਹ ਇੱਕ ਮਿਸ਼ਨ ਸੀ, ਹੈ ਤੇ ਰਹੇਗਾ।ਉਨ੍ਹਾਂ ਕਿਹਾ ਕਿ ਸਾਰੇ ਅਨੁਸ਼ਾਸਨ ਜਿਵੇਂ ਦਵਾਈ, ਸਿੱਖਿਆ ਤੇ ਮੀਡੀਆ, ਅੰਤ ਵਿੱਚ ਮਿਸ਼ਨ ਹਨ। ਮੁੱਲ ਤੇ ਸਿਧਾਂਤ ਕੁਝ ਵਿਅਕਤੀਆਂ ਦੀ ਬਾਜ਼ਾਰ-ਸੰਚਾਲਤ ਸੋਚ ਕਾਰਨ ਨਹੀਂ ਬਦਲਦੇ।ਮੁੱਲ ਇਮਾਨਦਾਰੀ, ਸੰਵੇਦਨਸ਼ੀਲਤਾ, ਜਨਤਕ ਹਿੱਤ ਤੇ ਰਾਸ਼ਟਰੀ ਹਿੱਤ ਮਾਪਦੰਡ ਹਨ।ਪ੍ਰੋ. ਦਿਵੇਦੀ ਨੇ ਕਿਹਾ ਕਿ ਆਜ਼ਾਦੀ ਅੰਦੋਲਨ ਦੇ ਮੁੱਲ ਭਾਰਤੀ ਪੱਤਰਕਾਰੀ ਦੇ ਮੁੱਲ ਹਨ।ਸਾਨੂੰ ਸੱਚੇ ਸਵਰਾਜ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।ਕੇਵਲ ਤਦ ਹੀ ਭਾਰਤੀ ਭਾਸ਼ਾਵਾਂ, ਪਹਿਰਾਵੇ, ਸਵੈ-ਸ਼ਾਸਨ ਤੇ ਭਾਰਤੀ ਪਰੰਪਰਾਵਾਂ ਦਾ ਸਤਿਕਾਰ ਕੀਤਾ ਜਾਵੇਗਾ।ਸਾਡਾ ਦੇਸ਼ ਹੁਣ ਸੁਤੰਤਰ ਹੈ, ਪਰ ਸਵਰਾਜ ਅਜੇ ਵੀ ਉਡੀਕ ਰਿਹਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਨਤਕ ਭਲਾਈ ਕਿਸੇ ਵੀ ਸੁਵਿਧਾ ਲਈ ਮਾਪਦੰਡ ਹੈ।ਇਹੀ ਇਸਦਾ ਅਸਲ ਮਹੱਤਵ ਹੈ।

# ਪੀ ਜੀ ਆਈ 'ਚ ਕ੍ਰੋਨਿਕ ਮਾਇਲੋਇਡ ਲੀਉਕੀਮੀਆ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**
ਲਿਊਕੀਮੀਆ ਮਰੀਜ਼ਾਂ ਵਿਚ ਜ਼ਿੰਦਗੀ ਦੀ ਉਮੀਦ ਨੂੰ ਬਰਕਰਾਰ ਅਤੇ ਉਤਸਾਹਿਤ ਰੱਖਣ ਲਈ ਪੀ ਜੀ ਆਈ ਚੰਡੀਗੜ੍ਹ ਵਿੱਚ ਕਰੋਨਿਕ ਮਾਇਲੋਇਡ ਲਿਊਕੀਮੀਆ ਦਿਵਸ ਮਨਾਇਆ ਗਿਆ।ਪੀ ਜੀ ਆਈ ਦੇ ਕਲੀਨਿਕਲ ਹੀਮੈਟੋਲੋਜੀ ਅਤੇ ਮੈਡੀਕਲ ਔਨਕੋਲੋਜੀ ਵਿਭਾਗ ਵੱਲੋਂ ਹਰ ਮਹੀਨੇ 500 ਤੋਂ ਵੱਧ ਕ੍ਰੋਨਿਕ ਮਾਇਲੋਇਡ ਲੀਉਕੀਮੀਆ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ। ਕੁੱਲ ਕਰਕੇ ਲਗਭਗ 5,000 ਮਰੀਜ਼ ਨਿਯਮਿਤ ਤੌਰ 'ਤੇ ਫਾਲੋਅਪ ਹੇਠ ਹਨ। ਮੌਤ ਦੀ ਸਜ਼ਾ ਸਮਝੀ ਜਾਣ ਵਾਲੀ ਇਹ ਬਿਮਾਰੀ, ਜਿਸ ਵਿੱਚ ਮਰੀਜ਼ਾਂ ਦੀ ਔਸਤ ਉਮਰ ਸਿਰਫ਼ 2-3 ਸਾਲ ਹੁੰਦੀ ਸੀ, 2001 ਵਿੱਚ ਇਮੈਟੀਨਿਬ ਦੀ ਖੋਜ ਨਾਲ ਇਤਿਹਾਸਕ ਮੋੜ 'ਤੇ ਆ ਗਈ। ਇਸ ਨੂੰ ਲੋਕਪ੍ਰਿਯ ਤੌਰ 'ਤੇ ਮੈਜਿਕ ਬੁਲਟ ਕਿਹਾ ਜਾਂਦਾ ਹੈ। ਨਿਯਮਿਤ ਦਵਾਈਆਂ ਅਤੇ ਜਾਂਚਾਂ ਨਾਲ ਅੱਜ ਜ਼ਿਆਦਾਤਰ ਮਰੀਜ਼ ਡਾਇਬਟੀਜ਼ ਜਾਂ ਹਾਈ ਬਲੱਡ ਪ੍ਰੈਸ਼ਰ ਵਾਲੇ ਲੋਕਾਂ ਵਾਂਗ ਆਮ ਅਤੇ ਜੀਵਨ ਬਤੀਤ ਕਰ ਰਹੇ ਹਨ।ਇਸ ਉਮੀਦ ਅਤੇ ਹਿੰਮਤ ਭਰੇ ਸਫ਼ਰ ਨੂੰ ਮਨਾਉਣ ਲਈ, ਕਲੀਨਿਕਲ ਹੀਮੈਟੋਲੋਜੀ ਅਤੇ ਮੈਡੀਕਲ ਔਨਕੋਲੋਜੀ ਵਿਭਾਗ ਨੇ, ਹੀਮੈਟੋਲੋਜੀ ਵਿਭਾਗ, ਦ ਮੈਕਸ ਫਾਊਂਡੇਸ਼ਨ, ਫ੍ਰੈਂਡਜ਼ ਆਫ ਮੈਕਸ, ਸਹਾਇਤਾ ਅਤੇ ਸੰਜੀਵਨੀ ਦੇ ਸਹਿਯੋਗ ਨਾਲ, ਅੱਜ ਜ਼ਾਕਿਰ ਹਾਲ ਵਿੱਚ ਲਿਊਕੀਮੀਆ ਸਰਵਾਈਵਰ ਡੇ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ 600 ਤੋਂ ਵੱਧ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੇ ਹਿੱਸਾ ਲਿਆ। ਸਭ ਤੋਂ ਪੁਰਾਣੇ ਮਰੀਜ਼, ਜੋ 1989 ਤੋਂ ਅੱਜ ਵੀ ਪੂਰੀ ਤਰ੍ਹਾਂ ਸਿਹਤਮੰਦ ਹਨ। ਮਿਸ ਪ੍ਰਿਯੰਕਾ ਕੁਬਲ ਨੇ ਕਿਹਾ ਕਿ ਕੇਅਰਗਿਵਰਜ਼ ਦੀ ਜ਼ਿੰਮੇਵਾਰੀ ਸਿਰਫ਼ ਮਰੀਜ਼ਾਂ ਦੀ ਹੀ ਨਹੀਂ, ਸਗੋਂ ਆਪਣੇ ਆਪ ਦੀ ਦੇਖਭਾਲ ਕਰਨ ਦੀ ਵੀ ਹੁੰਦੀ ਹੈ। ਦ ਮੈਕਸ ਫਾਊਂਡੇਸ਼ਨ ਦੀ ਇੰਡੀਆ ਹੈੱਡ ਮਿਸ ਬੀਨਾ ਨਾਰਾਇਣਨ, ਮਿਸ ਉਰਵਸ਼ੀ, ਸਹਾਇਤਾ ਤੋਂ ਮਿਸ ਰੇਣੂ ਸੈਗਲ ਅਤੇ ਮਿਸ ਦਮਨ ਨੇ ਵੀ ਹਿੱਸਾ ਲਿਆ ਅਤੇ ਮਰੀਜ਼ਾਂ ਤੇ ਪਰਵਾਰਾਂ ਦੇ ਨਾਲ ਸਹਿਯੋਗ ਦਾ ਵਚਨ ਦਿੱਤਾ।ਮਾਹਿਰਾਂ ਦੀ ਪੈਨਲ, ਜਿਸ ਵਿੱਚ ਡਾ. ਸੁਭਾਸ਼ ਵਰਮਾ, ਡਾ. ਨੀਲਾ ਵਰਮਾ, ਡਾ. ਅਲਕਾ ਖਡਵਾਲ, ਡਾ. ਗੌਰਵ ਪ੍ਰਕਾਸ਼, ਡਾ. ਅਰਿਹੰਤ ਜੈਨ, ਡਾ. ਸ਼ਾਨੋ ਨਸੀਮ, ਡਾ. ਆਦਿਤਿਆ ਜੰਡਿਆਲ ਅਤੇ ਡਾ. ਚਰਨਪ੍ਰੀਤ ਸਿੰਘ ਸ਼ਾਮਲ ਸਨ, ਨੇ ਮਰੀਜ਼ਾਂ ਦੇ ਪ੍ਰਸ਼ਨਾਂ ਦੇ ਜਵਾਬ ਦਿੱਤੇ। ਇਸ ਸੈਸ਼ਨ ਦਾ ਸੰਚਾਲਨ ਪ੍ਰੋ. ਪੰਕਜ ਮਲਹੋਤਰਾ ਨੇ ਕੀਤਾ।ਪੀ ਜੀ ਆਈ ਦੇ ਡਾਇਰੈਕਟਰ ਡਾ. ਵਿਵੇਕ ਲਾਲ ਨੇ ਆਯੁਸ਼ਮਾਨ ਭਾਰਤ ਦੀ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕੀਤੀ, ਜਿਸ ਨਾਲ ਜ਼ਿਆਦਾਤਰ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਉਪਲਬਧ ਹੋ ਰਹੀਆਂ ਹਨ। ਇਸਦੇ ਨਾਲ ਹੀ ਘੱਟ ਕੀਮਤ ਵਾਲੀਆਂ ਜੈਨੇਰਿਕ ਦਵਾਈਆਂ, ਜੋ ਬ੍ਰਾਂਡਿਡ ਦਵਾਈਆਂ ਦੇ ਬਰਾਬਰ ਪ੍ਰਭਾਵਸ਼ਾਲੀ ਹਨ, ਵੀ ਸਹਿਜੀ ਨਾਲ ਮਿਲ ਰਹੀਆਂ ਹਨ।

# ਸਰਕਾਰ ਨੇ ਵਾਅਦਾ ਪੂਰਾ ਨਾ ਕੀਤਾ ਤਾਂ ਆੜ੍ਹਤੀ ਹੜਤਾਲ ਲਈ ਮਜਬੂਰ ਹੋਣਗੇ : ਸਾਥੀ ਸਮਰਾ

**ਧੂਰੀ (ਮਨੋਹਰ ਸਿੰਘ ਸੱਗੂ)**-ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਜਗਤਾਰ ਸਿੰਘ ਸਮਰਾ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਪੰਜਾਬ ਵੱਲੋਂ ਸੂਬੇ ਅੰਦਰ ਆੜ੍ਹਤ ਢਾਈ ਪ੍ਰਤੀਸ਼ਤ ਕਰਨ ਤੇ ਬਕਾਇਆ ਦੇਣ ਦਾ ਵਾਅਦਾ ਪੂਰਾ ਨਾ ਕੀਤਾ ਤਾਂ ਪੰਜਾਬ ਦਾ ਆੜ੍ਹਤੀ ਵਰਗ ਹੜਤਾਲ ਕਰਨ ਲਈ ਮਜਬੂਰ ਹੋਵੇਗਾ।ਸਾਥੀ ਸਮਰਾ ਨੇ ਕਿਹਾ ਕਿ ਝੋਨੇ ਦੇ ਚਾਲੂ ਸੀਜ਼ਨ ਦੌਰਾਨ ਖਰੀਦ ਏਜੰਸੀਆਂ ਝੋਨਾ ਨਿਯਮਾਂ ਅਤੇ ਮਾਪਦੰਡਾਂ ਅਨੁਸਾਰ ਖਰੀਦਣ, ਕਿਉਂਕਿ ਸੂਬੇ ਦਾ ਇੱਕ ਵੀ ਆੜ੍ਹਤੀ ਇਸ ਬਾਰ ਸਿੱਲ੍ਹ (ਨਮੀ) , ਡੈਮੇਜ਼ ਅਤੇ ਬਦਰੰਗ ਦੇ ਨਾਂਅ 'ਤੇ ਖਰੀਦ ਏਜੰਸੀਆਂ ਤੇ ਸ਼ੈਲਰਾਂ ਵਾਲਿਆਂ ਦੀ ਲੁੱਟ 'ਚ ਵਿਚੋਲਗੀ ਨਹੀਂ ਕਰੇਗਾ।ਆੜ੍ਹਤੀ ਆਗੂ ਨੇ ਕਿਹਾ ਕਿ ਜੇਕਰ ਮੰਡੀ ਬੋਰਡ ਦੇ ਐਕਟ ਅਨੁਸਾਰ ਖਰੀਦਿਆ ਗਿਆ ਝੋਨਾ 72 ਘੰਟਿਆਂ 'ਚ ਨਹੀਂ ਚੁੱਕਿਆ ਜਾਂਦਾ ਤਾਂ ਉਸ ਦੀ ਸਾਰਟੇਜ਼ ਲਈ ਆੜ੍ਹਤੀਆ ਜ਼ਿੰਮੇਵਾਰ ਨਹੀਂ ਹੋਵੇਗਾ।ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਮੰਡੀਆਂ 'ਚੋਂ ਟਰੱਕਾਂ ਦਾ ਠੇਕਾ ਲੈਣ ਵਾਲੇ ਆਪਣੀ ਜ਼ਿੰਮੇਵਾਰੀ ਤੋਂ ਭੱਜੇ ਤਾਂ ਕੋਈ ਵੀ ਆੜ੍ਹਤੀਆ ਇਸ ਬਾਰ ਆਪਣੇ ਪੱਧਰ 'ਤੇ ਝੋਨੇ ਦੀ ਚੁਕਾਈ ਨਹੀਂ ਕਰਾਏਗਾ।

# ਧਾਰਮਿਕ ਸਦਭਾਵਨਾ ਨੂੰ ਠੇਸ ਪਹੁੰਚਾਉਣ ਵਾਲੀਆਂ ਸੋਸ਼ਲ ਸਾਈਟਾਂ 'ਤੇ ਪਾਬੰਦੀ ਲੱਗੇ : ਪ੍ਰਿੰ. ਡਾ. ਨਰਿੰਦਰ ਸਿੰਘ

**ਬੁਢਲਾਡਾ (ਅਸ਼ੋਕ ਲਾਕੜਾ)**-ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚ ਇਸ ਦੀ ਗਲਤ ਵਰਤੋਂ ਨਾਲ ਸਮਾਜਕ ਤੌਰ 'ਤੇ ਬਹੁਤ ਸਮੱਸਿਆਵਾਂ ਦਰਪੇਸ਼ ਆ ਰਹੀਆਂ ਹਨ।ਪਿਛਲੇ ਦਿਨਾਂ ਤੋਂ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ 'ਤੇ ਸਿੱਖ ਵਿਰੋਧੀ ਅਨਸਰਾਂ ਵੱਲੋਂ ਆਰਟੀਫਿਸ਼ੀਅਲ ਇੰਟੈਲੀਜੈਂਸ ਤਕਨੀਕ ਦੀ ਵਰਤੋਂ ਕਰਕੇ ਗੁਰੂ ਸਾਹਿਬਾਨ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਂਦੀਆਂ ਬੇਅਦਬੀ ਵਾਲੀਆਂ ਵੀਡੀਓਜ਼ ਅਤੇ ਫੋਟੋਆਂ ਅਪਲੋਡ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਵੀਡੀਓਜ਼ ਨੇ ਸਿੱਖ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ ਹੈ।ਅਜਿਹੀਆਂ ਵੀਡੀਓਜ਼ ਧਾਰਮਿਕ ਮਰਯਾਦਾ ਨੂੰ ਚੁਣੌਤੀ ਹੀ ਨਹੀਂ ਦਿੰਦੀਆਂ ਬਲਕਿ ਸਮਾਜਕ ਅਸਹਿਣਸ਼ੀਲਤਾ ਨੂੰ ਵੀ ਵਧਾਉਂਦੀਆਂ ਹਨ।ਸੁਖਮਿੰਦਰ ਸਿੰਘ, ਸਕੱਤਰ ਵਿੱਦਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਅਜਿਹੇ ਗਲਤ ਅਨਸਰਾਂ ਵਿਰੁੱਧ ਤੁਰੰਤ ਐਕਸ਼ਨ ਲਿਆ ਜਾਵੇ ਅਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਧਾਰਮਿਕ ਸਦਭਾਵਨਾ ਨੂੰ ਠੇਸ ਪਹੁੰਚਾਉਣ ਵਾਲੀਆਂ ਸੋਸ਼ਲ ਸਾਈਟਾਂ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਬੇਹੱਦ ਮੰਦਭਾਗੀਆਂ ਹਨ।ਅਸੀਂ ਅਪੀਲ ਕਰਦੇ ਹਾਂ ਕਿ ਅਜਿਹੇ ਮਸਲਿਆਂ ਤੇ ਗੌਰ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਵਰਗੀਆਂ ਅਤਿ ਆਧੁਨਿਕ ਤਕਨੀਕਾਂ ਨੂੰ ਨਿਯੰਤ੍ਰਿਤ ਕਰਨ ਲਈ ਕਾਨੂੰਨੀ ਢਾਂਚਾ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਵੀ ਸੋਸ਼ਲ ਮੀਡੀਆ ਵਰਤੋਂਕਾਰ ਦੇ ਸਾਹਮਣੇ ਅਜਿਹੀਆਂ ਵੀਡੀਓਜ਼ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਇਸ ਦੀ ਸ਼ਿਕਾਇਤ ਦਰਜ ਕਰਵਾਉਣੀ ਚਾਹੀਦੀ ਹੈ ਜੋ ਇਨ੍ਹਾਂ ਸੋਸ਼ਲ ਸਾਈਟਾਂ 'ਤੇ ਰੋਕ ਲਗਾਈ ਜਾ ਸਕੇ।

# ਬੀਬਾ ਬਾਦਲ ਵੱਲੋਂ ਏਮਜ਼ ਦੇ ਟਰੋਮਾ ਵਿਸਥਾਰ ਲਈ ਕੀਤੇ ਯਤਨਾਂ ਨੂੰ ਪਿਆ ਬੂਰ : ਭੂੰਦੜ , ਸੋਢੀ

**ਸਰਦੂਲਗੜ੍ਹ (ਅਵਤਾਰ ਜਟਾਣਾ)**
ਭਾਰਤ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰਾਲੇ ਨੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਬਠਿੰਡਾ ਵਿਖੇ ਤਿੰਨ ਸੌ ਬਿਸਤਰਿਆਂ ਵਾਲਾ ਟਰੋਮਾ ਸੈਂਟਰ ਬਣਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦਾ ਸਿਹਰਾ ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ, ਸਾਬਕਾ ਕੇਂਦਰੀ ਮੰਤਰੀ ਨੂੰ ਜਾਂਦਾ ਹੈ ਕਿਉਂਕਿ ਉਹ ਸੰਸਦ ਵਿੱਚ ਏਮਜ਼ ਦੇ ਵਿਸਥਾਰ ਦਾ ਮੁੱਦਾ ਉਠਾਉਂਦੇ ਰਹੇ ਹਨ।ਕਿਉਂਕਿ ਮਰੀਜ਼ ਜ਼ਿਆਦਾ ਤੇ ਟਰੋਮਾ ਸੈਂਟਰ ਵਿੱਚ ਬੈਡ ਘੱਟ ਹੋਣ ਕਾਰਨ ਮਰੀਜ਼ਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ।ਡਾ . ਰਤਨ ਗੁਪਤਾ ਕਾਰਜਕਾਰੀ ਨਿਰਦੇਸ਼ਕ (ਈ ਡੀ) ਨੇ ਬੀਤੇ ਦਿਨੀਂ ਕਿਹਾ ਕਿ ਟਰਾਮਾ ਸੈਂਟਰ ਲਈ ਬਲੂਪ੍ਰਿੰਟ ਤਿਆਰ ਕੀਤਾ ਜਾ ਰਿਹਾ ਹੈ । ਜੋ ਕਿ ਰਸਮੀ ਪ੍ਰਵਾਨਗੀ ਤੋਂ ਬਾਅਦ ਢਾਈ ਸਾਲ ਦੇ ਵਿੱਚ ਤਿਆਰ ਹੋ ਜਾਵੇਗਾ ।ਇਨ੍ਹਾ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ ਸਰਦੂਲਗੜ੍ਹ ਤੇ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਮਾਨਸਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਇਸ ਤੋਂ ਇਲਾਵਾ ਬੀਬਾ ਬਾਦਲ ਦੇ ਸੁਹਿਰਦ ਯਤਨਾਂ ਸਦਕਾ ਫ਼ਿਰੋਜ਼ਪੁਰ ਤੋਂ ਦਿੱਲੀ ਬੰਦੇ ਭਾਰਤ ਰੇਲ ਵਾਇਆ ਮਾਨਸਾ ਸ਼ੁਰੂ ਹੋਣ ਜਾ ਰਹੀ ਹੈ ।ਇਸ ਨਾਲ ਰੋਜ਼ਾਨਾ ਸਫ਼ਰ ਕਰਨ ਵਾਲੇ ਹਜ਼ਾਰਾਂ ਰੇਲ ਯਾਤਰੀਆਂ ਨੂੰ ਲਾਭ ਮਿਲੇਗਾ।

## ■ ਫ਼ਿਰੋਜ਼ਪੁਰ ਦਿੱਲੀ ਬੰਦੇ ਭਾਰਤ ਰੇਲ ਸ਼ੁਰੂ ਹੋਣ ਨਾਲ ਹਜ਼ਾਰਾਂ ਯਾਤਰੀਆਂ ਨੂੰ ਲਾਭ ਮਿਲੇਗਾ

ਅਸੀਂ ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ, ਸਾਬਕਾ ਕੇਂਦਰੀ ਮੰਤਰੀ ਦਾ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਇਲਾਕੇ ਦੀ ਇਸ ਪ੍ਰਮੁੱਖ ਲੋੜ ਦੀ ਮੰਗ ਸੰਸਦ ਵਿੱਚ ਵਜ਼ਨਦਾਰ ਢੰਗ ਨਾਲ ਉਠਾਈ ਤੇ ਪ੍ਰਵਾਨ ਵੀ ਕਰਵਾਈ ।


DEBTS RECOVERY TRIBUNAL CHANDIGARH(DRT 3)
Ground Floor, SCO No.33-34-35, Sector-17-A, Chandigarh - 160017

ਮੁਕੱਦਮਾ ਨੰ. ਓ ਏ/214/2019
ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ
ਈ ਐੱਕਸ ਐੱਚ ਨੰ. 27324
ਸਟੇਟ ਬੈਂਕ ਆਫ ਇੰਡੀਆ
ਬਨਾਮ
ਮੈਸਰਜ਼ ਏ ਐੱਸ ਫੈਬਰੀਕੇਟਰਜ਼ ਅਤੇ ਹੋਰ
(1) ਮੈਸਰਜ਼ ਏ ਐੱਸ ਫੈਬਰੀਕੇਟਰਜ਼ ਮਾਰਫਤ 544/49, ਗਲੀ ਨੰ. 2. ਰਾਧੇ ਸ਼ਿਆਮ ਮੰਦਰ ਦੇ ਪਿਛਲੇ ਪਾਸੇ, ਨਿਊ ਸ਼ਿਵਪੁਰੀ ਲੁਧਿਆਣਾ ਰਾਹੀਂ ਇਸ ਦੇ ਮਾਲਕ
(2) ਅਸ਼ੋਕ ਕੁਮਾਰ ਵਾਸੀ ਐੱਸ 39/191ਬੀ ਗਲੀ ਨੰ. 4 ਈ 8, ਸੰਤੋਖ ਨਗਰ, ਸ਼ਿਵਪੁਰੀ ਰੋਡ, ਲੁਧਿਆਣਾ, ਪੰਜਾਬ ਮੈਸਰਜ਼ ਏ ਐੱਸ ਫੈਬਰੀਕੇਟਰਜ਼ ਦਾ ਮਾਲਕ।
ਸੰਮਨ
ਜਦੋਂ ਕਿ ਓ ਏ/214/2019 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 17.09.2025 ਨੂੰ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 12,01,984/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :
(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਉਰਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਉਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।
ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ, ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 13-11-2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।
ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 22-09-2025 ਨੂੰ ਜਾਰੀ ਕੀਤਾ ਗਿਆ।
ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

# ਸਰਕਾਰ ਨੇ ਆੜ੍ਹਤ ਦਾ ਵਾਅਦਾ ਪੂਰਾ ਨਾ ਕੀਤਾ ਤਾਂ ਆੜ੍ਹਤੀ ਹੜਤਾਲ ਲਈ ਮਜਬੂਰ ਹੋਣਗੇ : ਸਮਰਾ

ਧੂਰੀ (ਮਨੋਹਰ ਸਿੰਘ ਸੱਗੂ) ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਜਗਤਾਰ ਸਿੰਘ ਸਮਰਾ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਪੰਜਾਬ ਵੱਲੋਂ ਸੂਬੇ ਅੰਦਰ ਆੜ੍ਹਤ ਢਾਈ ਪ੍ਰਤੀਸ਼ਤ ਕਰਨ ਤੇ ਬਕਾਇਆ ਦੇਣ ਦਾ ਵਾਅਦਾ ਪੂਰਾ ਨਾ ਕੀਤਾ ਤਾਂ ਪੰਜਾਬ ਦਾ ਆੜ੍ਹਤੀ ਵਰਗ ਹੜਤਾਲ ਕਰਨ ਲਈ ਮਜਬੂਰ ਹੋਵੇਗਾ।

ਸਾਥੀ ਸਮਰਾ ਨੇ ਕਿਹਾ ਕਿ ਝੋਨੇ ਦੇ ਚਾਲੂ ਸੀਜ਼ਨ ਦੌਰਾਨ ਖਰੀਦ ਏਜੰਸੀਆਂ ਝੋਨਾ ਨਿਯਮਾਂ ਅਤੇ ਮਾਪਦੰਡਾਂ ਅਨੁਸਾਰ ਖਰੀਦਣ, ਕਿਉਂਕਿ ਸੂਬੇ ਦਾ ਇੱਕ ਵੀ ਆੜ੍ਹਤੀ ਇਸ ਬਾਰ ਸਿੱਲ੍ਹ (ਨਮੀ) , ਡੈਮੇਜ਼ ਅਤੇ ਬਦਰੰਗ ਦੇ ਨਾਂਅ 'ਤੇ ਖਰੀਦ ਏਜੰਸੀਆਂ ਤੇ ਸ਼ੈਲਰਾਂ ਵਾਲਿਆਂ ਦੀ ਲੁੱਟ 'ਚ ਵਿਚੋਲਗੀ ਨਹੀਂ ਕਰੇਗਾ।ਆੜ੍ਹਤੀ ਆਗੂ ਨੇ ਕਿਹਾ ਕਿ ਜੇਕਰ ਮੰਡੀ ਬੋਰਡ ਦੇ ਐਕਟ ਅਨੁਸਾਰ ਖਰੀਦਿਆ ਗਿਆ ਝੋਨਾ 72 ਘੰਟਿਆਂ 'ਚ ਨਹੀਂ ਚੁੱਕਿਆ ਜਾਂਦਾ ਤਾਂ ਉਸ ਦੀ ਸਾਰਟੇਜ਼ ਲਈ ਆੜ੍ਹਤੀਆ ਜ਼ਿੰਮੇਵਾਰ ਨਹੀਂ ਹੋਵੇਗਾ।ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਮੰਡੀਆਂ 'ਚੋਂ ਟਰੱਕਾਂ ਦਾ ਠੇਕਾ ਲੈਣ ਵਾਲੇ ਆਪਣੀ ਜ਼ਿੰਮੇਵਾਰੀ ਤੋਂ ਭੱਜੇ ਤਾਂ ਕੋਈ ਵੀ ਆੜ੍ਹਤੀਆ ਇਸ ਬਾਰ ਆਪਣੇ ਪੱਧਰ 'ਤੇ ਝੋਨੇ ਦੀ ਚੁਕਾਈ ਨਹੀਂ ਕਰਾਏਗਾ।

## ਦਫ਼ਤਰ ਨਗਰ ਪੰਚਾਇਤ, ਲੋਹੀਆਂ ਖਾਸ

### ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਪ੍ਰੋਪਰਟੀ (ਵਪਾਰਕ) ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਦੇ ਪ੍ਰੋਪਰਟੀ ਟੈਕਸ ਰਿਕਾਰਡ ਵਿੱਚ ਸ੍ਰੀ ਤਾਰਾ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਅਮਰਜੀਤਪੁਰ ਹਾਲ ਲੋਹੀਆਂ ਖਾਸ 'ਤੇ ਦਰਜ ਹੈ, ਜਿਸ ਦਾ ਪੀ.ਟੀ. ਨੰਬਰ PT-1007- 021303 ਹੈ, ਜਿਸ ਦਾ ਰਕਬਾ ਕਰੀਬ 00 ਕ 3 ਮ 00 ਸ ਮਰਲੇ (ਕਵਰਡ ਏਰੀਆ 800 ਫੁੱਟ ) ਹੈ।ਇਹ ਪ੍ਰੋਪਰਟੀ ਵਾਰਡ ਨੰ. 05 ਦਸਮੇਸ਼ ਪਾਰਕ ਹੈ। ਤਾਰਾ ਸਿੰਘ ਪੁੱਤਰ ਮੋਹਣ ਸਿੰਘ ਦੀ 01/02/2023 ਨੂੰ ਮੌਤ ਹੋ ਚੁੱਕੀ ਹੈ। ਜਿਸ ਦੀਆ ਹੱਦਾਂ: ਰਸਤਾ ਸੜਕ, ਲਹਿੰਦੇ ਮਕਾਨ ਓਮ ਪ੍ਰਕਾਸ਼, ਪਹਾੜ ਦੁਕਾਨ ਜਸਵੀਰ ਸਿੰਘ, ਦੱਖਣ ਦੁਕਾਨ ਤਾਰਾ ਸਿੰਘ ਲੋਹੀਆਂ ਖਾਸ ਹੈ। ਸ੍ਰੀਮਤੀ ਸੁਰਿੰਦਰ ਕੌਰ ਪਤਨੀ ਵਿਧਵਾ ਤਾਰਾ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਅਮਰਜੀਤਪੁਰ ਹਾਲ ਲੋਹੀਆਂ ਖਾਸ ਵੱਲੋਂ ਇਹ ਪ੍ਰੋਪਰਟੀ ਆਪਣੇ ਬੇਟੇ ਰਣਜੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਅਮਰਜੀਤਪੁਰ ਹਾਲ ਲੋਹੀਆਂ ਖਾਸ ਦਸਤਾਵੇਜ਼ ਨੰਬਰ 894 ਮਿਤੀ 20.03.2023 ਰਜਿਸਟਰੀ ਕਰਵਾਈ ਗਈ ਹੈ।ਇਹ ਪ੍ਰੋਪਰਟੀ ਦਾ ਪ੍ਰੋਪਰਟੀ ਟੈਕਸ ਕਲੀਅਰ ਹੈ। ਸ੍ਰੀ ਰਣਜੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਅਮਰਜੀਤਪੁਰ ਹਾਲ ਲੋਹੀਆਂ ਖਾਸ ਵੱਲੋਂ ਇਹ ਸਵੈ-ਘੋਸ਼ਣਾ ਪੱਤਰ ਦਿੱਤਾ ਗਿਆ ਹੈ ਕਿ ਇਸ ਪ੍ਰੋਪਰਟੀ ਦਾ ਕੋਈ ਪਰਿਵਾਰਕ ਝਗੜਾ ਨਹੀ ਹੈ ਅਤੇ ਨਾ ਹੀ ਕੋਈ ਅਦਾਲਤੀ ਕੇਸ ਚੱਲਦਾ ਹੈ।ਇਸ ਲਈ ਇਹ ਪ੍ਰੋਪਰਟੀ (ਵਪਾਰਕ) ਸਿਰਫ ਪ੍ਰੋਪਰਟੀ ਟੈਕਸ ਭਰਨ ਦੇ ਮੰਤਵ ਲਈ ਪ੍ਰੋਪਰਟੀ ਸ੍ਰੀ ਰਣਜੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਅਮਰਜੀਤਪੁਰ ਹਾਲ ਲੋਹੀਆਂ ਖਾਸ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇ। ਇਸ ਇਸ਼ਤਿਹਾਰ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਕਿਸੇ ਨੂੰ ਕੋਈ ਇਤਰਾਜ਼ ਹੋਵੇ, ਤਾਂ ਉਹ ਆਪਣਾ ਇਤਰਾਜ਼ ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਵਿਖੇ ਦਰਜ ਕਰਵਾ ਸਕਦਾ ਹੈ। 30 ਦਿਨ ਦਾ ਸਮਾਂ ਖਤਮ ਹੋਣ ਤੋਂ ਬਾਅਦ ਇਹ ਪ੍ਰੋਪਰਟੀ ਸ੍ਰੀ ਰਣਜੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਅਮਰਜੀਤਪੁਰ ਹਾਲ ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇਗੀ। ਸਮਾਂ ਖਤਮ ਹੋਣ ਤੋਂ ਬਾਅਦ ਵਿੱਚ ਕਿਸੇ ਦਾ ਕੋਈ ਉਜਰ ਜਾਂ ਸੁਝਾਅ ਨਹੀ ਸੁਣਿਆ ਜਾਵੇਗਾ।

ਨੰ. 430, ਮਿਤੀ 6-5-2025 — ਸਹੀ/- ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਲੋਹੀਆਂ ਖਾਸ

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : **ਹਰਦੀਪ ਸਿੰਘ** ਪਿਤਾ/ਪਤੀ ਦਾ ਨਾਮ : **ਪਾਲਾ ਸਿੰਘ**
ਪਤਾ: Village Jamalpur Distt Jalandhar, Tehsil-Adampur/ District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : **ਸਿਮਰਨਪ੍ਰੀਤ ਸਿੰਘ**
ਪੱਕਾ ਪਤਾ: Village Jamalpur Distt Jalandhar, Adampur, Jalandhar, Punjab
ਉਮਰ/ਜਨਮ ਮਿਤੀ : 23-(14/03/2002)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 29.09.2025 ਨੂੰ ਜਾਰੀ ਹੋਇਆ।
**ਨੰਬਰ 81/ਨੰਬਰ/ਰੀਡਰ — ਮਿਤੀ 29.09.2025 — ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ**

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : **ਜੋਗਿੰਦਰ ਪਾਲ ਸਿਧੂ** ਪਿਤਾ/ਪਤੀ ਦਾ ਨਾਮ : **ਚਰਨ ਦਾਸ**
ਪਤਾ: Vpo Kahlwan Distt Jalandhar, Village-Kahlwan/Tehsil Sub-Tehsil-Kartarpur/ District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਭਰਾ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : **ਸੁਖਵੀਰ ਸਿਧੂ** ਪੱਕਾ ਪਤਾ: Vpo Kahlwan Distt Jalandhar, Kahlwan, Sub-Tehsil-Kartarpur, Jalandhar, Punjab ਵਿਦੇਸ਼ੀ ਪਤਾ: Via Zavarise Manani 7 37047 San Bonifacio VR Italy/ਵਿਆ ਜ਼ਵਾਰਿਸ ਮਨਾਨੀ 7 37047 ਸਨ ਬੋਨੀਫਾਸੀਓ ਵੀ ਆਰ ਇਟਲੀ ਉਮਰ/ਜਨਮ ਮਿਤੀ : 23 (11-11-2001)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26-09-2025 ਨੂੰ ਜਾਰੀ ਹੋਇਆ।
**ਨੰਬਰ 80/ਨੰਬਰ/ਰੀਡਰ — ਮਿਤੀ 26-09-2025 — ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ**

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗਗਨਦੀਪ ਸਿੰਘ, ਪੀ.ਸੀ.ਐਸ ਕੁਲੈਕਟਰ, ਸਬ ਡਵੀਜ਼ਨ ਬੁਢਲਾਡਾ।
ਕਿਸਮ ਕੇਸ : ਅਪੀਲ ਤਕਸੀਮ ਵਾਕਾ ਰਕਬਾ ਬਰ੍ਹੇ।
ਅਮਨਦੀਪ ਕੌਰ ਪਤਨੀ ਨਾਜਰ ਸਿੰਘ ਪੁੱਤਰ ਭੂਰਾ ਸਿੰਘ ਆਦਿ ਵਾਸੀਆਨ ਬਰ੍ਹੇ ਤਹਿ: ਬੁਢਲਾਡਾ ਜ਼ਿਲ੍ਹਾ ਮਾਨਸਾ ..... ਅਪੀਲਾਂਟ
ਬਨਾਮ
ਮਨਦੀਪ ਕੌਰ ਪਤਨੀ ਲਾਭ ਸਿੰਘ ਪੁੱਤਰ ਸੁਖਦੇਵ ਸਿੰਘ ਆਦਿ ਵਾਸੀਆਨ ਬਰ੍ਹੇ ਤਹਿ: ਬੁਢਲਾਡਾ ਜ਼ਿਲ੍ਹਾ ਮਾਨਸਾ ... ਰਸਪਾਡੈਂਟਸ

ਪਬਲੀਕੇਸ਼ਨ
ਨੋਟਿਸ ਬਨਾਮ ਆਮ ਜਨਤਾ :

ਉਕਤ ਦਰਜ ਤਕਸੀਮ ਸੰਬੰਧੀ ਅਪੀਲ ਵਿਚ ਅਗਲੀ ਤਾਰੀਖ ਪੇਸ਼ੀ ਮਿਤੀ 16.10.2025 ਬਰਾਏ ਤਲਬੀ ਨਿਸ਼ਚਿਤ ਕੀਤੀ ਗਈ ਹੈ। ਇਸ ਅਦਾਲਤ ਵੱਲੋਂ ਮੁਤਾਬਕ ਤਕਸੀਮ ਸੰਬੰਧੀ ਅਪੀਲਾਂਟ ਵੱਲੋਂ ਦਿੱਤੀ ਗਈ ਦਰਖਾਸਤ ਵਿੱਚ ਰਸਪਾਡੈਂਟਸ ਨੰ. 3,4,5,6,7,10,11,12 ਦੀ ਪਬਲੀਕੇਸ਼ਨ ਕਰਵਾਉਣ ਲਈ ਦਿੱਤੀ ਗਈ ਹੈ। ਪੇਸ਼ ਕੀਤੀ ਗਈ ਦਰਖਾਸਤ ਵਿੱਚ ਦਰਜ ਰਸਪਾਡੈਂਟਸ ਦੀ ਤਲਬੀ ਲਈ ਸਹੀ ਐਡਰੈੱਸ ਦੇਣ ਲਈ ਅਪੀਲਾਂਟਸ ਨੂੰ ਹਦਾਇਤ ਕੀਤੀ ਗਈ। ਅਪੀਲਾਂਟਸ ਵੱਲੋਂ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਗਈ ਕਿ ਉਕਤ ਰਸਪਾਡੈਂਟ ਦੀ ਤਲਬੀ ਲਈ ਬਾਬਤ ਇਸ਼ਤਿਹਾਰ ਕੀਤੀ ਜਾਵੇ।

ਇਸ ਲਈ ਅਪੀਲਾਂਟਸ ਵੱਲੋਂ ਪੇਸ਼ ਕੀਤੀ ਗਈ ਦਰਖਾਸਤ ਦੇ ਆਧਾਰ 'ਤੇ ਉਕਤ ਰਸਪਾਡੈਂਟਸ ਦੀ ਤਲਬੀ ਲਈ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ ਅਤੇ ਦਾਇਰ ਅਪੀਲ ਵਿੱਚ ਦਰਜ ਰਸਪਾਡੈਂਟਸ ਨੰ: 3) ਬਲਵਿੰਦਰ ਕੌਰ ਪੁੱਤਰੀ ਕੇਹਰ ਸਿੰਘ ਪੁੱਤਰ ਚੂਹੜ ਸਿੰਘ 4) ਬਲਜੀਤ ਕੌਰ ਉਰਫ ਅੱਕੀ ਪੁੱਤਰੀ ਨਰੰਜਨ ਸਿੰਘ ਪੁੱਤਰ ਸੰਤਾ ਸਿੰਘ 5) ਜਸਪ੍ਰੀਤ ਕੌਰ ਉਰਫ ਗੁਰਮੇਲ ਕੌਰ ਪੁੱਤਰੀ ਨਰੰਜਨ ਸਿੰਘ ਪੁੱਤਰ ਸੰਤਾ ਸਿੰਘ 6) ਸੁਖਵੀਰ ਕੌਰ ਉਰਫ ਨਿੱਕੋ ਪੁੱਤਰੀ ਨਰੰਜਨ ਸਿੰਘ ਪੁੱਤਰ ਸੰਤਾ ਸਿੰਘ 7) ਕਰਮ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਕੇਹਰ ਸਿੰਘ 10) ਨਾਜਰ ਸਿੰਘ ਸੰਤਾਨ ਸੁਖਦੇਵ ਸਿੰਘ ਪੁੱਤਰ ਕੇਹਰ ਸਿੰਘ 11) ਬੇਅੰਤ ਕੌਰ ਸੰਤਾਨ ਸੁਖਦੇਵ ਸਿੰਘ ਪੁੱਤਰ ਕੇਹਰ ਸਿੰਘ 12) ਮੀਤ ਕੌਰ ਸੰਤਾਨ ਸੁਖਦੇਵ ਸਿੰਘ ਪੁੱਤਰ ਕੇਹਰ ਸਿੰਘ ਤਕਸੀਮ ਸੰਬੰਧੀ ਅਪੀਲ ਅਨੁਸਾਰ ਉਕਤ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਨਿਸ਼ਚਿਤ ਤਾਰੀਖ ਪੇਸ਼ੀ ਜਾਰੀ ਹੋਣ ਦੇ 15 ਦਿਨ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਇਸ ਅਦਾਲਤ ਵਿਖੇ ਹਾਜ਼ਰ ਹੋ ਕਰ ਆਪਣਾ ਪੱਖ ਪੇਸ਼ ਕਰੇ ਅਤੇ ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਸ ਦੇ ਖਿਲਾਫ ਨਿਯਮਾਂ ਅਨੁਸਾਰ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਇਸ 'ਤੇ ਕੋਈ ਗੌਰ ਨਹੀਂ ਹੋਵੇਗੀ।

ਇਸ ਅਦਾਲਤ ਦੀ ਮੋਹਰ ਵਾ ਦਸਤਖਤਾਂ ਹੇਠ ਅੱਜ ਮਿਤੀ 23-9-25 ਨੂੰ ਜਾਰੀ ਕੀਤਾ ਗਿਆ।
(ਪੱਤਰ ਨੰ: 397/ਪੇਸ਼ੀ ਮਿਤੀ 23/9/25) ਸਹੀ/- ਉਪ ਮੰਡਲ ਮੈਜਿਸਟਰੇਟ, ਬੁਢਲਾਡਾ।

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ, ਉੱਤਰ ਰੇਲਵੇ, ਜਲੰਧਰ ਸ਼ਹਿਰ ਹੇਠਾਂ ਲਿਖਤ ਕੰਮ ਦੇ ਲਈ ਸਿੰਗਲ ਪੈਕੇਟ ਸਿਸਟਮ ਦੇ ਤਹਿਤ ਈ-ਨਿਵਿਦਾ ਮੰਗ ਕਰਦੇ ਹਨ:-

| | | |
|---|---|---|
| 1 | ਕੰਮ ਦਾ ਨਾਮ ਤੇ ਸਥਾਨ | ਫਿਰੋਜ਼ਪੁਰ ਮੰਡਲ ਦੇ ਬਧਾਈ ਬਲੱਮਗੜ੍ਹ ਸਟੇਸ਼ਨ ਨੂੰ ਹਾਲਟ ਸਟੇਸ਼ਨ ਤੋਂ ਕ੍ਰਾਸਿੰਗ ਸਟੇਸ਼ਨ ਦੇ ਬਦਲਾਅ ਅਤੇ ਫਰੇਟ ਟਰਮੀਨਲ ਦੇ ਵਿਕਾਸ ਸਮੇਤ ਕੰਮ ਲਈ 25 ਕੇ.ਵੀ.ਈ. ਸਿੰਗਲ ਫੇਜ ਓ. ਐਚ. ਈ. ਦੀ ਡਿਜਾਈਨ, ਸਪਲਾਈ, ਇਰੈਕਸ਼ਨ, ਟੈਸਟਿੰਗ ਤੇ ਕਮਿਸ਼ਨਿੰਗ ਦਾ ਪ੍ਰਾਵਧਾਨ। |
| 2 | ਕੰਮ ਪੂਰਾ ਕਰਨ ਦਾ ਸਮਾਂ | 7 ਮਹੀਨੇ |
| 3 | ਕੰਮ ਦੀ ਅੰਦਾਜ਼ਨ ਲਾਗਤ | ₹ 2,22,30,497.85 |
| 4 | ਬੋਲੀ ਸੁਰੱਖਿਆ ਰਾਸ਼ੀ ਜੋ ਜਮ੍ਹਾ ਕੀਤੀ ਜਾਣੀ ਹੈ | ₹ 2,61,200 /— |
| 5 | ਈ-ਨਿਵਿਦਾ ਜਮ੍ਹਾ ਕਰਨ ਅਤੇ ਈ-ਨਿਵਿਦਾ ਖੁੱਲਣ ਦੀ ਮਿਤੀ ਤੇ ਸਮਾਂ : | ਟੈਂਡਰ ਮਿਤੀ 22.10.2025 ਸਮਾਂ 11.30 ਵਜੇ ਤਕ ਆਈ ਆਰ ਈ ਪੀ ਐਸ ਦੀ ਵੈਬਸਾਈਟ www.ireps.gov.in 'ਤੇ ਅਪਲੋਡ ਕਰ ਸਕਦੇ ਹਨ, ਨਿਵਿਦਾਕਰਤਾਵਾਂ ਈ ਨਿਵਿਦਾ ਵਿਚ ਭਾਗ ਲੈ ਸਕਦੇ ਹਨ। ਨਿਵਿਦਾ ਮਿਤੀ 22.10.2025 ਸਮਾਂ 11:30 ਵਜੇ ਖੋਹਲੀ ਜਾਵੇਗੀ। |
| 6 | ਨਿਵਿਦਾ ਸੂਚਨਾ ਅਤੇ ਨਿਵਿਦਾ ਫਾਰਮ ਦੀ ਜਾਣਕਾਰੀ | ਵਿਸਤ੍ਰਿਤ ਈ-ਟੈਂਡਰ ਸੂਚਨਾ ਉੱਤਰ ਰੇਲਵੇ ਵੈਬਸਾਈਟ www.ireps.gov.in 'ਤੇ ਉਪਲਬਧ ਹੈ ਅਤੇ ਟੈਂਡਰ ਫਾਰਮ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਉਪਰੋਕਤ ਟੈਂਡਰ ਫਾਰਮ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਮਿਤੀ 08.10.2025 ਤੋਂ ਮਿਤੀ 22.10.2025 ਤਕ ਜਮ੍ਹਾ ਕਰਨ ਦੇ ਲਈ ਉਪਲਬਧ ਰਹੇਗਾ। ਟੈਂਡਰਕਰਤਾ ਜੋ ਈ-ਟੈਂਡਰ ਵਿਚ ਭਾਗ ਲੈਣ ਦੇ ਇੱਛੁਕ ਹਨ ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਪਰੋਕਤ ਵੈਬਸਾਈਟ ਤੇ ਆਪਣਾ ਈ-ਰਜਿਸਟਰੇਸ਼ਨ ਕਰਾ ਲੈਣ ਜਿਸ ਦੇ ਲਈ ਉਨ੍ਹਾਂ ਨੂੰ ਕਲਾਸ-III ਡਿਜੀਟਲ ਸਰਟੀਫਿਕੇਟ ਦੀ ਜਰੂਰਤ ਹੋਵੇਗੀ (ਜੇਕਰ ਪਹਿਲਾਂ ਤੋਂ ਉਪਲਬਧ ਨਹੀਂ ਹੈ), ਜੋ ਆਈ ਟੀ ਨਿਯਮ-2000 ਦੇ ਤਹਿਤ ਸੀਸੀਏ ਦੁਆਰਾ ਜਾਰੀ ਕੀਤੀ ਜਾਵੇਗੀ। ਉਪਰੋਕਤ ਟੈਂਡਰ ਦੇ ਹੋਰ ਸਾਰੇ ਨਿਯਮ ਤੇ ਸ਼ਰਤਾਂ ਟੈਂਡਰ ਫਾਰਮ ਵਿਚ ਦਿਤੇ ਗਏ ਹਨ। ਵਿਸਤ੍ਰਿਤ ਟੈਂਡਰ ਸੂਚਨਾ ਉਪਰੋਕਤ ਦਫਤਰ ਦੇ ਸੂਚਨਾ ਪਟ ਤੇ ਵੀ ਦੇਖੀ ਜਾ ਸਕਦੀ ਹੈ। |

ਫਾਰਮ ਨੰ. 17-ਬਿਜਲੀ/ਨਿ/ਟੀ.ਆਰ.ਡੀ./ਜੇਯੂਸੀ/139 — ਮਿਤੀ: 29.09.2025 — 3004/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਦਫਤਰ ਨਗਰ ਸੁਧਾਰ ਟਰੱਸਟ, ਬਟਾਲਾ-143505

### ਜਨਤਕ ਸੂਚਨਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਿਕਾਰਡ ਅਨੁਸਾਰ ਬਣੀ ਹੋਈ ਸ਼ਾਪ ਨੰ: 3 ਰਕਬਾ 20.30 ਵ: ਗਜ ਵਾਕਿਆ ਲੀਕ ਵਾਲਾ ਟੈਂਕ ਸਕੀਮ (ਨਜ਼ੂਲ ਲੈਂਡ) ਬਟਾਲਾ ਦੀ ਮਾਲਕੀ ਸ੍ਰੀ ਚਰਨਜੀਤ ਸਿੰਘ, ਸ੍ਰੀ ਬਲਵੰਤ ਸਿੰਘ ਅਤੇ ਸ੍ਰੀ ਇੰਦਰਜੀਤ ਸਿੰਘ ਪੁੱਤਰਾਨ ਸ੍ਰੀ ਦਰਸ਼ਨ ਸਿੰਘ ਵਾਸੀ ਗਾਂਧੀ ਚੌਂਕ, ਜੀ.ਟੀ. ਰੋਡ, ਬਟਾਲਾ ਦੇ ਨਾਂਅ 'ਤੇ ਹੈ। ਜਿਸ ਦਾ ਬੈਨਾਮਾ ਅਲਾਟੀਆਂ ਨੇ ਆਪਣੇ ਨਾਂਅ 'ਤੇ ਮਿਤੀ 10-07-2001 ਨੂੰ ਚੇਅਰਮੈਨ ਪਾਸੋਂ ਹਸਤਾਖਰ ਕਰਵਾ ਲਿਆ ਸੀ। ਜੋ ਕਿ ਵਸੀਕਾ ਨੰ: 1608 ਮਿਤੀ 10-07-2001 ਜਾਇਦ ਬਹੀ ਨੰ: 1 ਜਿਲਦ ਨੰ: 3080 ਦੇ ਸਫਾ ਨੰ. 56 ਰਾਹੀਂ ਸਬ-ਰਜਿਸਟਰਾਰ ਬਟਾਲਾ ਵਿਖੇ ਦਰਜ ਹੈ।

ਉਕਤ ਅਲਾਟੀਆਂ ਵਿੱਚੋਂ ਸ੍ਰੀ ਇੰਦਰਜੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਦੀ ਮੌਤ ਮਿਤੀ 26/11/2019 ਨੂੰ ਹੋ ਚੁੱਕੀ ਹੈ। ਜਿਸ ਦੇ ਸੰਬੰਧ ਵਿਚ ਇਸ ਦਫਤਰ ਦੇ ਪੱਤਰ ਨੰ: 1332 ਮਿਤੀ 11-09-2025 ਰਾਹੀਂ ਉਪ ਮੰਡਲ ਮੈਜਿਸਟਰੇਟ, ਬਟਾਲਾ ਨੂੰ ਵਾਰਿਸਾਂ ਦਾ ਸਰਟੀਫਿਕੇਟ ਜਾਰੀ ਕਰਨ ਲਈ ਲਿਖਿਆ ਸੀ। ਜਿਸ ਦੇ ਹਵਾਲੇ ਵਿੱਚ ਉੱਪ ਮੰਡਲ ਮੈਜਿਸਟਰੇਟ, ਬਟਾਲਾ ਜੀ ਨੇ ਆਪਣੇ ਪੱਤਰ ਨੰ: 1777-ਡੀ/ਐੱਮ.ਸੀ. ਮਿਤੀ 23-09-2023 ਰਾਹੀਂ ਹੇਠਾਂ ਅਨੁਸਾਰ ਮ੍ਰਿਤਕ ਦੇ ਕੁਦਰਤੀ ਵਾਰਿਸ ਨਿਸ਼ਚਿਤ ਕੀਤੇ ਸਨ:-

| ਲੜੀ ਨੰ: | ਨਾਂਅ | ਰਿਸ਼ਤਾ | ਉਮਰ | ਸ਼ਾਦੀਸ਼ੁਦਾ/ਗੈਰ ਸ਼ਾਦੀਸ਼ੁਦਾ |
|---|---|---|---|---|
| 1. | ਅਮਨਪ੍ਰੀਤ ਕੌਰ | ਪਤਨੀ | 42 | ਵਿਧਵਾ |
| 2. | ਦਮਨਪ੍ਰੀਤ ਕੌਰ | ਪੁੱਤਰੀ | 22 | ਗੈਰ ਸ਼ਾਦੀਸ਼ੁਦਾ |
| 3. | ਮਨਪ੍ਰੀਤ ਸਿੰਘ | ਪੁੱਤਰ | 19 | ਗੈਰ ਸ਼ਾਦੀਸ਼ੁਦਾ |

ਨਗਰ ਸੁਧਾਰ ਟਰੱਸਟ ਬਟਾਲਾ ਵੱਲੋਂ ਉਪਰੋਕਤ ਪ੍ਰਾਪਤ ਹੋਏ ਵਾਰਿਸਾਂ ਦੇ ਨਾਂਅ 'ਤੇ ਬਣੀ ਹੋਈ ਸ਼ਾਪ ਨੰ: 3 ਰਕਬਾ 20.30 ਵ: ਗਜ ਵਾਕਿਆ ਲੀਕ ਵਾਲਾ ਟੈਂਕ ਸਕੀਮ (ਨਜ਼ੂਲ ਲੈਂਡ) ਬਟਾਲਾ ਦੇ ਬਣਦੇ ਹਿੱਸੇ ਦੀ ਮਲਕੀਅਤ ਦਾ ਰਿਕਾਰਡ ਇੰਦਰਾਜ ਟਰੱਸਟ ਰਿਕਾਰਡ ਵਿੱਚ ਦਰਜ ਕਰਨ ਦੀ ਕਾਰਵਾਈ ਕੀਤੀ ਜਾਣੀ ਹੈ। ਜੇਕਰ ਕਿਸੇ ਨੂੰ ਇਹ ਰਿਕਾਰਡ ਇੰਦਰਾਜ਼ ਟਰੱਸਟ ਰਿਕਾਰਡ ਵਿੱਚ ਉਕਤ ਵਾਰਿਸਾਂ ਦੇ ਨਾਵਾਂ 'ਤੇ ਦਰਜ ਕਰਨ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਹ ਜਨਤਕ ਸੂਚਨਾ ਛਾਇਆ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਟਰੱਸਟ ਦਫਤਰ ਵਿਖੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਲਿਖਤੀ ਰੂਪ ਵਿੱਚ ਦੇ ਸਕਦਾ ਹੈ। ਨਿਰਧਾਰਤ ਸਮਾਂ ਖਤਮ ਹੋਣ 'ਤੇ ਪ੍ਰਾਪਤ ਹੋਣ ਵਾਲੇ ਕਿਸੇ ਵੀ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ। ਜੇਕਰ ਕਿਸੇ ਨੇ ਸੰਬੰਧਿਤ ਮਿਸਲ ਵੇਖਣੀ ਹੋਵੇ ਤਾਂ ਉਹ ਵੀ ਦਫਤਰੀ ਸਮੇਂ ਦੌਰਾਨ ਵੇਖ ਸਕਦਾ ਹੈ।

ਸਹੀ/-
ਚੇਅਰਮੈਨ,
ਨਗਰ ਸੁਧਾਰ ਟਰੱਸਟ, ਬਟਾਲਾ।

## punjab national bank
...Together for the better
CIRCLE SASTRA – JALANDHAR
COMPANY BAGH, CIVIL LINE, JALANDHAR

### ਸੋਧ

ਦਾ ਇੰਡੀਅਨ ਐਕਸਪ੍ਰੈੱਸ ਅਤੇ ਰੋਜ਼ਾਨਾ ਨਵਾਂ ਜ਼ਮਾਨਾ 'ਚ 8-09-2025 ਨੂੰ ਪ੍ਰਕਾਸ਼ਤ ਹੋਏ ਸਾਡੇ ਮੈਸਰਜ਼ ਰੈਕਸਨ ਲੈਬਾਰਟ੍ਰੀਜ਼ ਲਿਮਟਿਡ ਦੇ ਈ-ਨਿਲਾਮੀ ਵਿਕਰੀ ਨੋਟਿਸ ਦੇ ਲੜੀ ਨੰ. 4 ਦੇ ਹਵਾਲੇ ਵਜੋਂ 17-10-2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮੀ 4.00 ਵਜੇ ਦਰਮਿਆਨ ਹੋਣ ਵਾਲੀ ਈ-ਨਿਲਾਮੀ ਖਾਤੇ ਨੂੰ ਵਾਪਸ ਲੈ ਲਿਆ ਗਿਆ ਹੈ। ਬਾਕੀ ਸਭ ਕੁਝ ਓਹੀ ਰਹੇਗਾ।
ਅਧਿਕਾਰਤ ਅਫਸਰ

## Public Notice

I, Niranjan Kaur W/o Harjinder Singh R/o Village Sangal Sohal, Po. Mand, Distt. Jalandhar, Punjab declare that my daughter Jyoti is out of my control. I disinherit her from my moveable and immovable properties. I and my family shall not be held responsible for any of her acts, deeds and things.

I, Jaswinder Kaur W/o Surinder Kumar R/o C-68, Village Khera, Po. Jamsher Khas, Distt. Jalandhar, Punjab declare that my son Sandeep Kumar and his wife Sunita Rani are out of my control. I disinherit them from my movable and immovable properties. I and my family members shall not be held responsible for any kind of dealings done with them.

## ਈ-ਨਿਲਾਮੀ ਨੋਟਿਸ (ਹੜ੍ਹ ਪ੍ਰਭਾਵਿਤ ਕੱਪੜਾ ਰੋਲਜ਼ ਅਤੇ ਧਾਗਾ ਸਟਾਕ)

ਇੱਛੁਕ ਖਰੀਦਦਾਰਾਂ ਤੋਂ ਮੈਸਰਜ਼ ਕੁਡੂ ਇੰਡਸਟ੍ਰੀਜ਼ ਲਿਮਟਿਡ ਇਨਸਪੈਕਸ਼ਨ B-XXXII, 1106/2, ਗਾਹਲੇਵਾਲ ਮੋੜ, ਰਾਹੋਂ ਰੋਡ, ਲੁਧਿਆਣਾ ਕੋਲ ਪਏ 'ਹੜ੍ਹ ਪ੍ਰਭਾਵਿਤ ਕੱਪੜਾ ਰੋਲਜ਼ ਅਤੇ ਧਾਗਾ ਦੇ ਸਟਾਕ' ਦੀ ਪ੍ਰਤੀ ਕਿਲੋ ਆਧਾਰ' 'ਤੇ ਖਰੀਦ ਲਈ ਈ-ਨਿਲਾਮੀ 'ਚ ਭਾਗ ਲੈਣ ਲਈ 'ਜਿਵੇਂ ਹੀ ਜਿੱਥੇ ਹੈ' ਦੇ ਆਧਾਰ 'ਤੇ ਫਾਰਮਾਂ ਦੀ ਮੰਗ ਕੀਤੀ ਜਾਂਦੀ ਹੈ। ਪੇਸ਼ਕਸ਼ ਵਸਤਾਂ ਦਾ ਸ੍ਰ. ਕਰਨਪ੍ਰੀਤ ਸਿੰਘ 9814003901 ਤੋਂ ਪਹਿਲਾਂ ਸਹਿਮਤੀ ਲੈ ਕੇ 30/9/2025 ਤੋਂ 6/10/2025 ਦਰਮਿਆਨ ਨਿਰੀਖਣ ਕੀਤਾ ਜਾ ਸਕਦਾ ਹੈ। ਉਕਤ ਈ-ਨਿਲਾਮੀ ਜੋ 7/10/2025 ਨੂੰ ਹੋਣੀ ਹੈ, 'ਚ ਸ਼ਾਮਲ ਹੋਣ ਲਈ ਕ੍ਰਿਪਾ ਕਰਕੇ ਕੁਮਾਰੀ ਸਾਜਿਦਾ ਬੇਗ ਨਾਲ ਮੋਬਾਇਲ 81780-27913, ਸਾਲਵੇਜ਼ ਸੈਟਲਰਜ਼ ਪ੍ਰਾਈਵੇਟ ਲਿਮਟਿਡ (ਨਿਲਾਮੀ ਕਰਤਾ) ਐੱਫ ਐੱਫ 20 ਅਤੇ 22, ਪਰਲ ਓ ਮੈਕਸ, ਨੇਤਾ ਜੀ ਸੁਭਾਸ਼ ਪਲੇਸ, ਪੀਤਮਪੁਰਾ, ਨਵੀਂ ਦਿੱਲੀ-110034 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਵੈੱਬਸਾਈਟ www.SalvageSettlers.com ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
ਈ-ਨੀਲਾਮੀ ਫਾਰਮ ਨੂੰ ਜਮ੍ਹਾਂ ਕਰਨ ਦੀ ਅੰਤਮ ਮਿਤੀ 7/10/2025 ਦੁਪਹਿਰ 12.00 ਵਜੇ ਤੋਂ ਪਹਿਲਾਂ।

## PUBLIC NOTICE

Mr. Rai Baljinder S/O Mohan Lal having Indian Passport No.Y6910857 Resident of.Vill Sheha Mazara PO. Rahon SBS Nagar .144517 Punjab India. Present Address. VIA POZZORO-MOLO 10.CARBONA DI NOLA (NA) ITALY

And

Miss. Amandeep Kaur D/O Mohinder Pal Having Indian Passport No. RO746306, Resident of VPO Ladhana Jhikka,SBS Nagar-144510 Punjab.India. Present Address.Via Pozzoromolo 10. Carbona Di Nola (Na) Italy.

Above Mentioned Indian National are Presently residence in the Italy have given notice Notice of intended Marriage between each other Indian Marriage Act. The Same with the undersigned according to the procedure. The Indian Embassy Rome Itly

Adress:- VIA SICILIA 136ROME, PH+39064884642 With Thirty Days.

If some one have issue with this marriage Please contect Indian Embassy above details from the date publication of this notice.

## Court Notice

(U/o 5 Rule 20 CPC)
In the Court of
**Ms. Harshdeep Kaur**
Civil Judge Junior Division-3 , Nabha
CNR No. PBPTB0-000365-2025
Next Date :- 24-10-2025
Harsh Dalla
vs
Sinder Kaur
Publication Issued To :
Sinder Kaur, Spouse : Balbir Singh R/o Golden City Nabha
Now Residing at House of Harsh Dalla W/o Late Bharat Kumar R/o 68-A, Bhan Colony, Century Enclave Nabha, Distt. Patiala

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 24-10-2025 at 10:00 A.M.

For details logon to https://highcourtchd.gov.in/?mod=district_notice&district= Patiala

Civil Judge Junior Division-3, Nabha
Dated this day of 24-09-2025

## Court Notice

(U/o 5 Rule 20 CPC)
In the Court of
**Ms. Monika Chouhan**
Additional Civil Judge (Senior Division) Tarn Taran

Next Date, Purpose of Case, Orders and Judgments as well as other Case information is available on http://ecourts.gov.in

CNR No. PBTTB0-000344-2024
Next Date :- 16-10-2025
Tarlok Singh
Vs
Harbhajan Singh
Publication Issued to : 1. Ramesh Kumar S/o Bhatuti Parshad 2. Robin Singh S/o Kuldeep Singh Both R/o Sant Chanan Singh Colony Sultanwind Road, Tehsil and Distt. Amritsar.

Whereas it has been proved to the satisfaction of court that you the defendant(s) respondent(s) above named cannot be served in the ordinary way of service. Hence this proclamation under order 5 Rule 20 CPC is hereby issued against him/them and should appear Personally or through their counsel on 16-10-2025 at 10.00 A.M.

Take notice that, in default of his/their appearance on the day before mentioned, the above said case will be heard and determined in his/their absence according to Law.

Given under my hand and the seal of the court, this 29-09-2025

Additional Civil Judge (Senior Division) Tarn Taran

# ਦਿਲ ਦੀ ਤੰਦਰੁਸਤੀ ਲਈ ਜਾਣਕਾਰੀ ਭਰਪੂਰ ਸੈਮੀਨਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਚੀਫ਼ ਖ਼ਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ ਵੱਲੋਂ ਵਿਸ਼ਵ ਦਿਲ ਦਿਵਸ ਮੌਕੇ ਦੀਵਾਨ ਕੈਂਪਸ ਵਿਖੇ ਜਾਣਕਾਰੀ ਭਰਪੂਰ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਕਾਲਜ ਅਧਿਆਪਕਾਂ ਅਤੇ ਲੋਕਾਂ ਵਿਚ ਦਿਲ ਦੀ ਸਿਹਤ, ਇਸ ਸਬੰਧੀ ਬਿਮਾਰੀਆਂ, ਉਨ੍ਹਾਂ ਦੇ ਕਾਰਨਾਂ, ਸ਼ੁਰੂਆਤੀ ਲੱਛਣਾਂ ਅਤੇ ਰੋਕਥਾਮ ਸਬੰਧੀ ਜਾਗਰੂਕਤਾ ਪੈਦਾ ਕਰਨਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਮੂਲ ਮੰਤਰ ਦੇ ਪਾਠ ਨਾਲ ਕਰਨ ਉਪਰੰਤ ਕਾਲਜ ਪ੍ਰਿੰਸੀਪਲ ਡਾ. ਯਸ਼ਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਕਿਹਾ ਕਿ ਵਰਲਡ ਹੈਲਥ ਆਰਗੇਨਾਈਜੇਸ਼ਨ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਸਿਹਤ ਸਬੰਧੀ ਜਾਣਕਾਰੀ ਪਹੁੰਚਾਉਣ ਲਈ ਅਧਿਆਪਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਸ ਉਪਰੰਤ ਕਾਲਜ ਦੇ ਚੇਅਰਮੈਨ ਡਾ. ਆਤਮਜੀਤ ਸਿੰਘ ਬਸਰਾ ਨੇ ਕਿਹਾ ਕਿ ਹਾਰਟ ਅਟੈਕ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਇਕ ਗੰਭੀਰ ਸਿਹਤ ਸੰਕਟ ਬਣ ਕੇ ਉੱਭਰ ਰਿਹਾ ਹੈ ਅਤੇ ਸਮੇਂ ਰਹਿੰਦੇ ਇਸ ਪ੍ਰਤੀ ਜਾਗਰੂਕਤਾ, ਨਿਯਮਿਤ ਜਾਂਚ, ਜੀਵਨਸ਼ੈਲੀ ਵਿਚ ਸੁਧਾਰ ਅਤੇ ਸਮੇਂ ਸਿਰ ਕੀਤੀ ਰੋਕਥਾਮ ਨਾਲ ਕਈ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ।ਇਸ ਮੌਕੇ ਪ੍ਰੋ. ਡਾ. ਭਾਵਨਾ ਗੁਪਤਾ ਨੇ ਦੱਸਿਆ ਕਿ ਦਿਲ ਦੀ ਬਿਮਾਰੀ ਦੇ ਸ਼ੁਰੂਆਤੀ ਸਕਰੀਨਿੰਗ ਟੈਸਟ ਕਰਵਾ ਕੇ ਇਸ ਬਿਮਾਰੀ ਦੇ ਖਤਰੇ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।ਉਨ੍ਹਾਂ ਹਾਰਟ ਅਟੈਕ ਦੇ ਮੁੱਖ ਲੱਛਣ ਛਾਤੀ ਵਿਚ ਦਰਦ, ਸਾਹ ਲੈਣ ਵਿਚ ਤਕਲੀਫ, ਬਾਹਾਂ ਤੇ ਗਰਦਨ



ਵਿਚ ਦਰਦ, ਬਹੁਤ ਪਸੀਨਾ ਆਉਣਾ ਅਤੇ ਬੈਚੇਨੀ ਆਦਿ ਹੋਣਾ ਦੱਸੇ।ਸਿਗਰਟ ਪੀਣਾ, ਡੱਬਾ ਬੰਦ ਭੋਜਨ, ਵਰਜਿਸ਼ ਦੀ ਕਮੀ, ਤਣਾਅ, ਸ਼ੂਗਰ, ਹਾਈ ਕੋਲੈਸਟਰਾਲ, ਉਮਰ ਦਾ ਵਧਣਾ, ਮੋਟਾਪਾ ਹਾਰਟ ਅਟੈਕ ਦੇ ਮੁੱਖ ਕਾਰਨ ਹਨ।ਸੈਮੀਨਾਰ ਦੌਰਾਨ ਹਾਰਟ ਅਟੈਕ ਤੋ ਬਾਅਦ ਦੀ ਦੇਖਭਾਲ ਅਤੇ ਸਿਹਤਮੰਦ ਜੀਵਨ ਸ਼ੈਲੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ ਜਿਵੇਂ ਕਿ ਤਾਜ਼ੀਆਂ ਸਬਜ਼ੀਆਂ, ਫਲ, ਸਾਬਤ ਅਨਾਜਾਂ ਦੀ ਵਰਤੋਂ, ਯੋਗਾ ਅਤੇ ਮੈਡੀਟੇਸ਼ਨ ਰਾਹੀਂ ਮਨ ਸ਼ਾਂਤ ਰੱਖਣਾ, ਸਮਾਜਿਕ ਰਿਸ਼ਤੇ ਮਜ਼ਬੂਤ ਅਤੇ ਪਰਿਵਾਰ ਨਾਲ ਸਮਾਂ ਬਤੀਤ ਕਰਨਾ ਜੋ ਕਿ ਦਿਲ ਦੀ ਬਿਮਾਰੀ ਦੇ ਵਿਰੁੱਧ ਸਭ ਤੋ ਵੱਡਾ ਮਜ਼ਬੂਤ ਕਦਮ ਹੈ।ਅੰਤ ਸੈਮੀਨਾਰ ਦੇ ਮੁੱਖ ਵਕਤਾ ਡਾ. ਭਾਵਨਾ ਗੁਪਤਾ ਨੂੰ ਦੀਵਾਨ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ।

# ਈ ਟੀ ਟੀ 2364 ਬੇਰੁਜ਼ਗਾਰ ਅਧਿਆਪਕਾਂ ਦੀ ਮੀਟਿੰਗ

ਜਲਾਲਾਬਾਦ (ਜੀਤ ਕੁਮਾਰ)-ਈ.ਟੀ.ਟੀ 2364 ਬੇਰੁਜ਼ਗਾਰ ਅਧਿਆਪਕਾਂ ਦੀ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਈ.ਟੀ.ਟੀ 2364 ਭਰਤੀ ਦੀ ਦੂਜੀ ਲਿਸਟ ਅਤੇ ਪੋਸਟਾਂ ਡੀ ਰਿਜ਼ਰਵ ਨੂੰ ਲੈ ਕੇ ਮੀਟਿੰਗ ਕੀਤੀ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਦੂਜੀ ਲਿਸਟ ਵਾਲੇ ਸਕਰੂਟਨੀ ਕਰਵਾ ਚੁੱਕੇ ਬੇਰੁਜ਼ਗਾਰ ਅਧਿਆਪਕ ਹਾਜ਼ਰ ਹੋਏ। ਮੀਟਿੰਗ ਦੀ ਅਗਵਾਈ ਮਦਨ ਸਿੰਘ ਕਚੂਰਾ, ਮਲਕੀਤ ਸਿੰਘ ਕਾਠਗੜ੍ਹ, ਲਖਵਿੰਦਰ ਸਿੰਘ, ਸੁਖਦੇਵ ਸਿੰਘ, ਚੰਦ ਸਿੰਘ, ਰਣਜੀਤ ਸੰਗਰੂਰ, ਲਖਵਿੰਦਰ ਮਾਨਸਾ, ਮਲਕੀਤ ਸਿੰਘ, ਪਰਮਜੀਤ ਫਾਜ਼ਿਲਕਾ ਨੇ ਕੀਤੀ। ਮੀਟਿੰਗ ਵਿੱਚ ਵਿੱਚ ਈ ਟੀ ਟੀ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਗਸੀਰ ਸਿੰਘ ਸਹੋਤਾ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ, ਰਣਜੀਤ ਸਿੰਘ ਭਲਾਈਆਣਾ ਮਾਲਵਾ ਜ਼ੋਨ ਪ੍ਰਧਾਨ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਮੀਟਿੰਗ ਹਾਜ਼ਰੀ ਲਗਵਾਈ। ਬੇਰੁਜ਼ਗਾਰ ਅਧਿਆਪਕਾਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਡੰਗ ਟਪਾਊ ਨੀਤੀ ਅਪਣਾ ਕੇ ਸਮਾਂ ਕੱਢ ਰਹੀ ਹੈ। ਈ.ਟੀ.ਟੀ 2364 ਪਹਿਲੀ ਲਿਸਟ ਵਾਲੇ ਅਧਿਆਪਕਾਂ ਨੂੰ ਜੁਆਇਨ ਕੀਤੇ ਲਗਭਗ ਸਾਲ ਦੇ ਕਰੀਬ ਹੋਣ ਵਾਲਾ ਹੈ। ਅਜੇ ਤੱਕ ਦੂਜੀ ਲਿਸਟ ਅਤੇ ਉਸ ਤੋਂ ਬਾਅਦ ਡੀ ਰਿਜ਼ਰਵ ਪੋਸਟਾਂ ਕਰਨ ਵਿੱਚ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨਾਕਾਮ ਰਹੀ ਹੈ। ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵਿੱਚ ਯੂਨੀਅਨ ਨੂੰ ਹਮੇਸ਼ਾ



ਲਾਰਾ ਹੀ ਮਿਲਿਆ ਹੈ। ਬੇਰੁਜ਼ਗਾਰ ਅਧਿਆਪਕ ਸਰਕਾਰ ਅਤੇ ਸਿੱਖਿਆ ਵਿਭਾਗ ਤੋਂ ਖ਼ਫ਼ਾ ਹੁੰਦੇ ਹੋਏ ਕੇਡਰ ਨੂੰ ਲਾਮਬੰਦ ਕਰਕੇ ਵੱਡੇ ਪੱਧਰ 'ਤੇ ਆਉਣ ਵਾਲੇ ਦਿਨਾਂ ਵਿੱਚ ਭਰਤੀ ਨੂੰ ਪੂਰਾ ਕਰਵਾਉਣ ਲਈ ਡੀ.ਪੀ.ਆਈ ਦਫਤਰ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਸੁਖਦੇਵ ਸਿੰਘ, ਚੰਦ ਸਿੰਘ, ਮਦਨ ਕਚੂਰਾ, ਰਣਜੀਤ ਸੰਗਰੂਰ, ਲਖਵਿੰਦਰ ਮਾਨਸਾ, ਮਲਕੀਤ ਸਿੰਘ, ਪਰਮਜੀਤ ਫਾਜ਼ਿਲਕਾ, ਗੁਰਪ੍ਰੀਤ ਕੌਰ ਮੁਕਤਸਰ, ਜੋਗਿੰਦਰ ਸਿੰਘ ਲਮੋਚੜ, ਹੰਸਰਾਜ ਗੁਮਾਨੀ ਵਾਲਾ, ਜੋਗਿੰਦਰ ਸਿੰਘ ਫਲੀਆਂਵਾਲਾ, ਜਸਵਿੰਦਰ ਸਿੰਘ, ਅਮਨਦੀਪ ਕੌਰ, ਕਰਮਜੀਤ ਕੌਰ, ਸ਼ਿੰਦਰਪਾਲ ਕੌਰ, ਕਿਰਨਜੀਤ ਕੌਰ, ਪਰਮਜੀਤ ਕੌਰ ਆਦਿ ਮੌਜੂਦ ਸਨ।

# ਕਲਾਸੀਫਾਈਡ ਇਸ਼ਤਿਹਾਰ

## Lost & Found

It is notified for the information that my the lost transfer deed dated 02-01-2018 having document No. 4894 executed by Sheela Devi D/o Sadhu Ram S/o Sonu residence of Janial, Sub Tehsil Bamial, in favour of Anju Bala D/o Sheela Devi D/o Sadhu Ram residence of Gadra Lahri-The loss of transfer deed to property measuring 11 marla, Khasra No. 144 Kul Rakba 1 Kanal 2 Marle, Hadbast No. 145, Tehsil Pathankot, Jamabandi Year 2010-11 actually lost at near bus stand date of lost 16-07-2025, date of report 26-09-2025, PSOC Taragarh, Pathankot, L.R.No. 633516/2025, If anybody found below address Sanjeev Kumar S/o Bishan R/o Baknaur, Pathankot, Mobile No. 98774-97170

## ਆਮ ਸੂਚਨਾ

ਮੈਂ, ਰਾਮ ਲਾਲ ਪੁੱਤਰ ਰਤਨ ਚੰਦ ਵਾਸੀ ਸੂਚੀ ਪਿੰਡ, ਡਾਕਖਾਨਾ ਚੁਗਿਟੀ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਕਮਲ ਕੁਮਾਰ ਅਤੇ ਲੜਕੀਆਂ ਨੀਲਮ ਅਤੇ ਪ੍ਰੀਆ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 31-08-2024 ਨੂੰ ਅਖ਼ਬਾਰ ਨਵਾਂ ਜ਼ਮਾਨਾ ਰਾਹੀਂ ਬੇਦਖ਼ਲ ਕੀਤਾ ਸੀ। ਹੁਣ ਮੇਰਾ ਲੜਕਾ ਕਮਲ ਕੁਮਾਰ ਅਤੇ ਲੜਕੀਆਂ ਨੀਲਮ ਅਤੇ ਪ੍ਰੀਆ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ, ਮਨਜੀਤ ਕੌਰ ਪਤਨੀ ਮੰਗਲ ਸਿੰਘ ਵਾਸੀ ਪਿੰਡ ਪਰਮਜੀਤਪੁਰ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਪੁੱਤਰ ਮੰਗਲ ਸਿੰਘ, ਜੋ ਮੇਰੇ ਕਹਿਣੇਕਾਰ ਤੋਂ ਬਾਹਰ ਸੀ, ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਪੁੱਤਰ ਜਸਕਰਨ ਸਿੰਘ ਮੇਰੇ ਕਹਿਣੇਕਾਰ ਹੈ। ਮੈਂ ਬੇਦਖਲੀ ਵਾਪਸ ਲੈਂਦੀ ਹੈ।

## ਬੇਦਖਲੀ ਨੋਟਿਸ

ਮੈਂ, ਬਲਵੀਰ ਕੌਰ ਪਤਨੀ ਤਰਸੇਮ ਸਿੰਘ ਵਾਸੀ ਪਿੰਡ ਰੋੜ ਮਜਾਰਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਵਾ ਮੇਰੀ ਨੂੰਹ ਮਮਤਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਲਖਬੀਰ ਸਿੰਘ ਪੁੱਤਰ ਗਰੀਬ ਸਿੰਘ ਵਾਸੀ ਪਿੰਡ ਜੱਲੂਵਾਲ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਜੀਤ ਸਿੰਘ ਉਰਫ ਹੈਰੀ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਬੂਟਾ ਸਿੰਘ ਪੁੱਤਰ ਰੇਸ਼ਮ ਸਿੰਘ, ਸੋਨੀਆ ਪਤਨੀ ਬੂਟਾ ਸਿੰਘ ਵਾਸੀਆਨ ਪਿੰਡ ਮੁਹੱਬਲੀਪੁਰ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਅਰਮਾਨ ਗਿੱਲ ਸਾਡੇ ਕਹਿਣੇਕਾਰ ਤੋਂ ਬਾਹਰ ਹੈ। ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਨਥੂ ਰਾਮ ਪੁੱਤਰ ਗਿਆਨ ਚੰਦ ਅਤੇ ਪਰਮਜੀਤ ਪਤਨੀ ਨਥੂ ਰਾਮ ਵਾਸੀ ਪਿੰਡ ਲਲਵੰਡੀ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡਾ ਵੱਡਾ ਲੜਕਾ ਕੁਲਵਿੰਦਰ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਉਸ ਨੂੰ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਰਮਾ ਰਾਣੀ ਪਤਨੀ ਲੇਟ ਸਰੂਪ ਕਿਸ਼ਨ ਵਾਸੀ ਪਿੰਡ ਥਾਣੇਵਾਲ, ਡਾ: ਬੋਹੜਾਲੀ, ਤਹਿ. ਵਾ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰੇ ਲੜਕੇ ਰਜਨੀਸ਼ ਕੁਮਾਰ ਅਤੇ ਇਸ ਦੀ ਪਤਨੀ ਪ੍ਰੀਤੀ ਅਤੇ ਰੋਹਿਤ ਕੁਮਾਰ ਅਤੇ ਇਸ ਦੀ ਪਤਨੀ ਰਮਨ ਕੁਮਾਰੀ ਅਤੇ ਇਨ੍ਹਾਂ ਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਹਰ ਤਰ੍ਹਾਂ ਦੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਪਾਲ ਸਿੰਘ ਪੁੱਤਰ ਚਰਨ ਸਿੰਘ ਵਾਸੀ 438/39 ਜਵਾਲਾ ਜੀ ਨਗਰ, ਅੰਤਰਯਾਮੀ ਕਲੋਨੀ, ਬਾਹਰਵਾਰ ਚਾਟੀਵਿੰਡ ਗੇਟ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਾਣਕ ਸਹਿਦੇਵ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਦੇਵ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਰੱਖ ਸ਼ੀਤਾ, ਰਾਜੇਵਾਲ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਜੁਗਰਾਜ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ। ਮੈਂ ਆਪਣੇ ਭਰਾ ਜੁਗਰਾਜ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੰਦਾ ਪਤਨੀ ਸਵਰਗਵਾਸੀ ਰਹਿਮਤ ਅਲੀ ਵਾਸੀ ਪਿੰਡ ਤੇ ਡਾਕਖਾਨਾ ਸੁਦਾਨਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਬੀਰਦੀਨ ਅਤੇ ਉਸ ਦੀ ਪਤਨੀ ਸਲਮਾਂ ਸੁਲਤਾਨ ਅਤੇ ਇਨ੍ਹਾਂ ਦਾ ਲੜਕਾ ਸਮਰ ਅਲੀ ਅਤੇ ਲੜਕੀ ਜੰਨਤ ਖਾਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਰਿਹਾ। ਸਬੰਧਤ ਨੋਟ ਕਰਨ।

ਮੈਂ, ਸੁਰਿੰਦਰ ਪਾਲ ਸਿੰਘ ਪੁੱਤਰ ਮਹਿੰਗਾ ਰਾਮ ਵਾਸੀ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜੀਤ ਸਿੰਘ ਵਾ ਮੇਰੀ ਨੂੰਹ ਚਾਂਦਨੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਅਮਰਜੀਤ ਕੌਰ ਵਿਧਵਾ ਗੁਰਪਾਲ ਸਿੰਘ ਵਾਸੀ ਦੁੱਬਲੀ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ।ਮੇਰਾ ਲੜਕਾ ਜੋਬਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਜੀਤ ਪੁੱਤਰ ਸ੍ਰੀ ਹਰਿ ਰਾਮ ਵਾਸੀ ਪਿੰਡ ਟਾਂਡੀ ਡਾਕਖਾਨਾ ਲੜੋਆ ਜ਼ਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਕੁਲਦੀਪ ਕੁਮਾਰ ਅਤੇ ਉਸਦੀ ਪਤਨੀ ਬਲਜਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਣੀ ਪਤਨੀ ਬਿੱਲੂ ਵਾਸੀ ਪਿੰਡ ਬਸਰਾਮਪੁਰ, ਡਾਕਖਾਨਾ ਪੱਤੜ ਕਲਾਂ ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਕਰਨ ਅਤੇ ਉਸ ਦੀ ਪਤਨੀ ਕਾਜਲ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਪੁੱਤਰ ਕਰਨ ਅਤੇ ਉਸ ਦੀ ਪਤਨੀ ਕਾਜਲ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸਤਪਾਲ ਸਿੰਘ ਪੁੱਤਰ ਸ੍ਰੀ ਜਗਨ ਨਾਥ ਵਾਸੀ ਵਾਰਡ ਨੰਬਰ 05 ਅਜੀਤ ਨਗਰ ਮੋਗਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕ੍ਰਿਸ਼ਨ ਸਿੰਘ ਅਤੇ ਨੂੰਹ ਪਵਿੱਤਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਕ੍ਰਿਸ਼ਨ ਸਿੰਘ ਅਤੇ ਨੂੰਹ ਪਵਿੱਤਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਰਜਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ ਵਾਸੀ 170, ਹਰਕ੍ਰਿਸ਼ਨ ਨਗਰ, ਛੇਹਰਟਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੈਂ ਮੇਰੇ ਬੇਟੇ ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਮੇਰੀ ਬੇਟੀ ਗੁਰਮੀਤ ਕੌਰ, ਮੇਰੀ ਪਤਨੀ ਸ਼ਰਨਜੀਤ ਕੌਰ ਜੋ ਕਿ ਮੇਰੇ ਤੋਂ ਵੱਖ ਰਹਿੰਦੇ ਹਨ, ਅਤੇ ਮੇਰੀ ਕੋਈ ਗੱਲ ਨਹੀਂ ਮੰਨਦੇ ਅਤੇ ਮੇਰਾ ਹੁਣ ਉਨਾ ਦੇ ਨਾਲ ਕੋਈ ਲੈਣ ਦੇਣ ਨਹੀਂ ਹੈ, ਉਨ੍ਹਾਂ ਦੇ ਚੰਗੇ ਮਾੜੇ ਕੰਮ, ਲੈਣ ਦੇਣ, ਨਫੇ ਨੁਕਸਾਨ, ਲੜਾਈ ਝਗੜੇ ਦੇ ਲਈ ਮੈਂ ਜ਼ਿੰਮੇਵਾਰ ਨਹੀਂ ਹੋਵਾਂਗਾ। ਉਹ ਹਰ ਤਰਾ ਦੀ ਅਣਸੁਖਾਵੀਂ ਘਟਨਾ ਦੇ ਆਪ ਜ਼ਿੰਮੇਵਾਰ ਹੋਣਗੇ।

ਮੈਂ, ਸੁਰਿੰਦਰ ਪਾਲ ਸਿੰਘ ਪੁੱਤਰ ਨਸੀਬ ਚੰਦ ਵਾਸੀ ਪਿੰਡ ਤੇ ਡਾਕਖਾਨਾ ਬੋੜਾ ਕਲਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਬਿਆਨ ਕਰਦਾ ਹਾਂ ਕਿ ਮੇਰੀਨੂੰਹ "ਅਲਕਾ ਸ਼ਰਮਾ" ਪਤਨੀ ਰਣਜੀਤ ਸਿੰਘ ਢੰਡਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਰਿਹਾ ਹੈ ਜੇਕਰ ਕੋਈ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਸ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ ਸਾਰੇ ਸਬੰਧਤ ਨੋਟ ਕਰਨ।

ਮੈਂ ਪ੍ਰਦੀਪ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਰਈਆ, ਤਹਿਸੀਲ ਬਾਬਾ ਬਕਾਲਾ ਜ਼ਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਅਤੇ ਉਸਦੀ ਪਤਨੀ ਗੀਤਿਕਾ ਸ਼ਰਮਾ ਨੂੰ ਕਹਿਣੇ ਕੰਟਰੋਲ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨਾਂ ਦੋਵਾਂ ਨਾਲ ਲੈਣਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ।

ਮੈਂ ਯੂਸਫ਼ ਅਜ਼ਾਦ ਪੁਤਰ ਲੇਟ ਸ੍ਰੀ ਐਚ ਬਲਨਗਰ ਵਾਸੀ ਪਿੰਡ ਤੇ ਡਾਕਖਾਨਾ ਪੰਜਗਰਾਈਆਂ, ਮੈਂ ਆਪਣੇ ਲੜਕੇ ਰਜ਼ੇਸ਼ ਕੁਮਾਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇ ਵਿਚ ਹੈ। ਮੈਂ ਇਸ ਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ।ਹੁਣ ਇਹ ਮੇਰੀ ਜਾਇਦਾਦ ਦਾ ਹੱਕਦਾਰ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ, ਕਮਲਜੀਤ ਸਿੰਘ ਪੁੱਤਰ ਨਿਰੰਜਨ ਸਿੰਘ ਅਤੇ ਦਲਜੀਤ ਕੌਰ ਪਤਨੀ ਕਮਲਜੀਤ ਸਿੰਘ ਦੋਨੋਂ ਵਾਸੀ ਮਕਾਨ ਨੰ. 360/8, ਅਵਤਾਰ ਨਗਰ, ਜਲੰਧਰ ਸ਼ਹਿਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਰਾਜਬੀਰ ਕੌਰ ਉਰਫ ਰਜਨੀ ਬਾਲਾ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸੁਰਿੰਦਰ ਸਿੰਘ ਪੁੱਤਰ ਸ. ਪ੍ਰਕਾਸ਼ ਸਿੰਘ ਅਤੇ ਸਤੇਸ਼ ਪਤਨੀ ਸੁਰਿੰਦਰ ਸਿੰਘ ਵਾਸੀਆਨ ਮਕਾਨ ਨੰ. 162, ਗਲੀ ਨੰ. 2, ਮੁਹੱਲਾ ਨਿਊ ਰਵੀਦਾਸ ਨਗਰ, ਮਕਸੂਦਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਅਨੂੰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਪਰਵਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਗਲੀ ਨੰ. 2, ਕਬੀਰ ਵਿਹਾਰ, ਬਸਤੀ ਬਾਵਾ ਖੇਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਤਮੰਨਾ ਪਤਨੀ ਪਵਨ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਿੰਦੋ ਪਤਨੀ ਸੁੱਚ ਰਾਮ ਵਾਸੀ ਪਿੰਡ ਕਾਲੇਵਾਲ (ਲੱਲੀਆਂ), ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਮੇਸ਼ ਕੁਮਾਰ ਉਰਫ ਬਿੱਲਾ ਅਤੇ ਉਸਦੀ ਪਤਨੀ ਸ੍ਰੀਮਤੀ ਸੰਦੀਪ ਕੌਰ ਉਰਫ ਨੀਨਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਵਿਨੋਦ ਕੁਮਾਰ ਪੁੱਤਰ ਸ੍ਰੀ ਰਾਮ ਸਰੂਪ ਵਾ ਰਮਾ ਸ਼ਰਮਾ ਪਤਨੀ ਸ੍ਰੀ ਵਿਨੋਦ ਕੁਮਾਰ ਵਾਸੀਆਨ ਮਕਾਨ ਨੰ: 211, ਏਕਤਾ ਨਗਰ, ਫੇਜ਼-1, ਰਾਮਾ ਮੰਡੀ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਡਿੰਪਲ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Change Of Name

I, Jasvir Kumar s/o Harmesh Lal r/o 415, Chandan Nagar, Kartarpur, Jalandhar declare that my Given name as Jasvir & Surname as Kumar. All Please Note. (R)

I, Vishal Kanojia s/o Ashok Kumar r/o H.No.1735, Ward No. 8, Adampur Doaba, Ps Adampur, Jalandhar have changed my name to Vishal. All Please Note.

I, Balbir Kaur w/o Harbans Lal r/o VPO. Mehsampur, Teh. Phillaur, Distt. Jalandhar have changed the spelling of my name to Balvir Kaur. All Please Note.

I, Charu d/o Manoj Kumar Trehan r/o H.No. 182, BSF Colony, Jalandhar have changed my name from Charu to Charu Trehan. All Please Note.

I, Lakha Singh s/o Veer Singh r/o VPO. Habibwal, Tesil Bholath, Distt. Kapurthala have changed my name to Given name as Lakha & Surname as Singh. All Please Note.

I, Sonia @ Gurinder Kaur w/o Rishi Raj r/o H.No. 87, Mohalla No. 30, Jalandhar Cantt, Jalandhar, Punjab have changed my name as Gurinder Kaur. All Please Note.

I, Kamaljit Kaur alias Karamjit Kaur w/o Amrik Singh r/o Village Pharwala, Distt. Jalandhar have changed my name to Karamjit Kaur. All Please Note.

I, Jasbir Kaur w/o Surinder Singh r/o VPO. Nijran, Distt. Jalandhar, Punjab have changed the spellings of my name to Jasvir Kaur. All Please Note.

I, hitherto Known as DEEPKA Daughter of BUDH LAL residing at VPO. Beas Pind, Distt. Jalandhar-144302, Punjab, India have changed my name and shall hereafter be known as DEEPKA MADHAR.

I, hitherto known as Sarabjeet Kaur W/o Santosh Ghai R/o H.No. 05, Cheema Marble, Village Dhina, Po.Jalandhar Cantt, Jalandhar, Punjab-144005 have changed my name and shall hereafter be known as Sarbjit Kaur.

I, Anmol S/o Ved Parkash R/o H.No. 122/5, Krishna Nagar, Near MGN School, Jalandhar, Punjab have changed my name from Anmol to Anmol Arora. (Arora as surname) All Please Note.

I, Sachin Kumar S/o Gian Chand R/o H.No. 4631, Mohalla Palam Vihar, Ward No. 9, Nakodar, Jalandhar, Punjab have changed my name to Given name as Sachin & Surname as Kumar. All Please Note.

I, Sukhwinder Singh S/o Gian Singh R/o Vill. Chaharke, Po. Loharan, Distt. Jalandhar, Punjab have changed my name to Given name as Sukhwinder & Surname as Singh. All Please Note.

I, Ravinder Singh S/o Amarjit Singh R/o VPO. Soos, Distt. Hoshiarpur, Punjab have changed my name to Given name as Ravinder & Surname as Singh. All Please Note.

I, Jagdish Singh S/o Balkar Singh R/o Vill. Aima, Po. Bhullar, Teh. Batala, Distt. Gurdaspur, Punjab have changed my name from Jagdish Singh to Given Name as Jagdish & Surname as Singh.

I, Kulvir Singh S/o Mahinder Singh R/o Village Bihran, PO. Pakhowal, Tehsil Garhshankar, District Hoshiarpur, Pin-144528, Punjab, India have changed the name of my minor son from Agampreet Singh to Given Name as Agampreet & Surname as Singh. Please Note.

I, Prabhjit Singh S/o Amarjit Singh R/o 281 Leather Complex Road, Raja Garden, Jalandhar , Punjab have changed my name from Prabhjit Singh to Singh Prabhjit, in which given name Prabhjit and Singh is my surname . All concerned please note.

I, Simarjot Singh S/o Prabhjit Singh R/o 281 Raja Garden, Leather Complex Road, Jalandhar, Punjab have changed my name from Simarjot Singh to Singh Simarjot, in which given name Simarjot and Singh is my surname . All concerned please note.

I, Darshna Devi W/o Mangat Ram R/o Near Dahga Factory, Ward No. 13, VPO Tanda, Urmar Distt. Hoshiarpur Punjab have changed my name from Darshna Devi to Darshna Rani. Concerned note.

I Harsimran Singh Alias Sandeep Singh S/O Harjinder Singh R/O L12/1779, Hno4, Sant Chanan Singh Colony Amritsar Have Changed My Name From Harsimran Singh Alias Sandeep Singh To Harsimran Singh. All Concerned May Please Note

# ਸੰਤ ਕਬੀਰ ਸਕੂਲ ਦੇ 7 ਵਿਦਿਆਰਥੀ ਸਟੇਟ ਪੱਧਰ ਲਈ ਚੁਣੇ



ਜ਼ਿਲ੍ਹਾ ਪੱਧਰੀ ਮੁਕਾਬਲੇ 'ਚੋਂ ਵੱਖ ਵੱਖ ਮੈਡਲ ਪ੍ਰਾਪਤ ਕਰਨ ਵਾਲੇ ਸੰਤ ਕਬੀਰ ਸਕੂਲ ਦੇ ਵਿਦਿਆਰਥੀ।

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)- 69ਵੀਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ 7 ਵਿਦਿਆਰਥੀ ਸਟੇਟ ਪੱਧਰ ਲਈ ਚੁਣੇ ਗਏ। ਇਨ੍ਹਾਂ ਵਿਦਿਆਰਥੀਆਂ ਨੇ ਇਸ ਤੋਂ ਪਹਿਲਾਂ ਹੋਈਆਂ ਜ਼ੋਨਲ ਪੱਧਰ ਦੀਆਂ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ 100 ਤੋਂ ਵੱਧ ਮੈਡਲ ਪ੍ਰਾਪਤ ਕੀਤੇ।

ਜ਼ਿਲ੍ਹਾ ਪੱਧਰੀ ਮੁਕਾਬਲੇ ਦੇ ਨਤੀਜਿਆਂ 'ਚੋਂ ਗ੍ਰੀਕੋ ਕੁਸ਼ਤੀ (ਲੜਕੇ) ਅੰਡਰ-19 'ਚੋਂ ਹਰਵੀਰ ਸਿੰਘ ਨੇ ਗੋਲਡ ਮੈਡਲ, ਅਰਸ਼ਦੀਪ ਸਿੰਘ ਨੇ ਗੋਲਡ ਮੈਡਲ, ਫ੍ਰੀ ਕੁਸ਼ਤੀ ਅੰਡਰ-19 'ਚੋਂ ਅਰਸ਼ਦੀਪ ਸਿੰਘ ਨੇ ਗੋਲਡ ਮੈਡਲ, ਸਕੇਟਿੰਗ (ਕੁੜੀਆਂ) ਅੰਡਰ-17 'ਚੋਂ ਮਾਨਵੀ ਨੇ ਸਿਲਵਰ ਮੈਡਲ ਤੇ ਏਅਰ ਪਿਸਟਲ ਸ਼ੂਟਿੰਗ 10 ਮੀ. ਅੰਡਰ-14 'ਚੋਂ ਖ਼ੁਸ਼ੀ ਗੁਪਤਾ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।

ਕ੍ਰਿਕਟ (ਲੜਕੇ) ਅੰਡਰ-17 ਵਰਗ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਐਮ. ਡੀ ਪ੍ਰੋਫੈਸਰ ਐਮ. ਐਲ ਅਰੋੜਾ, ਡਾਇਰੈਕਟਰ ਡਾਕਟਰ ਨੰਦੀਤਾ ਗਰੋਵਰ, ਪ੍ਰਿੰਸੀਪਲ ਮੈਡਮ ਕੰਚਨ ਨੇ ਸਕੂਲ ਦੇ ਕੋਚ ਗੁਰਪ੍ਰੀਤ ਸਿੰਘ, ਸੰਦੀਪ ਸਿੰਘ ਤੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦਾ ਮਨੋਬਲ ਵਧਾਇਆ ਤੇ ਭਵਿੱਖ ਵਿੱਚ ਸਟੇਟ ਪੱਧਰ 'ਤੇ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਤ ਕੀਤਾ।

## Change Of Name

I, Nidhi W/o Naval Makkar R/o 133, Main Bazar, Jangi Shivala, Amritsar have changed my name from Nidhi to Nidhi Makkar

I, Rakhi W/o Rajan Soni R/o Flat No.3, Mahan Singh Gate, Jagat Jyoti School, Amritsar. I have changed my name after marriage from Rakhi to Rakhi Soni all concerned please note.

I, Navjot Sohal and Navjot Singh S/o Bikramjit Singh R/o Patti Wassan Ki, VPO Vallah Distt Amritsar have declare that above both names are mine one and same person

I, Lalit Trikha S/o Harish Chander R/o Kothi No.110 White Enclave 30 Feet Road Majitha Road Amritsar have changed my name to Lalit Kumar Trikha

I, Manjit Singh W/o Gursahib Singh R/o Vpo Kad Gill, Tarn Taran have change my name from Manjit Singh to Manjit Kaur

I, Nikhita W/o Sh. Jitin Jagota Resident of House No. 1304, Mohala Ram Nagar, Near Railway Road, Jagraon, PO : Jagraon, Distt. Ludhiana-142026. I have changed after marriage my name from Nikhita to Nikhita Jagota. All concerned please note.

I Ashok Arora S/O Chaman Lal Arora R/O 145, Backside Verka Milk Plant, Bank Colony, Po. Grain Market, Jalandhar, 144008, Punjab, India. Have Changed My Name From Ashok Arora To Ashok Kumar Arora.

I, hitherto Known as KAMALJIT KAUR Daughter of HARBHAJAN SINGH residing at VPO. Bagga, Distt. Jalandhar-144703, Punjab, India have changed my name and shall hereafter be known as SANDEEP KAUR.

I, Nand Saroop S/o Sant Ram R/o H. No.58, Ward No.1, Dera Baba Nanak Road, Mohalla Shukarpura, Batala, Distt Gurdaspur. I have changed my name from Nand Sarup to Nand Saroop. Please concerned note.

I Komal Bhullar W/o Sahib Singh R/o Village Bhullar Bet po Nurpur Lubana Sub-Tehsil Dhilwan Distt. Kapurthala Punjab India do here by Change My Name From Komal Virk To Komal Bhullar With Immediate Effect. All concerned note please

I, Avtar Singh Magar S/o Harbans Singh Magar R/o VPO. Dingrian, Distt. Jalandhar, Punjab have changed my minor son's name from Lakeshpreet Singh Magar to Lakshpreet Singh Magar. All concerned please note.

## ਨਾਂਅ ਦੀ ਬਦਲੀ

ਮੈਂ, ਕਵਲਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਕਾਨ ਨੰ. 38, ਗਲੀ ਨੰ. 9, ਨਿਊ ਸੂਰਜ ਗੰਜ, ਜਲੰਧਰ ਮੇਰੀ ਪਤਨੀ ਦਾ ਨਾਂਅ ਸੁਖਵਿੰਦਰ ਕੌਰ ਹੈ। ਜੋ ਕਿ ਮੇਰੇ ਬੱਚੇ ਦੇ ਸਕੂਲੀ ਦਸਤਾਵੇਜ਼ਾ ਵਿਚ ਸਿਰਫ਼ ਸੁਖਵਿੰਦਰ ਹੈ, ਜਿਸ ਦੀ ਸੋਧ ਮੈਂ ਕਰਵਾਉਣਾ ਚਾਹੁੰਦਾ ਹਾਂ।

ਮੈਂ ਅਜੇ ਭਗਤ ਪੁਤਰ ਇੰਦਰਾਸਨ ਭਗਤ ਵਾਸੀ ਨੇੜੇ ਸ਼ਮਸ਼ਾਨ ਘਾਟ, ਖੁਰਲਾ ਕਿੰਗਰਾ ਕਾਲੋਨੀ ਪੋ. ਖੁਰਲਾ ਜਿਲਾ ਜਲੰਧਰ ਬਿਆਨ ਕਾਰਦਾ ਹਾਂ ਕੇ ਮੈਂ ਮੇਰੇ ਨਬਾਲਿਗ ਪੁਤਰ ਦਾ ਨਾਮ ਹਰੀਸ਼ ਭਗਤ ਤੋ ਬਦਲ ਕੇ ਹਰੀਸ਼ ਭਗਤ ਕਰ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸੁਰਬੀ ਪੁੱਤਰੀ ਸਰਵਨ ਸਿੰਘ ਵਾਸੀ ਪਿੰਡ/ਡਾਕਖਾਨਾ ਗੋਹਤ ਪੋਕਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ 143530 ਨੇ ਆਪਣਾ ਨਾਂਅ ਸੁਰਬੀ ਤੋਂ ਬਦਲ ਕੇ ਸੁਰਬੀ ਕੌਰ ਰੱਖ ਲਿਆ ਹੈ।

ਮੈਂ, ਰਾਹੁਲ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਮਾਨਾ, ਡਾਕ: ਢੱਕੋਵਾਲ, ਜ਼ਿਲ੍ਹਾ-ਹੁਸ਼ਿਆਰਪੁਰ, ਪੰਜਾਬ-146111 ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਰਾਹੁਲ ਤੋਂ ਬਦਲ ਕੇ ਰਾਹੁਲ ਕੁਮਾਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਪ੍ਰਿੰਸ ਪੁੱਤਰ ਸੰਜੀਵ ਕੁਮਾਰ ਵਾਸੀ ਪਿੰਡ ਤੇ ਡਾਕ: ਅੱਤੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ-146111 ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਪ੍ਰਿੰਸ ਤੋਂ ਬਦਲ ਕੇ ਪ੍ਰਿੰਸ ਭੱਟ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

# ਫ਼ਰੀਦਕੋਟ, ਕੋਟਕਪੂਰਾ ਤੇ ਜੈਤੋ 'ਚ ਰੇਲਵੇ ਸਟੇਸ਼ਨਾਂ ਦੀ ਚੈਕਿੰਗ



ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ) ਡਾ. ਪ੍ਰਗਿਆ ਜੈਨ ਐਸ.ਐਸ.ਪੀ ਅਗਵਾਈ ਵਿੱਚ ਜ਼ਿਲ੍ਹੇ ਅੰਦਰ ਤਿਉਹਾਰਾਂ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਇਸੇ ਕੜੀ ਵਿੱਚ ਬੁੱਧਵਾਰ ਨੂੰ ਜ਼ਿਲ੍ਹੇ ਦੇ ਸਾਰੇ ਰੇਲਵੇ ਸਟੇਸ਼ਨਾਂ ਤੇ ਇਸਦੇ ਆਸ-ਪਾਸ ਖੇਤਰਾਂ ਵਿੱਚ ਇੱਕ ਖਾਸ ਕਾਰਡਨ ਐਂਡ ਸਰਚ ਅਪ੍ਰੇਸ਼ਨ ਚਲਾਇਆ ਗਿਆ। ਇਸ ਸਰਚ ਅਪ੍ਰੇਸ਼ਨ ਦੀ ਓਵਰਆਲ ਸੁਪਰਵੀਜ਼ਨ ਸ਼੍ਰੀ ਸੰਦੀਪ ਕੁਮਾਰ ਐਸ.ਪੀ (ਇੰਨਵੈਸਟੀਗੇਸ਼ਨ) ਵੱਲੋਂ ਕੀਤੀ ਗਈ।ਇਹ ਸਰਚ ਅਪ੍ਰੇਸ਼ਨ ਸੁਬਾ 10:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਚਲਾਇਆ ਗਿਆ।ਇਸ ਦੌਰਾਨ ਪੁਲਸ ਟੀਮਾਂ ਵੱਲੋਂ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ 'ਚ ਐਂਟੀਸਾਬੋਟੇਜ਼ ਚੈੱਕ ਤੇ ਡਾਗ ਸਕਾਡ ਦੀ ਸਹਾਇਤਾ ਨਾਲ 05 ਰੇਲਵੇ ਸਟੇਸ਼ਨਾਂ 'ਤੇ ਸਪੈਸ਼ਲ ਚੈਕਿੰਗ ਕੀਤੀ ਗਈ। ਡਾ. ਪ੍ਰਗਿਆ ਜੈਨ ਐਸ.ਐਸ.ਪੀ ਵੱਲੋਂ ਦੱਸਿਆ ਕਿ ਸ਼੍ਰੀ ਗੌਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ. ਦੀਆਂ ਹਦਾਇਤਾਂ ਮੁਤਾਬਕ ਆਉਣ ਵਾਲੇ ਤਿਉਹਾਰਾਂ ਦੇ ਮੱਦੇਨਜ਼ਰ ਕਾਨੂੰਨ ਵਿਵਸਥਾ ਨੂੰ ਬਹਾਲ ਰੱਖਣ ਤੇ ਸ਼ੱਕੀ ਤੇ ਸ਼ਰਾਰਤੀ ਅਨਸਰਾਂ ਤੇ ਨਕੇਲ ਕੱਸਣ ਲਈ ਇਹ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ, ਜਿਸਦੇ ਤਹਿਤ ਪੁਲਸ ਟੀਮਾਂ ਨੂੰ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਵਿੱਚ ਹਰ ਰੇਲਵੇ ਸਟੇਸ਼ਨ 'ਤੇ ਤਾਇਨਾਤ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ 'ਤੇ ਸ਼ੱਕੀ ਵਿਅਕਤੀਆਂ ਦੀ ਜਾਂਚ ਲਈ 100 ਦੇ ਕਰੀਬ ਪੁਲਸ ਕਰਮਚਾਰੀ ਤਾਇਨਾਤ ਕੀਤੇ ਗਏ ਸਨ ਅਤੇ ਇਸ ਦੌਰਾਨ ਆਮ ਪਬਲਿਕ ਨੂੰ ਘੱਟ ਤੋਂ ਘੱਟ ਅਸੁਵਿਧਾ ਪੁਚਾਈ ਗਈ।ਇਸ ਅਪ੍ਰੇਸ਼ਨ ਦੌਰਾਨ ਕੁੱਲ 85 ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਕੀਤੀ ਗਈ ਤੇ ਇਸ ਦੇ ਨਾਲ ਹੀ ਬੱਸ ਸਟੈਂਡਾਂ ਦੀ ਪਾਰਕਿੰਗ ਅਤੇ ਆਸ-ਪਾਸ ਖੜੇ ਕੁੱਲ 49 ਵਾਹਨਾਂ ਦੀ, ਵਾਹਨ ਐਪ ਦੀ ਸਹਾਇਤਾ ਨਾਲ ਜਾਂਚ ਕੀਤੀ ਗਈ।

## ਲੇਹ ਹਿੰਸਾ ਲਈ ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁੱਕ ਨੂੰ ਜ਼ੁੰਮੇਵਾਰ ਠਹਿਰਾਉਣਾ ਨਿੰਦਣਯੋਗ : ਹਰਿੰਦਰ ਮਾਨਸ਼ਾਹੀਆ

ਮਾਨਸਾ (ਆਤਮਾ ਸਿੰਘ ਪਮਾਰ): ਸੋਸ਼ਲਿਸਟ ਪਾਰਟੀ ਇੰਡੀਆ ਨੇ ਲੇਹ ਵਿੱਚ ਹੋਈਆਂ ਹਿੰਸਾ ਦੀਆਂ ਘਟਨਾਵਾਂ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਇਸ ਦੌਰਾਨ ਹੋਈਆਂ ਮੌਤਾਂ ਅਤੇ ਜ਼ਖ਼ਮੀਆਂ ਲਈ ਆਪਣੀ ਸੰਵੇਦਨਾ-ਵਿਅਕਤ ਕੀਤੀ ਹੈ। ਪਾਰਟੀ ਨੇ ਇਸ ਹਿੰਸਾ ਲਈ ਮੈਗਾਸਾਸੇ ਅਵਾਰਡ ਵਿਜੇਤਾ,ਪ੍ਰਸਿੱਧ ਵਾਤਾਵਰਨ ਪ੍ਰੇਮੀ,ਤਕਨੀਕੀ ਸਿੱਖਿਆ ਸੁਧਾਰਕ ਸੋਨਮ ਵਾਂਗਚੁੱਕ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਬੀ ਜੇ ਪੀ ਦੀ ਕੋਸ਼ਿਸ਼ ਨੂੰ ਗੈਰ- ਜ਼ਿੰਮੇਵਾਰਾਨਾ ਅਤੇ ਗੈਰ-ਲੋਕ ਤੰਤਰਿਕ ਦੱਸਿਆ। ਪਾਰਟੀ ਦੇ ਕੌਮੀ ਜਨਰਲ ਸਕੱਤਰ ਹਰਿੰਦਰ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਸੋਨਮ ਵਾਂਗਚੁੱਕ ਨੇ ਹਰ ਸਮੇਂ ਸ਼ਾਂਤੀ-ਪੂਰਨ,ਅਹਿੰਸਕ ਅਤੇ ਸੰਵਿਧਾਨਕ ਢੰਗ ਨਾਲ ਲੱਦਾਖ ਦੀ ਜਨਤਾ ਦੀਆਂ ਮੰਗਾਂ ਨੂੰ ਅੱਗੇ ਵਧਾਇਆ ਹੈ,ਇਸਦੀ ਪਹਿਚਾਣ ਇੱਕ ਦੂਰਦਰਸ਼ੀ ਸਿੱਖਿਆ ਸੁਧਾਰਕ, ਸੋਸ਼ਲ ਵਰਕਰ ਅਤੇ ਵਾਤਾਵਰਨ ਪ੍ਰੇਮੀ ਦੇ ਰੂਪ ਵਜੋਂ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਉਸ ਉੱਪਰ ਹਿੰਸਾ ਭੜਕਾਉਣ ਦਾ ਦੋਸ਼ ਲਾਉਣਾ ਤੱਥਹੀਣ ਹੀ ਨਹੀਂ ਸਗੋਂ ਲੱਦਾਖ ਦੀ ਜਨਤਾ ਦੀ ਲੋਕਤੰਤਰਿਕ ਆਵਾਜ਼ ਨੂੰ ਦਬਾਉਣ ਦਾ ਕੋਝਾ ਯਤਨ ਵੀ ਹੈ। ਸੋਸ਼ਲਿਸਟ ਪਾਰਟੀ ਇੰਡੀਆ ਪੂਰਨ ਤੌਰ ਤੇ ਲੇਹ ਦੀ ਹਿੰਸਾ ਦੀ ਜ਼ੁੰਮੇਵਾਰੀ ਸਰਕਾਰ ਦੀ ਨੀਤੀਗਤ ਅਸਫਲਤਾ ਅਤੇ ਜਨਤਾ ਦੀ ਆਵਾਜ਼ ਨੂੰ ਅਣਗੌਲਿਆ ਕਰਨਾ ਮੰਨਦੀ ਹੈ ਨਾ ਕਿ ਸੋਨਮ ਵਾਂਗਚੁੱਕ ਜਾਂ ਕਿਸੇ ਹੋਰ ਸ਼ਾਂਤਮਈ ਅੰਦੋਲਨ ਦੇ ਕਾਰਨ ਹੈ। ਸੋਸ਼ਲਿਸਟ ਪਾਰਟੀ ਇੰਡੀਆ ਦੇ ਕੌਮੀ ਵਾਇਸ ਪ੍ਰਧਾਨ ਰਜਿੰਦਰ ਕੌਰ ਦਾਨੀ,ਕੌਮੀ ਸਕੱਤਰ ਬਲਰਾਜ ਸਿੰਘ ਨੰਗਲ, ਕਾਰਜਕਾਰਨੀ ਮੈਂਬਰ ਸਰਬਜੀਤ ਕੌਸ਼ਲ, ਪੰਜਾਬ ਪ੍ਰਧਾਨ ਓਮ ਸਿੰਘ ਸਟਿਆਣਾ, ਸੂਬਾ ਜਨਰਲ ਸਕੱਤਰ ਜਗਦੀਪ ਸਿੰਘ ਖ਼ੈੜਾ ਅਤੇ ਸੂਬਾ ਸਪੋਕਸਮੈਨ ਗੁਰਵੰਦ ਸਿੰਘ ਬੇਦੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਲੇਹ ਵਿੱਚ ਹੋਈ ਹਿੰਸਾ ਦੀ ਤੁਰੰਤ ਨਿਰਪੱਖ ਪੜਤਾਲ ਕਰਵਾਉਣ ਦੀ ਮੰਗ ਕੀਤੀ ਹੈ।

# ਸੁਰਾਂ ਦੀ ਦੇਵੀ ਲਤਾ ਮੰਗੇਸ਼ਕਰ ਦਾ 96ਵਾਂ ਜਨਮ ਦਿਨ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੁਰਾਂ ਦੀ ਦੇਵੀ ਭਾਰਤ ਰਤਨ ਲਤਾ ਮੰਗੇਸ਼ਕਰ ਦਾ 96ਵਾਂ ਜਨਮ ਦਿਨ ਅਲਾਇੰਸ ਕੱਲਬ ਇੰਟਰਨੈਸ਼ਨਲ ਡਿਸਟ੍ਰਿਕਟ-119 ਅਤੇ ਹੁਸ਼ਿਆਰਪੁਰ ਦੇ ਸੰਗੀਤ ਪ੍ਰੇਮੀਆਂ ਵੱਲੋਂ ਸਥਾਨਕ ਹੋਟਲ ਸ਼ਿਰਾਜ ਰਿਜੈਂਸੀ ਵਿਖੇ ਇੱਕ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ । ਜਿਸ ਦੇ ਮੁੱਖ ਮਹਿਮਾਨ ਅਵੀਨਾਸ਼ ਰਾਏ ਖੰਨਾ ਸਾਬਕਾ ਐਮ.ਪੀ. ਸਨ, ਇਸ ਮੌਕੇ ਤੇ ਐਲੀ. ਡਾ. ਐਮ ਜਮੀਲ ਬਾਲੀ, ਡਾ.ਹਰਜਿੰਦਰ ਸਿੰਘ ਓਬਰਾਏ, ਐਲੀ. ਐਡਵੋਕੇਟ ਐਸ.ਪੀ.ਰਾਣਾ, ਲੈਫਟੀਨੈਂਟ ਜਰਨਲ ਜੇ ਐਸ ਢਿੱਲੋਂ, ਐਲੀ.ਅਸ਼ੋਕ ਪੁਰੀ, ਪ੍ਰੋ. ਹਰਜਿੰਦਰ ਧਾਲੀਅਮਨ, ਬਲਰਾਜ ਸਿੰਘ, ਗਾਇਕ ਨੀਲ ਕਮਲ ਵਿਸ਼ੇਸ਼ ਤੌਰ ਤੇ ਪੁਜੇ । ਇਸ ਪ੍ਰੋਗਰਾਮ ਦੇ ਪ੍ਰੋਜੈਕਟ ਚੇਅਰਮੈਨ ਐਲੀ. ਰਮੇਸ਼ ਕੁਮਾਰ ਅਤੇ ਐਲੀ. ਐਡਵੋਕੇਟ ਬੰਦਨਾ ਰਾਣਾ ਸਨ । ਲਤਾ ਮੰਗੇਸ਼ਕਰ ਦੇ ਜਨਮ ਦਿਨ ਤੇ ਕੀਤੀ ਗਈ ਇਸ ਇੱਕ ਸੰਗੀਤਕ ਸ਼ਾਮ ਦੀ ਸ਼ਮਾ ਰੋਸ਼ਨ ਮੁੱਖ ਮਹਿਮਾਨ ਅਵੀਨਾਸ਼ ਰਾਏ ਖੰਨਾ ਨਾਲ ਮੁੱਖ ਪੱਤਵੰਤਿਆ ਨੇ ਕੀਤੀ ਅਤੇ ਪ੍ਰੋਗਰਾਮ ਦਾ ਆਰੰਭ ਰਿਟਾਇਰਡ ਡਿਪਟੀ ਡਾਇਰੈਕਟਰ (ਐਜੂਕੇਸ਼ਨ) ਅਸ਼ਵਨੀ ਕੁਮਾਰ ਦੱਤਾ ਦੇ ਜੀ ਆਇਆ ਨੂੰ ਕਹਿਣ ਉਪਰੰਤ ਹੋਈ । ਹੁਸ਼ਿਆਰਪੁਰ ਦੇ ਸੰਗੀਤਕ ਜਗਤ ਵਿੱਚ ਸਰਕਾਰੀ ਕਾਲਜ ਅਤੇ ਹੋਰ ਵਿਦਿਅਕ ਸੰਸਥਾਵਾਂ ਦਾ ਵਿਸ਼ੇਸ਼ ਸਹਿਯੋਗ ਹੈ ਅੱਜ ਦੇ ਪ੍ਰੋਗਰਾਮ ਵਿੱਚ ਸੰਗੀਤ ਦੀ ਵਿਦਿਆਰਥਣ ਡੇਜ਼ੀ ਰਾਏ, ਸਿਮਰਨ ਅਤੇ ਪ੍ਰੇਮਜੀਤ ਕੌਰ ਦੇ ਨਾਲ ਸਤੀਸ਼ ਜਿਲ੍ਹੀ ਉਪਲ ਨੇ ਲਤਾ ਮੰਗੇਸ਼ਕਰ ਦੇ ਵਿਸ਼ੇਸ਼ ਪ੍ਰਸਿੱਧ ਗੀਤਾ ਨੂੰ ਗਾ ਕੇ ਸਮਾਂ ਬੰਨ੍ਹਿਆਂ । ਇਸ ਮੌਕੇ ਤੇ ਬਲਰਾਜ ਸਿੰਘ, ਨੀਲ ਕਮਲ, ਕੁਮਾਰ ਵਿਨੋਦ ਅਤੇ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਸੰਗੀਤ ਵਿਭਾਗ ਦੇ ਮੁੱਖੀ ਹਰਜਿੰਦਰ ਪਾਲ ਅਮਨ ਨੇ ਸੰਗੀਤਕ ਹਾਜਰੀਆ ਲਗਵਾਈਆ । ਇਸ ਮੌਕੇ ਤੇ ਮੁੱਖ ਮਹਿਮਾਨ ਅਵੀਨਾਸ਼ ਰਾਏ ਖੰਨਾ ਨੇ ਹੁਸ਼ਿਆਰਪੁਰ ਦੇ ਸੰਗੀਤ ਜਗਤ ਦੀਆਂ ਉਘੀਆਂ ਸ਼ਖਸੀਅਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਡਾ. ਐਮ. ਜਮੀਲ ਬਾਲੀ, ਡਾ. ਹਰਜਿੰਦਰ ਓਬਰਾਏ ਫਿਲਮ ਕਲਾਕਾਰ / ਨਿਰਦੇਸ਼ਕ ਅਸ਼ੋਕ ਪੁਰੀ ਅਤੇ ਅਲਾਂਇਸ ਕੱਲਬ ਵੱਲੋਂ ਸਮੇਂ-ਸਮੇਂ ਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਕੇ ਸਮਾਜ ਦੀ ਸੰਗੀਤਕ ਭੁੱਖ ਨੂੰ ਪੂਰਾ ਕੀਤਾ ਜਾ ਰਿਹਾ ਹੈ ।



# ਖਟਕੜ ਕਲਾਂ ਮੋਰਚੇ ਦੇ ਦੂਜੇ ਦਿਨ ਹੁਸ਼ਿਆਰਪੁਰ ਤੇ ਫਰੀਦਕੋਟ ਦੇ ਨੌਜਵਾਨਾਂ ਨੇ ਲਗਾਈ ਹਾਜ਼ਰੀ



**ਫਿਲੌਰ : (ਹਰਜਿੰਦਰ ਕੌਰ ਚਾਹਲ)** ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ ਵੱਲੋਂ ਲਗਾਏ ਗਏ ਧਰਨੇ ਦੇ ਦੂਜੇ ਦਿਨ ਬੁਲਾਰਿਆਂ ਨੇ ਮੰਗ ਕੀਤੀ ਕਿ ਪੰਜਾਬ 'ਚ ਰੁਜ਼ਗਾਰ ਦਾ ਵਾਅਦਾ ਕਰਕੇ ਆਈ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਹਾਲੇ ਵੀ ਸਰਕਾਰੀ ਵਿਭਾਗਾਂ 'ਚ ਲੱਖਾਂ ਅਸਾਮੀਆਂ ਖਾਲੀ ਪਈਆਂ ਹਨ।ਇਹ ਧਰਨਾ ਬੀਤੇ ਕੱਲ੍ਹ ਸ਼ਹੀਦ ਭਗਤ ਸਿੰਘ ਨੂੰ ਸਿਜਦਾ ਕਰਨ ਉਪਰੰਤ ਆਰੰਭ ਕੀਤਾ ਗਿਆ ਸੀ।ਇਸ ਧਰਨੇ ਨੂੰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਧਰਮਿੰਦਰ ਸਿੰਘ ਮੁਕੇਰੀਆਂ ਅਤੇ ਪੀ ਐੱਸ ਐੱਫ ਦੇ ਸੂਬਾ ਆਗੂ ਰਵੀ ਲੋਹਗੜ੍ਹ, ਸੂਬਾ ਕਮੇਟੀ ਮੈਂਬਰ ਮੱਖਣ ਸੰਗਰਾਮੀ, ਜਤਿੰਦਰ ਫਰੀਦਕੋਟ, ਮਨੋਜ ਕੁਮਾਰ, ਲਾਭ ਸਿੰਘ, ਜਨਕ ਰਾਜ ਨੇ ਸੰਬੋਧਨ ਕੀਤਾ।ਆਗੂਆਂ ਨੇ ਕਿਹਾ ਕਿ ਇਸ ਸਰਕਾਰ ਦੇ ਪਹਿਲੀਆਂ ਸਰਕਾਰਾਂ ਨਾਲੋਂ ਕੋਈ ਫਰਕ ਦਿਖਾਈ ਨਹੀਂ ਦੇ ਰਿਹਾ।ਇਸ ਮੌਕੇ ਵਿਨੋਦ ਕੁਮਾਰ, ਛਿੰਦਾ ਰੱਕੜੀ, ਰਾਜੇਸ਼ ਹਾਜੀਪੁਰ, ਹਰੀ ਦਾਸ, ਰਣਜੀਤ ਸਿੰਘ ਆਦਿ ਆਗੂ ਵੀ ਹਾਜ਼ਰ ਸਨ। ਅੱਜ ਦੇ ਧਰਨੇ 'ਚ ਫਰੀਦਕੋਟ ਅਤੇ ਹੁਸ਼ਿਆਰਪੁਰ ਦੇ ਨੌਜਵਾਨਾਂ ਨੇ ਹਾਜ਼ਰੀ ਲਵਾਈ।

# ਸਿਵਲ ਸਰਜਨ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਤੋਂ ਬਚਾਅ ਦੀ ਅਪੀਲ

**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹਾ ਸਿਹਤ ਵਿਭਾਗ ਨੇ ਲੋਕਾਂ ਨੂੰ ਮੁੜ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਅਤੇ ਆਲੇ ਦੁਆਲੇ ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦੇਣ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਢਕਣ ਵਾਲੇ ਕੱਪੜੇ ਪਾਉਣ। ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਐਪੀਡੀਮੌਲੋਜਿਸਟ ਡਾ. ਅਨਾਮਿਕਾ ਸੋਨੀ ਨੇ ਕਿਹਾ ਕਿ ਡੇਂਗੂ ਜਿਹੇ ਮਾਰੂ ਬੁਖ਼ਾਰ ਤੋਂ ਬਚਾਅ ਲਈ ਸਾਰਿਆਂ ਨੂੰ ਜਾਗਰੂਕ ਹੋਣ ਅਤੇ ਸਾਵਧਾਨੀਆਂ ਵਰਤਣ ਦੀ ਲੋੜ ਹੈ। ਸਿਵਲ ਸਰਜਨ ਨੇ ਡੇਂਗੂ ਦੀ ਰੋਕਥਾਮ ਲਈ ਜ਼ਿਲ੍ਹਾ ਵਾਸੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਦੀ ਮਦਦ ਨਾਲ ਹੀ ਜ਼ਿਲ੍ਹੇ ਨੂੰ ਡੇਂਗੂ ਮੁਕਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿਹਤ ਵਿਭਾਗ ਡੇਂਗੂ ਦੀ ਰੋਕਥਾਮ ਲਈ ਲਈ ਅਪਨੀ ਪੂਰੀ ਵਾਹ ਲਾ ਰਿਹਾ ਹੈ ਪਰ ਲੋਕਾਂ ਨੂੰ ਵੀ ਇਸ ਮੁਹਿੰਮ ਵਿਚ ਵਿਭਾਗ ਦਾ ਸਾਥ ਦੇਣ ਦੀ ਲੋੜ ਹੈ।ਕਿਸੇ ਤਰ੍ਹਾਂ ਦੀ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਲਕੇ ਅੰਦਰ ਨਸ਼ੇ ਖ਼ਿਲਾਫ਼ ਮੁਹਿੰਮ ਲਗਾਤਾਰ ਰਹੇਗੀ ਜਾਰੀ : ਪਵਨ ਟੀਨੂੰ

**ਆਦਮਪੁਰ (ਪਰਮਜੀਤ ਸਿੰਘ)**- ਆਪ ਪਾਰਟੀ ਵੱਲੋਂ ਨਸ਼ਿਆਂ ਖ਼ਿਲਾਫ ਬਣਾਈ ਜਾ ਰਹੀ ਮੁਹਿੰਮ ਅਧੀਨ ਨਸ਼ਾ ਮੁਕਤੀ ਮੋਰਚਾ ਦੇ ਆਦਮਪੁਰ ਤੋਂ ਕੁਆਰਡੀਨੇਟਰ ਦਲਜੀਤ ਸਿੰਘ ਮਿਨਹਾਸ ਦੀ ਅਗਵਾਈ ਹੇਠ ਸਮਾਗਮ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪਰਮਜੀਤ ਸਿੰਘ ਰਾਏਪੁਰ ਐਸ ਜੀ ਪੀ ਸੀ ਆਦਮਪੁਰ ਵੱਲੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਨਸ਼ਾ ਮੁਕਤੀ ਮੋਰਚਾ ਦੇ ਵੱਖ-ਵੱਖ ਪਿੰਡਾਂ ਵਿੱਚੋਂ ਕਾਇਮ ਕੀਤੀਆਂ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਦਾ ਸਨਮਾਨ ਸਮਾਗਮ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਖੂਨਦਾਨ ਕੈਂਪ ਵੀ ਲਗਵਾਇਆਗਿਆ। ਹਲਕਾ ਇੰਚਾਰਜ ਟੀਨੂੰ ਨੇ ਵੱਡੀ ਗਿਣਤੀ ਵਿਚ ਹਾਜ਼ਰ ਮੈਂਬਰਾਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਅੰਦਰ ਨਸ਼ੇ ਨੂੰ ਜੜ੍ਹੋਂ ਖਤਮ ਲਈ ਵਚਨਬੱਧ ਹੈ। ਇਸੇ ਮੰਤਵ ਨੂੰ ਪੂਰਾ ਕਰਨ ਲਈ ਪਿੰਡ ਪੱਧਰ ਤੱਕ ਸਾਰੇ ਵਰਗਾਂ ਵਿਲੇਜ ਡਿਫੈਂਸ ਕਮੇਟੀਆਂ ਬਣਾ ਕੇ ਕੰਮ ਕਰ ਰਹੇ ਹਨ। ਇਸ ਮੌਕੇ ਦਲਜੀਤ ਸਿੰਘ ਮਿਨਹਾਸ ਵਲੋਂ ਹੜ੍ਹ ਪ੍ਰਭਾਵਤ ਖੇਤਰਾਂ ਲਈ ਮੁੱਖ ਮੰਤਰੀ ਰਾਹਤ ਫੰਡ ਵਿਚ 50000 ਹਜ਼ਾਰ ਰੁਪਏ ਅਤੇ ਪਰਮਜੀਤ ਸਿੰਘ ਰਾਏਪੁਰ ਐਸ ਜੀ ਪੀ ਸੀ ਵਲੋਂ 1 ਲੱਖ ਰਪਏ ਦਾ ਯਗਦਾਨ ਦੇਣ ਦਾ ਐਲਾਨ ਕੀਤਾ ਗਿਆ।



# ਇਕੋਤਰੀ ਸਮਾਗਮ 'ਚ ਸੁਖਜਿੰਦਰ ਸਿੰਘ ਰੰਧਾਵਾ ਨੇ ਭਰੀ ਹਾਜ਼ਰੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਜਿੱਥੇ ਇਕੋਤਰੀ ਸਮਾਗਮ ਦੌਰਾਨ ਸੱਤਵੀਂ ਲੜੀ ਦੇ ਭੋਗ ਪਾਏ ਗਏ ਉੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਥ ਪ੍ਰਸਿੱਧ ਕੀਰਤਨੀਆਂ ਤੋ ਇਲਾਵਾ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਨਤਮਸਤਕ ਹੋਣ ਲਈ ਪੁੱਜੇ ਜਿੱਥੇ ਉਹਨਾਂ ਇਸ ਇਕੋਤਰੀ ਲੜੀ 'ਚ ਮੱਥਾ ਟੇਕਣਾ ਉਪਰੰਤ ਕੀਰਤਨ ਸਰਵਣ ਕੀਤਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਚ ਸ਼ਾਮਲ ਹੋਏ ।ਇਸ ਮੌਕੇ ਸਜਾਏ ਜਾਣ ਵਾਲੇ ਗੁਰਮਤਿ ਸਮਾਗਮਾਂ 'ਚ ਬਾਬਾ ਬੰਤਾ ਸਿੰਘ, ਬਾਬਾ ਗੁਰਪ੍ਰੀਤ ਸਿੰਘ ਚੰਡੀਗੜ੍ਹ ਵਾਲੇ, ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਚੰਦ ਪੁਰਾਣੇ ਵਾਲੇ, ਸੰਤ ਬਾਬਾ ਅਮਰੀਕ ਸਿੰਘ ਪੜੈਣ ਵਾਲਿਆਂ ਤੋਂ ਇਲਾਵਾ ਹੋਰ ਕਈ ਸੰਤਾਂ ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ। ਸਮਾਗਮ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਉਪਰੋਕਤ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਤੇ ਸਿਰੋਪਾ ਭੇਟ ਕੀਤੇ। ਇਕੋਤਰੀ ਸਮਾਗਮ ਦੇ ਨਗਰ ਕੀਰਤਨ 6 ਅਕਤੂਬਰ ਤੇ ਸੰਪੂਰਨਤਾ ਸਮਾਗਮ 7 ਅਕਤੂਬਰ ਨੂੰ ਹੋਣਗੇ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਗੁਰਦੀਪ ਸਿੰਘ ਨੇ ਨਿਭਾਈ।



# ਪੰਜਾਬੀ ਸ਼ਾਰਟਹੈਂਡ ਜਮਾਤਾਂ 2025-26 ਲਈ ਦਾਖਲਾ ਸ਼ੁਰੂ

**ਮੋਹਾਲੀ (ਗੁਰਜੀਤ ਬਿੱਲਾ)** ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੰਜਾਬੀ ਮਾਂ-ਬੋਲੀ ਲਈ ਸਾਹਿਤਕ ਸਰਗਰਮੀਆਂ ਦੇ ਨਾਲ਼-ਨਾਲ਼ ਪੰਜਾਬੀ ਸ਼ਾਰਟਹੈਂਡ ਦੀਆਂ ਜਮਾਤਾਂ ਵੀ ਜ਼ਿਲ੍ਹਾ ਸਦਰ ਮੁਕਾਮਾਂ 'ਤੇ ਚਲਾਈਆਂ ਜਾਂਦੀਆਂ ਹਨ।ਪੰਜਾਬੀ ਸ਼ਾਰਟਹੈਂਡ ਸਿੱਖਣ ਦੇ ਚਾਹਵਾਨ ਯੋਗ ਉਮੀਦਵਾਰ ਸ਼ਾਰਟਹੈਂਡ ਜਮਾਤਾਂ (ਮੁੱਢਲੀ ਸਿਖਲਾਈ ਅਤੇ ਤੇਜ਼ਗਤੀ) ਵਿਚ ਦਾਖਲਾ ਲੈ ਸਕਦੇ ਹਨ। ਇਨ੍ਹਾਂ ਜਮਾਤਾਂ ਵਿਚ ਸੈਸ਼ਨ 2025-26 ਲਈ ਦੁਬਾਰਾ ਦਾਖਲਾ ਹੋਣ ਜਾ ਰਿਹਾ ਹੈ।ਇਸ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਏ ਡਾ. ਦਰਸ਼ਨ ਕੌਰ, ਖੋਜ ਅਫ਼ਸਰ, ਭਾਸ਼ਾ ਵਿਭਾਗ, ਜ਼ਿਲ੍ਹਾ ਸਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਦੱਸਿਆ ਗਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸੈਸ਼ਨ 2025-26 ਲਈ ਪੰਜਾਬੀ ਸ਼ਾਰਟਹੈਂਡ ਜਮਾਤਾਂ (ਮੁੱਢਲੀ ਸਿਖਲਾਈ ਅਤੇ ਤੇਜ਼ ਗਤੀ) ਲਈ ਫ਼ਾਰਮ ਭਰਨ ਦੀ ਅੰਤਿਮ ਮਿਤੀ 15.10.2025 ਰੱਖੀ ਗਈ ਹੈ।ਇਨ੍ਹਾਂ ਜਮਾਤਾਂ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਰੱਖੀ ਗਈ ਹੈ।

# ਸੀ ਟੀ ਗਰੁੱਪ ਵੱਲੋਂ 'ਗੁਰੂਵਰਸ- ਸੈਲੀਬ੍ਰੇਟਿੰਗ ਮੈਂਟੋਰਸ' ਸਮਾਗਮ 'ਚ 100 ਤੋਂ ਵੱਧ ਅਧਿਆਪਕਾਂ ਦਾ ਸਨਮਾਨ

**ਜਲੰਧਰ (ਸ਼ੈਲੀ ਐਲਬਰਟ)**- ਸਿੱਖਿਆਰਥੀਆਂ ਅਤੇ ਸਮਾਜ ਨੂੰ ਸਹੀ ਸੇਧ ਦੇਣ ਵਿੱਚ ਅਧਿਆਪਕਾਂ ਅਤੇ ਸਲਾਹਕਾਰਾਂ ਦੀ ਅਨਮੋਲ ਭੂਮਿਕਾ ਨੂੰ ਸਲਾਮ ਕਰਦਿਆਂ, ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਨੌਰਥ ਕੈਂਪਸ, ਮਕਸੂਦਾਂ, ਜਲੰਧਰ ਵੱਲੋਂ ਇੱਕ ਸ਼ਾਨਦਾਰ ਸਮਾਗਮ 'ਗੁਰੂਵਰਸ - ਸੈਲੀਬ੍ਰੇਟਿੰਗ ਮੈਂਟੋਰਸ' ਦਾ ਆਯੋਜਨ ਕੀਤਾ ਗਿਆ। ਇਸ ਜਸ਼ਨ ਵਿੱਚ ਜਲੰਧਰ, ਕਪੂਰਥਲਾ, ਗੋਇੰਦਵਾਲ, ਸੁਲਤਾਨਪੁਰ, ਬਿਆਸ, ਨਡਾਲਾ ਅਤੇ ਆਸ-ਪਾਸ ਦੇ ਇਲਾਕਿਆਂ ਤੋਂ 100 ਤੋਂ ਵੱਧ ਅਧਿਆਪਕਾਂ ਅਤੇ ਸਲਾਹਕਾਰਾਂ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੌਰਾਨ, ਸੀਟੀਯੂ ਦੇ ਲਾਈਫ ਐਂਡ ਲੀਡਰਸ਼ਿਪ ਕੋਚ ਅਤੇ ਡਿਪਟੀ ਡਾਇਰੈਕਟਰ, ਐਚਆਰਡੀਸੀ, ਸ੍ਰੀ ਰਿਸ਼ਭ ਸ਼ਰਮਾ ਨੇ ਅਨੁਭਵੀ ਅਧਿਆਪਨ ਵਿਧੀਆਂ 'ਤੇ ਮੁੱਖ ਭਾਸ਼ਣ ਦਿੱਤਾ ਅਤੇ ਇੰਟਰਐਕਟਿਵ ਵਰਕਸ਼ਾਪ ਕਰਵਾਈ। ਇਸ ਤੋਂ ਬਾਅਦ ਸਨਮਾਨ ਸਮਾਰੋਹ ਹੋਇਆ, ਜਿੱਥੇ ਵੱਖ-ਵੱਖ ਸਕੂਲਾਂ ਦੇ 100 ਤੋਂ ਵੱਧ ਸਲਾਹਕਾਰਾਂ ਨੂੰ ਸਿੱਖਿਆ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਨੂੰ ਛੇ ਮਹਿਮਾਨ-ਏ-ਖ਼ਾਸ ਦੀ ਮੌਜੂਦਗੀ ਨੇ ਹੋਰ ਵੀ ਖ਼ਾਸ ਬਣਾ ਦਿੱਤਾ।ਸਮਾਗਮ ਦਾ ਇੱਕ ਖ਼ਾਸ ਪਲ ਸੀ ਸਲਾਹਕਾਰਾਂ ਦਾ ਚੇਅਰਮੈਨ ਚਰਨਜੀਤ ਸਿੰਘ ਚੰਨੀ ਨਾਲ ਸਵਾਲ-ਜਵਾਬ ਸੈਸ਼ਨ, ਜਿੱਥੇ ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ, ਮਾਰਗਦਰਸ਼ਨ ਲਿਆ ਅਤੇ ਅਧਿਆਪਕਾਂ ਦੀ ਬਦਲ ਰਹੀ ਭੂਮਿਕਾ 'ਤੇ ਚਰਚਾ ਕੀਤੀ।ਆਪਣੇ ਵਿਚਾਰ ਪ੍ਰਗਟ ਕਰਦਿਆਂ, ਚੇਅਰਮੈਨ ਸ. ਚਰਨਜੀਤ ਸਿੰਘ ਚੰਨੀ ਨੇ ਕਿਹਾ, ਅਧਿਆਪਕ ਹੀ ਸੱਚੇ ਰਾਸ਼ਟਰ ਨਿਰਮਾਤਾ ਹਨ। ਚੰਗੇ ਸਲਾਹਕਾਰਾਂ ਤੋਂ ਬਿਨਾਂ 'ਵਿਕਸਤ ਭਾਰਤ 2047' ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।



### 39ਵੀਂ ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਮੁਕਾਬਲਾ

# ਪੰਜਾਬ ਪੁਲਸ ਜਲੰਧਰ ਤੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਦਰਮਿਆਨ ਬਰਾਬਰ ਰਿਹਾ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪੰਜਾਬ ਫੁੱਟਬਾਲ ਐਸੋਸੀਏਸ਼ਨ ਵਲੋਂ ਕਰਵਾਈ ਜਾ ਰਹੀ 39ਵੀਂ ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਦਾ ਮੁਕਾਬਲਾ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਦੇ ਸਹਿਯੋਗ ਨਾਲ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਉਲੰਪੀਅਨ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਸਟੇਡੀਅਮ 'ਚ ਕਰਵਾਇਆ ਗਿਆ। ਪੰਜਾਬ ਪੁਲਸ ਜਲੰਧਰ ਅਤੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਦਰਮਿਆਨ ਬੇਹੱਦ ਫੱਸਵਾਂ ਰਿਹਾ ਮੁਕਾਬਲਾ 1-1 ਗੋਲ ਦੀ ਬਰਾਬਰੀ ਨਾਲ ਸਮਾਪਤ ਹੋਇਆ। ਇਸ ਮੌਕੇ ਟੂਰਨਾਮੈਂਟ ਕਮੇਟੀ ਵਲੋਂ ਕਾਰਜਕਾਰੀ ਪ੍ਰਧਾਨ ਡਾ. ਹਰਵਿੰਦਰ ਸਿੰਘ ਬਾਠ, ਅਮਨਦੀਪ ਸਿੰਘ ਬੈਂਸ, ਸ਼ਲਿੰਦਰ ਸਿੰਘ ਰਾਣਾ, ਸਾਬਕਾ ਸਰਪੰਚ ਪ੍ਰਮੋਦ ਕੁਮਾਰ ਦੁੱਗਰੀ ਨਾਲ ਖਿਡਾਰੀਆਂ ਨਾਲ ਜਾਣ ਪਹਿਚਾਣ ਕਰਦਿਆਂ ਮੈਚ ਸ਼ੁਰੂ ਕਰਵਾਇਆ। ਇਸ ਮੌਕੇ ਕੋਚ ਹਰਦੀਪ ਸਿੰਘ ਗਿੱਲ, ਤਰਲੋਚਨ ਸਿੰਘ ਗੋਲੀਆਂ ਤੇ ਪੰਜਾਬ ਫੁੱਟਬਾਲ ਐਸੋਸੀਏਸ਼ਨ ਵਲੋਂ ਰੈਫਰੀ ਤੇ ਟੈਕਨੀਕਲ ਟੀਮ ਹਾਜ਼ਰ ਹੋਈ।

# ਭਾਈ ਲਾਲੋ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)** ਰਾਮਗੜ੍ਹੀਆ ਸਭਾ (ਰਜਿ) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਪ੍ਰਬੰਧਕ ਕਮੇਟੀ ਮੈਂਬਰਾਂ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਭਾ ਦੇ ਪ੍ਰਧਾਨ ਸੂਰਤ ਸਿੰਘ ਕਲਸੀ ਦੀ ਅਗਵਾਈ ਹੇਠ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਦੇ ਅਨਿੰਨ ਸੇਵਕ ਬ੍ਰਹਮ ਗਿਆਨੀ ਭਾਈ ਲਾਲੋ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਪੂਰਵਕ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਨ੍ਹਾਂ ਵਿੱਚ ਭਾਈ ਪੁਰਸ਼ੋਤਮ ਸਿੰਘ ਹਜ਼ੂਰੀ ਰਾਗੀ, ਹੈੱਡ ਗ੍ਰੰਥੀ ਭਾਈ ਬਲਿਹਾਰ ਸਿੰਘ ਇਸਤਰੀ ਸਤਿਸੰਗ ਜੱਥਾ ਰਾਮਗੜ੍ਹੀਆ ਸਭਾ ਮੁਹਾਲੀ, ਭਾਈ ਚਰਨਜੀਤ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ, ਭਾਈ ਕੁਲਦੀਪ ਸਿੰਘ ਜੀ ਪੰਥਕ ਕਵੀ ਨੇ ਭਾਈ ਲਾਲੋ ਦੇ ਜੀਵਨ ਬ੍ਰਿਤਾਂਤ ਤੇ ਵਿਸਥਾਰ ਨਾਲ ਚਾਨਣਾ ਪਾਇਆ। ਸਮਾਗਮ ਦੇ ਮੁੱਖ ਮਹਿਮਾਨ ਜਸਬੀਰ ਸਿੰਘ ਭੰਮਰਾ, ਵਿਸ਼ੇਸ਼ ਮਹਿਮਾਨ ਡਾ. ਸਤਵਿੰਦਰ ਸਿੰਘ ਭੰਮਰਾ ਸਾਬਕਾ ਪ੍ਰਧਾਨ ਰਾਮਗੜ੍ਹੀਆ ਸਭਾ ਮੋਹਾਲੀ, ਡਾ. ਹਰਚਰਨ ਸਿੰਘ ਰਨੌਤਾ ਸਾਬਕਾ ਪ੍ਰਧਾਨ ਰਾਮਗੜ੍ਹੀਆ ਸਭਾ ਚੰਡੀਗੜ, ਡਾ ਐਸ ਐਸ ਬਾਹਰੀ ਸਾਬਕਾ ਰਜਿਸਟਰਾਰ ਪੰਜਾਬ ਯੂਨੀਵਰਸਿਟੀ, ਡਾ. ਗੁਰਪ੍ਰੀਤ ਸਿੰਘ ਬਬਰਾ ਐਮ ਡੀ ਮੈਡੀਸਨ ਡਾਇਰੈਕਟਰ ਮੈਕਸ ਮੋਹਾਲੀ ਆਦਿ ਸਭਾ ਦੇ ਪ੍ਰਧਾਨ ਸੂਰਤ ਸਿੰਘ ਵਲੋਂ ਸਨਮਾਨ ਕੀਤਾ ਗਿਆ। ਰਾਮਗੜ੍ਹੀਆ ਸਭਾ ਮੋਹਾਲੀ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਝਣ ਵਲੋਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਭਾਈ ਲਾਲੋ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ।



# ਸਾਂਝ ਕੇਂਦਰ ਨੇ ਬੱਚਿਆਂ ਨੂੰ ਗ੍ਰੀਨ ਦੀਵਾਲੀ ਮਨਾਉਣ ਲਈ ਕੀਤਾ ਜਾਗਰੂਕ



**ਨਕੋਦਰ (ਮਨਜੀਤ ਮਾਨ)**- ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਪੰਜਾਬ, ਮਾਨਯੋਗ ਐਸ ਐਸ ਪੀ ਸਾਹਿਬ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਪੀ ਪੀ ਐਸ ਤੇ ਮਨਜੀਤ ਕੌਰ ਪੀ ਪੀ ਐਸ ਜ਼ਿਲ੍ਹਾ ਕਮਿਊਨਿਟੀ ਪੁਲਿਸ ਅਫ਼ਸਰ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਤੇ ਐਸ ਆਈ ਦਲਵਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਜਲੰਧਰ ਦਿਹਾਤੀ ਅਤੇ ਏ ਐਸ ਆਈ ਨਰਿੰਦਰ ਸਿੰਘ ਸੁਪਰਵਾਇਜਰ ਜ਼ਿਲ੍ਹਾ ਸਾਂਝ ਐਸ ਪੀ ਸੀ ਟਰੇਨਰ ਜੀ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੈਂਡਰੀ ਸਮਾਰਟ ਸਕੂਲ ਪਿੰਡ ਢੱਡੇ ਦੇ 8 ਵੀ ਅਤੇ 9 ਵੀ ਕਲਾਸ ਦੇ ਐਸ ਪੀ ਸੀ ਵਿਦਿਆਰਥੀਆਂ ਨਾਲ ਪ੍ਰਿੰਸੀਪਲ ਭੁਪਿੰਦਰ ਸਿੰਘ ਦੀ ਹਾਜ਼ਰੀ ਵਿੱਚ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਏ ਐਸ ਆਈ ਗੁਰਦੇਵ ਸਿੰਘ ਸਾਂਝ ਕੇਂਦਰ ਲੋਹੀਆਂ ਵੱਲੋ ਬੱਚਿਆਂ ਨੂੰ ਡਿਸਿਪਲਨ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ,ਸਿਹਤ ਸੰਭਾਲ ਅਤੇ ਸਾਫ ਸਫਾਈ ਸਬੰਧੀ 9 ਕਲਾਸ ਬੱਚਿਆਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਸਾਈਬਰ ਕਰਾਇਮ ਅਤੇ ਗ੍ਰੀਨ ਦੀਵਾਲੀ ਮਨਾਉਣ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਸਾਂਝ ਕੇਂਦਰ ਵੱਲੋਂ ਦਿੱਤੀਆਂ ਸੇਵਾਵਾਂ ਸਬੰਧੀ ਜਾਗਰੂਕ ਕੀਤਾ ਗਿਆ ਇਸ ਮੌਕੇ ਐਸ ਪੀ ਸੀ ਟੀਚਰ ਕੁਲਵਿੰਦਰ ਕੌਰ, ਸਕੂਲ ਸਟਾਫ਼ ਡਾਕਟਰ ਅਮਰਜੀਤ ਕੌਰ, ਅਮਰਜੀਤ ਕੌਰ ਸਿੱਧੂ, ਸੁਖਜੀਤ ਕੌਰ, ਹਰਮਿੰਦਰ ਸਿੰਘ ਟੀਚਰ, ਸੰਦੀਪ ਕੌਰ, ਸੁਰਜੀਤ ਕੌਰ, ਜਸਵੀਰ ਕੌਰ ਹਾਜ਼ਰ ਸਨ।

# ਨਵਜਾਤ ਬੱਚਿਆਂ ਦੇ ਇਲਾਜ ਲਈ ਐੱਨ ਬੀ ਐੱਸ ਯੂ ਸੇਵਾਵਾਂ ਉਪਲਬਧ : ਡਾ.ਕੁਲਵੰਤ ਰਾਏ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ.ਬਲਵੀਰ ਕੁਮਾਰ ਤੇ ਐੱਸ.ਐਮ.ਓ. ਹਾਰਟਾ ਬਡਲਾ ਡਾ.ਮਨਪ੍ਰੀਤ ਸਿੰਘ ਬੈਂਸ ਦੇ ਨਿਰਦੇਸ਼ਾਂ ਅਨੁਸਾਰ ਸੀ ਐੱਚ ਸੀ ਹਾਰਟਾ ਬਡਲਾ ਵਿਖੇ 0 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਲਈ ਓ ਪੀ ਡੀ ਅਤੇ ਐਮਰਜੈਂਸੀ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਬੱਚਿਆਂ ਦੇ ਇਲਾਜ ਲਈ ਦੂਰ-ਦੁਰੇਡੇ ਜਾਣ ਦੀ ਲੋੜ ਨਹੀਂ ਪੈਂਦੀ।ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ.ਕੁਲਵੰਤ ਰਾਏ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੀ ਐੱਚ ਸੀ ਹਾਰਟਾ ਬਡਲਾ ਵਿਖੇ ਬੱਚਿਆਂ ਦੇ ਇਲਾਜ ਵਾਸਤੇ ਐੱਨ ਬੀ ਐੱਸ ਯੂਨਿਟ ਸੇਵਾਵਾਂ ਉਪੱਲਭਧ ਹਨ ਜਿਨਾਂ 'ਚ ਨਵਜਾਤ ਬੱਚਿਆਂ ਦੇ ਪੀਲੀਆ ਦੇ ਇਲਾਜ ਵਾਸਤੇ ਫੋਟੋਥੈਰੇਪੀ ਮਸ਼ੀਨ, ਸਮੇਂ ਤੋਂ ਪਹਿਲਾਂ ਜਨਮੇ ਅਤੇ ਘੱਟ ਭਾਰ ਵਾਲੇ ਬੱਚਿਆਂ ਦੀ ਦੇਖਭਾਲ ਲਈ ਬੇਬੀ ਵਾਰਮਰ ਦੀ ਸੁਵਿੱਧਾ ਵੀ ਉਪਲਭੱਧ ਹਨ। ਉਨਾਂ ਦੱਸਿਆ ਕਿ ਕਿਸੇ ਵੀ ਕਾਰਨ ਕਰਕੇ ਜਨਮ ਦੌਰਾਨ ਸਾਹ ਸੰਬੰਧੀ, ਦਿਮਾਗੀ ਦੌਰੇ ਦੀ ਸ਼ਿਕਾਇਤ ਆਉਂਦੀ ਹੈ ਤਾਂ ਉਨਾਂ ਦਾ ਇਲਾਜ ਐਨ ਬੀ ਐਸ ਯੂਨਿਟ ਵਿਖੇ ਕੀਤਾ ਜਾਂਦਾ ਹੈ। ਉਨਾਂ ਕਿਹਾ ਕਿ ਸਰਕਾਰੀ ਹਸਪਤਾਲ ਵਿਚ ਜ਼ੀਰੋ ਤੋਂ ਪੰਜ ਸਾਲ ਤੱਕ ਉਮਰ ਦੀਆਂ ਲੜਕੀਆਂ ਅਤੇ ਜ਼ੀਰੋ ਤੋਂ ਇਕ ਸਾਲ ਦੇ ਲੜਕਿਆਂ ਦਾ ਇਲਾਜ ਬਿਲਕੁਲ ਮੁਫਤ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਆਰ ਬੀ ਐੱਸ ਕੇ ਸਕੀਮ ਅਧੀਨ ਜ਼ੀਰੋ ਤੋਂ 18 ਸਾਲ ਤੱਕ ਦੇ ਆਂਗਣਵਾੜੀ ਅਤੇ ਸਕੂਲੀ ਬੱਚਿਆਂ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ।



# ਤਰਕਸ਼ੀਲ ਸੁਸਾਇਟੀ ਨੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਨੰਗਲ (ਸੁਰਜੀਤ ਢੇਰ)**- ਸੂਬਾ ਪੱਧਰੀ ਜਥੇਬੰਦੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਫ਼ੈਸਲੇ ਦੀ ਪਾਲਣਾ ਵੱਜੋਂ ਤਰਕਸ਼ੀਲ ਸੁਸਾਇਟੀ ਰੋਪੜ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇੱਕ ਮੰਗ ਪੱਤਰ ਡਿਪਟੀ ਕਮਿਸ਼ਨਰ ਰੂਪਨਗਰ ਦੇ ਜਨਰਲ ਸਹਾਇਕ ਸਤਿਕਾਰਯੋਗ ਅਰਵਿੰਦਰਪਾਲ ਸਿੰਘ ਸੋਮਲ ਜੀ (ਪੀ.ਸੀ.ਐੱਸ) ਰਾਹੀਂ ਭੇਜਿਆ ਗਿਆ ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਿਦਿਆਰਥੀਆਂ ਦੀਆਂ ਸੈਸ਼ਨ 2025-26 ਦੀਆਂ ਪ੍ਰੀਖਿਆ ਫ਼ੀਸਾਂ ਅਤੇ ਹੋਰ ਸਕੂਲੀ ਫੰਡ ਮੁਆਫ਼ ਕੀਤੇ ਜਾਣ। ਇਹ ਜਾਣਕਾਰੀ ਜ਼ੋਨ ਮੁਖੀ ਅਜੀਤ ਪ੍ਰਦੇਸੀ ਨੇ ਪ੍ਰੈੱਸ ਨਾਲ ਸਾਂਝੀ ਕਰਦਿਆਂ ਦਿੱਤੀ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਇਹ ਵੀ ਦੱਸਿਆ ਕਿ ਜਥੇਬੰਦੀ ਵੱਲੋਂ ਸਾਰੇ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਸਕੂਲੀ ਵਿਦਿਆਰਥੀਆਂ ਨੂੰ ਲੱਗਭੱਗ 10 ਲੱਖ ਰੁਪਏ ਦੀ ਸਟੇਸ਼ਨਰੀ ਦੀਆਂ ਕਿੱਟਾਂ ਦਿੱਤੀਆਂ ਜਾਣਗੀਆਂ। ਵਫ਼ਦ ਵਿੱਚ ਚੰਡੀਗੜ੍ਹ ਜ਼ੋਨ ਮੁਖੀ ਅਜੀਤ ਪ੍ਰਦੇਸੀ, ਇਕਾਈ ਮੁਖੀ ਅਸ਼ੋਕ ਕੁਮਾਰ, ਇਕਾਈ ਦੇ ਸੱਭਿਆਚਾਰਕ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ, ਮਾਨਸਿਕ ਸਿਹਤ ਵਿਭਾਗ ਮੁਖੀ ਅਮਰ ਨਾਥ ਤੇ ਪਵਨ ਰੱਤੋਂ ਸ਼ਾਮਲ ਸਨ।

# ਬੰਦ ਕੀਤੇ ਭੱਤੇ ਸਰਕਾਰ ਛੇਤੀ ਬਹਾਲ ਕਰੇ : ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ



**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਸਰਕਾਰ ਦੇ ਸਾਢੇ 3 ਸਾਲ ਬੀਤਣ ਮਗਰੋਂ ਵੀ ਮੁਲਾਜ਼ਮਾਂ ਦੇ ਖੀਸੇ ਹੁਣ ਤੱਕ ਖਾਲੀ ਹਨ।ਪੰਜਾਬ ਸਰਕਾਰ ਨੇ ਹੁਣ ਤੱਕ ਮੁਲਾਜ਼ਮ ਮੰਗਾਂ ਪ੍ਰਤੀ ਕੋਈ ਵੀ ਹਮਦਰਦੀ ਨਹੀਂ ਦਿਖਾਈ।ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਖਜਾਨਚੀ ਅਮਨਦੀਪ ਸ਼ਰਮਾ, ਸਹਾਇਕ ਪ੍ਰੈਸ ਸਕੱਤਰ ਗਣੇਸ਼ ਭਗਤ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮੁਲਾਜ਼ਮ ਮੰਗਾਂ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹੈ।ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਸਮੁੱਚੇ ਮੁਲਾਜ਼ਮ ਵਰਗ ਨੇ ਵੱਡੇ ਪੱਧਰ 'ਤੇ ਪਾਰਟੀ ਦੇ ਹੱਕ ਵਿੱਚ ਫਤਵਾ ਦਿੱਤਾ ਸੀ।ਪਰ ਅੱਜ ਇਹ ਮੁਲਾਜ਼ਮ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਹੁਣ ਤੱਕ ਪੁਰਾਣੀ ਪੈਨਸ਼ਨ ਦੀ ਬਹਾਲੀ, ਕੇਂਦਰ ਸਰਕਾਰ ਦੀ ਤਰਜ਼ ਤੇ 15% ਬਕਾਇਆ ਡੀਏ, ਬੰਦ ਕੀਤੇ ਪੇਂਡੂ ਭੱਤੇ ਤੇ ਹੋਰ ਬੰਦ ਕੀਤੇ ਭੱਤਿਆਂ ਲਈ ਮੁਲਾਜ਼ਮ ਵਰਗ ਵੱਡੇ ਪੱਧਰ 'ਤੇ ਪੰਜਾਬ ਅੰਦਰ ਸਰਕਾਰ ਵਿਰੁੱਧ ਸੰਘਰਸ਼ ਕਰ ਰਿਹਾ ਹੈ। ਪਰ ਸਰਕਾਰ ਮੁਲਾਜ਼ਮਾਂ ਦੇ ਭਵਿੱਖ ਸੰਬੰਧੀ ਬਿਲਕੁਲ ਵੀ ਚਿੰਤਤ ਨਹੀਂ ਦਿਖ ਰਹੀ। ਮੁਲਾਜ਼ਮ ਆਗੂ ਨੇ ਕਿਹਾ ਕਿ ਇਸ ਤਿਉਹਾਰੀ ਸੀਜ਼ਨ ਵਿੱਚ ਸਰਕਾਰ ਨੂੰ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ ਤਾਂ ਜੋ ਮੁਲਾਜ਼ਮਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਪੋਸਟ ਗਰੈਜੂਏਟ ਇਤਿਹਾਸ ਵਿਭਾਗ ਅਧੀਨ ਚਲ ਰਹੇ ਸੈਂਟਰ ਫਾਰ ਹਿਸਟੋਰੀਕਲ ਸਟੱਡੀਜ਼ ਵਲੋਂ ਐੱਨ ਐੱਸ ਐੱਸ ਦੇ ਸਹਿਯੋਗ ਨਾਲ ਸਰਦਾਰ ਭਗਤ ਸਿੰਘ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ । ਇਸ ਸਮਾਗਮ ਵਿੱਚ ਸ਼ਹੀਦ ਭਗਤ ਸਿੰਘ ਦੇ ਜੀਵਨ, ਵਿਚਾਰਧਾਰਾ ਅਤੇ ਯੋਗਦਾਨ ਵਿਸ਼ੇ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਮਾਗਮ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਕੀਤੀ ਗਈ । ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਆਪਣੇ ਸੰਦੇਸ਼ ਵਿੱਚ ਨੌਜਵਾਨਾਂ ਨੂੰ ਅੱਜ ਦੇ ਸਮੇਂ ਸਰਦਾਰ ਭਗਤ ਸਿੰਘ ਦੇ ਦੱਸੇ ਗਏ ਰਾਹਾਂ ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਮਾਗਮ ਵਿੱਚ ਡਾ. ਰਸ਼ਪਾਲ ਸਿੰਘ ਸੰਧੂ, ਡੀਨ ਸਪੋਰਟਸ ਅਤੇ ਮੁੱਖੀ ਕਾਮਰਸ ਵਿਭਾਗ ਅਤੇ ਡਾ. ਗਗਨਦੀਪ ਕੌਰ, ਮੁੱਖੀ ਬੋਟਨੀ ਜੂਆਲੋਜੀ ਅਤੇ ਕਾਲਜ ਰਜਿਸਟਰਾਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ । ਇਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਭਾਸ਼ਣ ਮੁਕਾਬਲੇ ਵਿੱਚ ਏਕਤਾ ਪਾਂਡੇ ਨੇ ਪਹਿਲਾਂ, ਵਨਸ਼ਿਕਾ ਨੇ ਦੂਜਾ ਅਤੇ ਬ੍ਰਹਮਜੋਤ ਸਿੰਘ ਅਤੇ ਸ਼ਰਨਪ੍ਰੀਤ ਕੌਰ ਨੇ ਕ੍ਰਮਵਾਰ ਤੀਸਰਾ ਸਥਾਨ ਹਾਸਲ ਕੀਤਾ। ਅਰਸ਼ਦੀਪ ਕੌਰ ਨੂੰ ਵਿਸ਼ੇਸ਼ ਸਥਾਨ ਦੇ ਕੇ ਸਨਮਾਨਿਤ ਕੀਤਾ ਗਿਆ। ਮੁਕਾਬਲੇ ਵਿੱਚ ਡਾ. ਪਲਵਿੰਦਰ ਸਿੰਘ, ਡਾ. ਅਜੀਤਪਾਲ ਸਿੰਘ ਅਤੇ ਡਾ. ਗੀਤਾਂਜਲੀ ਵਲੋਂ ਜੱਜਾਂ ਦੀ ਭੂਮਿਕਾ ਨਿਭਾਈ ਗਈ। ਡਾ. ਕਰਨਵੀਰ ਸਿੰਘ, ਇਤਿਹਾਸ ਵਿਭਾਗ ਵੱਲੋਂ ਸਟੇਜ ਦੀ ਭੂਮਿਕਾ ਨੂੰ ਬਾਖੂਬੀ ਨਿਭਾਇਆ ਗਿਆ। ਡਾ. ਅਮਨਦੀਪ ਕੌਰ ਨੇ ਸਾਰਿਆ ਦਾ ਧੰਨਵਾਦ ਕੀਤਾ। ਐਨ.ਐਸ.ਐਸ ਦੇ ਚੀਫ਼ ਪ੍ਰੋਗਰਾਮ ਅਫਸਰ ਪ੍ਰੋ. ਸਤਪਾਲ ਸਿੰਘ , ਡਾ. ਹਰਜੀਤ ਸਿੰਘ, ਮੁੱਖੀ ਗਣਿਤ ਵਿਭਾਗ ਅਤੇ ਪ੍ਰੋ. ਅਮਨਦੀਪ ਕੌਰ , ਇਤਿਹਾਸ ਵਿਭਾਗ ਵੀ ਇਸ ਸਮਾਗਮ ਵਿਚ ਸ਼ਾਮਿਲ ਹੋਏ ।



# ਵਿਸ਼ਵ ਸੈਰ-ਸਪਾਟਾ ਦਿਵਸ 2025 ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਸਕੂਲ ਆਫ਼ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ (ਐਸਓਐਚਐਮਟੀ) ਨੇ ਵਿਸ਼ਵ ਸੈਰ-ਸਪਾਟਾ ਦਿਵਸ 2025 ਮਨਾਇਆ। ਇਹ ਸਮਾਗਮ ਸੰਯੁਕਤ ਰਾਸ਼ਟਰ ਦੇ ਥੀਮ, 'ਸੈਰ-ਸਪਾਟਾ ਅਤੇ ਟਿਕਾਊ ਬਦਲਾਅ' 'ਤੇ ਅਧਾਰਤ ਸੀ, ਜਿਸ ਵਿੱਚ ਸੈਰ-ਸਪਾਟਾ ਕਿਵੇਂ ਗ੍ਰਹਿ ਅਤੇ ਸਥਾਨਕ ਭਾਈਚਾਰਿਆਂ ਦਾ ਸਮਰਥਨ ਕਰ ਸਕਦਾ ਹੈ, ਇਸ ਦਾ ਵਿਸ਼ਾ ਸੀ।ਪ੍ਰੋਗਰਾਮ ਰਚਨਾਤਮਕ ਮੁਕਾਬਲਿਆਂ ਅਤੇ ਗਤੀਵਿਧੀਆਂ ਨਾਲ ਭਰਿਆ ਹੋਇਆ ਸੀ। ਇਸ ਦੀ ਸ਼ੁਰੂਆਤ ਇੱਕ ਸਥਿਰਤਾ-ਥੀਮ ਵਾਲੀ ਰੀਲਜ਼ ਚੈਲੇਂਜ ਨਾਲ ਹੋਈ, ਜਿੱਥੇ ਵਿਦਿਆਰਥੀਆਂ ਨੇ ਜ਼ਿੰਮੇਵਾਰ ਯਾਤਰਾ 'ਤੇ ਛੋਟੇ ਵੀਡੀਓ ਬਣਾਏ। ਇਸ ਤੋਂ ਬਾਅਦ ਇੱਕ ਸੱਭਿਆਚਾਰਕ ਪ੍ਰੋਗਰਾਮ ਹੋਇਆ ਜਿਸ ਵਿੱਚ ਵਿਭਿੰਨ ਭਾਰਤੀ ਪਰੰਪਰਾਵਾਂ ਦਾ ਪ੍ਰਦਰਸ਼ਨ ਕੀਤਾ ਗਿਆ। ਪੰਜਾਬੀ ਗਿੱਧਾ, ਮਨੀਪੁਰੀ, ਗੁਜਰਾਤੀ ਲੋਕ ਨਾਚ, ਅਤੇ ਰਵਿੰਦਰ ਨ੍ਰਿਤ ਵਰਗੀਆਂ ਡਾਂਸ ਸ਼ੈਲੀਆਂ ਨੇ ਵਿਭਿੰਨਤਾ ਵਿੱਚ ਏਕਤਾ ਦੀ ਭਾਵਨਾ ਨੂੰ ਦਰਸਾਇਆ। ਸੰਗੀਤ ਅਤੇ ਯਾਤਰਾ-ਥੀਮ ਵਾਲੇ ਸਟੈਂਡ-ਅੱਪ ਐਕਟਾਂ ਨੇ ਸਮਾਗਮ ਦੀ ਰਚਨਾਤਮਕ ਭਾਵਨਾ ਨੂੰ ਵਧਾਇਆ।ਫੈਸ਼ਨ ਸ਼ੋਅ ਵਿੱਚ ਭੂਟਾਨ, ਅਫਰੀਕੀ ਖੇਤਰਾਂ ਅਤੇ ਕੇਰਲਾ, ਤੇਲੰਗਾਨਾ, ਮਨੀਪੁਰ ਅਤੇ ਪੰਜਾਬ ਸਮੇਤ ਕਈ ਭਾਰਤੀ ਰਾਜਾਂ ਦੇ ਰਵਾਇਤੀ ਪਹਿਰਾਵੇ ਦਾ ਪ੍ਰਦਰਸ਼ਨ ਕੀਤਾ ਗਿਆ। ਸਮਾਗਮ ਨੇ ਉਜਾਗਰ ਕੀਤਾ ਕਿ ਫੈਸ਼ਨ ਸੱਭਿਆਚਾਰਕ ਕਹਾਣੀ ਸੁਣਾਉਣ ਅਤੇ ਜ਼ਿੰਮੇਵਾਰੀ ਲਈ ਇੱਕ ਵਾਹਨ ਵਜੋਂ ਕਿਵੇਂ ਕੰਮ ਕਰ ਸਕਦਾ ਹੈ।ਭਾਗੀਦਾਰਾਂ ਨੂੰ ਪ੍ਰੇਰਿਤ ਕਰਦੇ ਹੋਏ, ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ ਸੈਰ-ਸਪਾਟਾ ਸਿਰਫ਼ ਇੱਕ ਉਦਯੋਗ ਨਹੀਂ ਹੈ, ਇਹ ਵਿਸ਼ਵਵਿਆਪੀ ਭਲਾਈ ਲਈ ਇੱਕ ਪਰਿਵਰਤਨਸ਼ੀਲ ਸ਼ਕਤੀ ਹੈ। ਐੱਲ ਪੀ ਯੂ ਵਿਖੇ ਸਾਡਾ ਮਿਸ਼ਨ ਅਗਲੀ ਪੀੜ੍ਹੀ ਦੇ ਮਹਿਮਾਨ ਨਿਵਾਜੀ ਆਗੂਆਂ ਨੂੰ ਇਸ ਤਬਦੀਲੀ ਨੂੰ ਅੱਗੇ ਵਧਾਉਣ ਲਈ ਨਵੀਨਤਾਕਾਰੀ ਸੋਚ ਅਤੇ ਹੁਨਰਾਂ ਨਾਲ ਲੈਸ ਕਰਨਾ ਹੈ। ਸਾਡਾ ਟੀਚਾ ਸੱਭਿਆਚਾਰਕ ਵਿਭਿੰਨਤਾ, ਵਾਤਾਵਰਣ ਸੰਭਾਲ ਅਤੇ ਟਿਕਾਊ ਭਾਈਚਾਰਕ ਭਾਈਵਾਲੀ ਲਈ ਡੂੰਘਾ ਸਤਿਕਾਰ ਪੈਦਾ ਕਰਨਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੈਰ-ਸਪਾਟਾ ਇੱਕ ਹੋਰ ਬਰਾਬਰ ਅਤੇ ਬਿਹਤਰ ਭਵਿੱਖ ਦਾ ਆਧਾਰ ਬਣ ਜਾਵੇ।ਇਸ ਪ੍ਰੋਗਰਾਮ ਵਿੱਚ ਕਈ ਮੁਕਾਬਲੇ ਸ਼ਾਮਲ ਸਨ, ਜਿਨ੍ਹਾਂ ਵਿੱਚ ਇੱਕ ਪ੍ਰਤਿਭਾ ਖੋਜ, ਸਥਿਰਤਾ ਕੁਇਜ਼, ਲੇਖ ਲਿਖਣਾ ਅਤੇ ਖਜ਼ਾਨੇ ਦੀ ਖੋਜ ਸ਼ਾਮਲ ਸੀ, ਜਿਸ ਨੇ ਨਵੀਨਤਾ ਨੂੰ ਉਤਸ਼ਾਹਿਤ ਕੀਤਾ। ਜ਼ੀਰੋ ਵੇਸਟ ਚੈਲੇਂਜ ਨੇ ਵਿਸ਼ੇਸ਼ ਧਿਆਨ ਖਿੱਚਿਆ ਕਿਉਂਕਿ ਭਾਗੀਦਾਰਾਂ ਨੇ ਆਮ ਸਮੱਗਰੀ ਨੂੰ ਯਾਤਰਾ ਉਪਕਰਣਾਂ ਅਤੇ ਹੱਥ ਨਾਲ ਬਣੇ ਸਜਾਵਟ ਵਰਗੀਆਂ ਉਪਯੋਗੀ ਚੀਜ਼ਾਂ ਵਿੱਚ ਬਦਲ ਦਿੱਤਾ।




# ਕੌਮੀ ਖ਼ੂਨਦਾਨ ਦਿਵਸ ਮੌਕੇ ਖ਼ੂਨਦਾਨ ਕੈਂਪ ਤੇ ਮੁਫਤ ਬਲੱਡ ਗਰੁਪਿੰਗ ਕੈਂਪ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦਿਨ-ਰਾਤ ਖ਼ੂਨਦਾਨ ਸੇਵਾ ਨੂੰ ਸਮਰਪਿਤ ਸਥਾਨਕ ਸਮਾਜ ਸੇਵੀ ਸੰਸਥਾ ਬਲੱਡ ਡੋਨਰਜ਼ ਕੌਂਸਲ ਦੇ ਬੀ ਡੀ ਸੀ ਬਲੱਡ ਸੈਂਟਰ ਵਿਖੇ ਹਰ ਸਾਲ ਦੀ ਤਰ੍ਹਾਂ ਕੌਮੀ ਖ਼ੂਨਦਾਨ ਦਿਵਸ (ਪਹਿਲੀ ਅਕਤੂਬਰ) ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਸੰਸਥਾ ਦੀ ਮੀਟਿੰਗ ਪ੍ਰਧਾਨ ਐਸ ਕੇ ਸਰੀਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਇਹ ਜਾਣਕਾਰੀ ਸਾਂਝੀ ਕੀਤੀ ਗਈ ਕਿ 17 ਸਤੰਬਰ ਤੋਂ 2 ਅਕਤੂਬਰ ਤੱਕ ਚੱਲ ਰਹੇ ਕੌਮੀ ਮੈਗਾ ਖ਼ੂਨਦਾਨ ਪੰਦਰਵਾੜੇ ਵਿੱਚ ਸੰਸਥਾ ਵਲੋਂ ਸਫਲ ਯੋਗਦਾਨ ਪਾਇਆ ਜਾ ਰਿਹਾ ਹੈ।ਇਸ ਦੌਰਾਨ ਕੌਮੀ ਖ਼ੂਨਦਾਨ ਦਿਵਸ ਪਹਿਲੀ ਅਕਤੂਬਰ ਨੂੰ ਮਨਾਇਆ ਜਾਣਾ ਹੈ। ਇਸ ਦਿਨ ਸਵੈ ਇਛੁੱਕ ਖ਼ੂਨਦਾਨ ਕੈਂਪ ਅਤੇ ਮੁਫਤ ਬਲੱਡ ਗਰੁਪਿੰਗ ਕੈਂਪ ਦਾ ਅਯੋਜਿਨ ਕੀਤਾ ਜਾਵੇਗਾ, ਖ਼ੂਨ ਦੀ ਕਮੀ ਵਾਲ੍ਹੇ ਕੇਸਾਂ ਵਿੱਚ ਮੁਫਤ ਦਵਾਈ ਦਿੱਤੀ ਜਾਵੇਗੀ।ਮੀਟਿੰਗ ਵਿੱਚ ਐਸ ਕੇ ਸਰੀਨ, ਜੀ ਐਸ ਤੂਰ, ਜੇ ਐਸ ਗਿੱਦਾ, ਪ੍ਰਵੇਸ਼ ਕੁਮਾਰ, ਅੰਜੂ ਸਰੀਨ, ਡਾ.ਅਜੇ ਬੱਗਾ, ਨੋਬਲ ਸਰੀਨ, ਯੁਵਰਾਜ ਕਾਲ੍ਹੀਆ ਤੇ ਮੈਨੇਜਰ ਮਨਮੀਤ ਸਿੰਘ ਹਾਜਰ ਸਨ। ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਕੌਮੀ ਖ਼ੂਨਦਾਨ ਦਿਵਸ ਮੌਕੇ ਸਵੈ ਇਛੁੱਕ ਖ਼ੂਨਦਾਨੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਜਾਣਗੇ। ਮੀਟਿੰਗ ਉਪ੍ਰੰਤ ਐਨ.ਆਰ.ਆਈ ਅਸ਼ੋਕ ਸੌਂਗੀ ਨੂੰ ਖ਼ੂਨਦਾਨ ਸੇਵਾ ਸਹਿਯੋਗ ਲਈ ਸਨਮਾਨਿਤ ਕੀਤਾ ਗਿਆ।

# 'ਸਵੱਛਤਾ ਹੀ ਸੇਵਾ' ਤਹਿਤ ਬੂਟੇ ਲਗਾਏ





**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਗਿਤਾਂਜਲੀ ਕਾਲੜਾ ਦੀ ਸਰਪ੍ਰਸਤੀ ਹੇਠ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਕਾਲਜ ਦੇ ਐਨ ਐਸ ਐਸ ਵਿਭਾਗ ਵਲੋਂ ਬੂਟੇ ਲਗਾਏ ਗਏ, ਜਿਸ ਵਿੱਚ ਉਪ ਮੰਡਲ ਮੈਜਿਸਟਰੇਟ ਨੇ ਸ਼ਿਰਕਤ ਕੀਤੀ ਅਤੇ ਇਸ ਪ੍ਰੋਗਰਾਮ ਦੀ ਸ਼ਮਾ ਰੋਸ਼ਨ ਦੀ ਰਸਮ ਅਦਾ ਕੀਤੀ।ਇਸ ਵਿੱਚ ਡਾ. ਨਵਦੀਪ ਕਹੋਲ ਨੇ ਮੰਚ ਦਾ ਸੰਚਾਲਣ ਕੀਤਾ।ਇਸ ਮੌਕੇ ਬਾਹਰੋਂ ਆਏ ਸ੍ਰੀਮਤੀ ਦਮਨਜੋਤ ਕੌਰ, ਰਿਸੋਰਸ ਪਰਸਨ ਵੱਲੋਂ ਇੱਕ ਪੀ.ਪੀ.ਟੀ ਦਿਖਾਈ ਗਈ ਜਿਸ ਵਿੱਚ ਉਹਨਾਂ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੀ ਵਰਤੋਂ ਕਾਰਨ ਸਾਡੇ ਵਾਤਾਵਰਣ ਅਤੇ ਮਨੁੱਖਤਾਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਪਲਾਸਟਿਕ ਦੀ ਵਰਤੋਂ ਨਾ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।ਅਮਿਤ ਗੁਪਤਾ, ਮਾਣਯੋਗ ਉਪ ਮੰਡਲ ਮੈਜਿਸਟਰੇਟ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸਵੱਛਤਾ ਅਭਿਆਨ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਅਤੇ ਸਮਾਜ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਮੈਡਮ ਨੇ ਵਿਦਿਆਰਥੀਆਂ ਨੂੰ ਆਪਣੇ ਕਾਲਜ ਅਤੇ ਆਲੇ-ਦੁਆਲੇ ਨੂੰ ਸਵੱਛ ਰੱਖਣ ਲਈ ਪ੍ਰੇਰਿਤ ਕੀਤਾ। 'ਸਵੱਛਤਾ ਹੀ ਸੇਵਾ' ਵਿੱਚ ਕਾਲਜ ਦੇ ਐਨ ਐਸ ਐਸ ਵਲੰਟੀਅਰਾਂ ਨੇ ਵੱਧ ਚੜ੍ਹ ਕੇ ਭਾਗ ਲਿਆ।

# ਜੀ ਆਰ ਡੀ ਨਰਸਿੰਗ ਕਾਲਜ ਟਾਂਡਾ 'ਚ ਵਰਲਡ ਹਾਰਟ ਦੇ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ ਜੀ ਆਰ ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਵਿਖੇ ਵਰਲਡ ਹਾਰਟ ਡੇ ਮਨਾਇਆ ਗਿਆ। ਸੰਸਥਾ ਦੇ ਮੁੱਖ ਪ੍ਰਬੰਧਕ, ਚੇਅਰਪਰਸਨ ਸ਼੍ਰੀਮਤੀ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੈਨੇਜਰ ਸਰਬਜੀਤ ਸਿੰਘ ਮੋਮੀ ਦੀ ਅਗਵਾਈ ਤੇ ਜੀ ਆਰ ਡੀ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਮੈਡਮ ਰੇਨੂ ਬਾਲਾ ਦੇਖ ਰੇਖ ਹੇਠ ਮਨਾਏ ਗਏ ਵਰਲਡ ਹਾਰਟ ਡੇ ਹਾਟ ਮੌਕੇ ਕਾਲਜ ਦੇ ਵੱਖ-ਵੱਖ ਸਮਰ ਸੈਟ ਦੀਆਂ ਸਿਖਿਆਰਥਣਾ ਨੇ ਭਾਗ ਲਿਆ।ਇਸ ਮੌਕੇ ਸੰਬੋਧਨ ਕਰਦੇ ਹੋਏ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ, ਐਡਮਿਨਿਸਟਰੇਟਰ ਦਲਜਿੰਦਰ ਕੌਰ, ਐਡਮਿਸ਼ਨ ਸੈਲ ਇੰਚਾਰਜ ਲਵਲੀ ਸੈਣੀ ਨੇ ਕਿਹਾ ਕਿ ਅੱਜ ਦਾ ਇਹ ਦਿਨ ਸਾਡੇ ਸਰੀਰ ਦੇ ਅਹਿਮ ਹਿੱਸੇ ਦਿਲ ਦੀ ਰੱਖਿਆ ਅਤੇ ਇਸ ਨੂੰ ਬਿਮਾਰੀਆਂ ਤੋਂ ਰਹਿਤ ਰੱਖਣ ਲਈ ਮਨਾਇਆ ਜਾਂਦਾ ਹੈ।ਇਸ ਮੌਕੇ ਉਹਨਾਂ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਅੱਜ ਜੋ ਸੰਸਾਰ ਭਰ ਵਿੱਚ ਮੌਤਾਂ ਹੋ ਰਹੀਆਂ ਹਨ ਉਸ ਦੇ ਵਿੱਚ ਬੱਤੀ ਫੀਸਦੀ ਮੌਤਾਂ ਦਿਲ ਦੀਆਂ ਬਿਮਾਰੀਆਂ ਦੇ ਕਾਰਨ ਹੁੰਦੀਆਂ ਹਨ ਜੋ ਕਿ ਇੱਕ ਗਹਿਰੀ ਚਿੰਤਾ ਦਾ ਵਿਸ਼ਾ ਹੈ। ਇਸ ਮੌਕੇ ਪ੍ਰਿੰਸੀਪਲ ਰੇਨੂ ਬਾਲਾ ਨੇ ਕਿਹਾ ਕਿ ਸਾਨੂੰ ਆਪਣੇ ਦਿਲ ਨੂੰ ਤੰਦਰੁਸਤ ਰੱਖਣ ਵਾਸਤੇ ਜਿੱਥੇ ਆਪਣੇ ਜੀਵਨ ਸ਼ੈਲੀ ਬਦਲਣੀ ਪਵੇਗੀ। ਇਸ ਮੌਕੇ ਵੱਖ ਵੱਖ ਕਲਾਸਾਂ ਦੀਆਂ ਦੀਆਂ ਵਿਦਿਆਰਥਣਾਂ ਦੇ ਵਿਸ਼ਵ ਹਾਰਟ ਡੇ ਨਾਲ ਸੰਬੰਧਿਤ ਚਾਰਟ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ ਅਤੇ ਪਹਿਲਾਂ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਕੌਰ, ਤਰੁਨਦੀਪ ਕੌਰ, ਹਰਲੀਨ ਕੌਰ, ਰਮਨਦੀਪ ਕੌਰ, ਨੀਲਮ ਜੋਤ ਕੌਰ, ਜਸਪ੍ਰੀਤ, ਜਸਲੀਨ ਕੌਰ, ਆਰਤੀ ਟਾਂਡਾ, ਪ੍ਰਿਅੰਕਾ, ਜਸਪ੍ਰੀਤ ਕੌਰ, ਦੀਪਿਕਾ ਮੈਡਮ ਵੀ ਹਾਜ਼ਰ ਸਨ।



# ਭਗਵਾਨ ਵਾਲਮੀਕਿ ਪ੍ਰਗਟ ਦਿਵਸ ਨੂੰ ਸਮਰਪਤ ਪਾਵਨ ਸਤਿਸੰਗ ਸਮਾਗਮ

**ਅੱਡਾ ਸਰਾਂ, ਟਾਂਡਾ ਉੜਮੁੜ (ਜਸਵੀਰ ਕਾਜਲ, ਉਂਕਾਰ, ਜਸਵਿੰਦਰ ਸੰਧੂ)**- ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਭਾਰਤੀਯ ਵਾਲਮੀਕ ਧਰਮ ਸਮਾਜ (ਭਾਵਾਧਸ) ਅਤੇ ਸਿਟੀ ਵਾਲਮੀਕ ਸਭਾ ਉੜਮੁੜ ਟਾਂਡਾ ਵੱਲੋਂ ਸ਼ਿਮਲਾ ਪਹਾੜੀ ਪਾਰਕ ਟਾਂਡਾ ਵਿਖੇ ਪਾਵਨ ਸਤਿਸੰਗ ਸਮਾਗਮ ਕਰਵਾਇਆ ਗਿਆ। ਭਾਵਾਧਸ ਦੇ ਸੂਬਾ ਪ੍ਰਧਾਨ ਸੇਠ ਰਾਮ ਸੇਠੀ ਦੀ ਦੇਖ ਰੇਖ ਹੇਠ ਤੇ ਸਮੂਹ ਸੇਵਾਦਾਰ ਮੈਂਬਰਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਭਾਗ ਲੈਂਦੇ ਹੋਏ ਆਪਣੀ ਹਾਜ਼ਰੀ ਲਗਵਾਈ।ਸਤਿਸੰਗ ਸਮਾਗਮ ਦੌਰਾਨ ਭਾਈ ਸਤਨਾਮ ਸਿੰਘ ਹੁਸੈਨਪੁਰ ਦੇ ਜਥੇ ਨੇ ਭਗਵਾਨ ਵਾਲਮੀਕਿ ਦੀ ਮਹਿਮਾ ਦਾ ਗੁਣਗਾਣ ਕਰਦੇ ਹੋਏ ਉਹਨਾਂ ਦੇ ਜੀਵਨ ਤੇ ਵਿਸਥਾਰਪੂਰਵਕ ਚਾਨਣਾ ਪਾਇਆ ਅਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਕਿਹਾ।ਇਸ ਪਾਵਨ ਸਤਸੰਗ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ, ਸਾਬਕਾ ਸੰਸਦੀ ਸਕੱਤਰ ਦੇਸ਼ ਰਾਜ ਸਿੰਘ ਧੁੱਗਾ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਯੂਥ ਆਗੂ ਸਰਬਜੀਤ ਸਿੰਘ ਮੋਮੀ, ਕਿਸਾਨ ਆਗੂ ਪਰਮਜੀਤ ਸਿੰਘ ਭੁੱਲਾ, ਅਖਿਲ ਭਾਰਤੀਯ ਵਾਲਮੀਕ ਧਰਮ ਸਮਾਜ ਦੇ ਗਗਨ ਭੱਟੀ, ਸ਼ਿਵ ਸੈਨਾ ਉੱਤਰ ਭਾਰਤ ਦੇ ਪ੍ਰਮੁੱਖ ਮਿੱਕੀ ਪੰਡਿਤ, ਸ਼ੁਭਮ ਸਹੋਤਾ ਗੜਦੀਵਾਲ, ਆਪ ਦੇ ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ, ਯੂਥ ਆਗੂ ਸੋਨੂ ਖੰਨਾ, ਬਾਬਾ ਲਖਬੀਰ ਸਿੰਘ ਚੌਲਾਂਗ, ਦੀਪਕ ਬਹਿਲ, ਪ੍ਰੇਮ ਪਡਵਾਲ, ਸੁਖਵਿੰਦਰਜੀਤ ਸਿੰਘ ਝਾਵਰ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਕੌਂਸਲਰ ਸੁਮਨ ਖੋਸਲਾ , ਸਮਾਜ ਸੇਵੀ ਸੋਨੂ ਖੰਨਾ ਨੇ ਸਮੂਹ ਸੰਗਤ ਨੂੰ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਦੀ ਮੁਬਾਰਕਬਾਦ ਦਿੱਤੀ। ਸਮਾਗਮ ਦੌਰਾਨ ਥਾਣੇਦਾਰ ਤਾਰਾ ਸਿੰਘ, ਦੀਪਕ ਭੀਲ, ਬੌਬੀ ਬੁੱਢੀ ਪਿੰਡ, ਹਰਮੇਸ਼ ਬੱਸੀ, ਨਿਰਮਲ ਮੂਨਕ, ਸੁਰਜੀਤ ਸਿੰਘ ਡੱਡੀਆਂ, ਸੋਹਣ ਲਾਲ ਭੱਟੀ, ਵਿਜੇ ਕੁਮਾਰ ਮੱਟੂ, ਬੇਅੰਤ ਨੰਗਲ ਖੁੰਗਾ,ਦਿਲਬਾਗ ਦੇਵਾਤੱਕ ਬਿਨੇ ਖੋਸਲਾ, ਨਿਰੰਜਨ ਸਿੰਘ ਢਿੱਲੋਂ, ਡਾ.ਮੀਨਾਕਸ਼ੀ ਸੈਣੀ, ਰਾਮ ਪਾਲ ਬੈਂਸ ਹਰਸੀ ਪਿੰਡ,ਬਲਵੰਤ ਰਾਏ ਖੋਸਲਾ, ਵਿਜੇਪਾਲ ਬੈਂਚਾਂ, ਗੀਤਕਾਰ ਸੁਖਜੀਤ ਝਾਂਸਾ ਵਾਲਾ, ਦਵਿੰਦਰ ਚੌਲਾਂਗ ਵੀ ਹਾਜ਼ਰ ਸਨ।



30 Sep Page 9.qxd 9/29/2025 11:03 PM Page 1



# ‘ਆਪ’ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਲੋਕ ਪੱਖੀ ਕੰਮ ਜਾਰੀ ਰਹਿਣਗੇ : ਕੁਲਵੰਤ ਸਿੰਘ



ਮੋਹਾਲੀ (ਗੁਰਜੀਤ ਬਿੱਲਾ)

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜਨਮ ਦਿਨ ਪੰਜਾਬ ਤੋਂ ਇਲਾਵਾ ਦੇਸ਼-ਭਰ ਵਿੱਚ ਬੜੀ ਹੀ ਸ਼ਰਧਾ ਅਤੇ ਧੂਮਧਾਮ ਦੇ ਨਾਲ ਮਨਾਇਆ ਜਾ ਰਿਹਾ ਹੈ ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਸਮਰਥਕਾਂ ਵੱਲੋਂ ਖੂਨਦਾਨ ਕੈਂਪਾਂ ਦਾ ਆਯੋਜਨ ਕੀਤਾ ਗਿਆ ਹੈ। ਇਹ ਗੱਲ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹੀ, ਵਿਧਾਇਕ ਕੁਲਵੰਤ ਸਿੰਘ ਆਮ ਆਦਮੀ ਪਾਰਟੀ ਦੇ ਦਫਤਰ ਵਿਖੇ ਸ਼ਹੀਦ- ਏ -ਆਜ਼ਮ ਸਰਦਾਰ ਭਗਤ ਸਿੰਘ ਦੇ 118ਵੇ ਜਨਮ ਦਿਹਾੜੇ ਮੌਕੇ ਲਗਾਏ ਗਏ ਖੂਨਦਾਨ ਕੈਂਪ ਵਿੱਚ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰ ਰਹੇ ਸਨ। ਇਸ ਮੌਕੇ ਤੇ ਯੂਥ ਸਪੋਰਟਸ ਵੈਲਫੇਅਰ ਬੋਰਡ ਦੇ ਚੇਅਰਮੈਨ, ਪਰਮਿੰਦਰ ਸਿੰਘ ਗੋਲਡੀ ਵੀ ਹਾਜ਼ਰ ਸਨ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਇਹਨਾਂ ਕੈਂਪਾਂ ਦੇ ਵਿੱਚ ਮੋਹਾਲੀ ਸਮੇਤ ਪੰਜਾਬ ਭਰ ਵਿੱਚ ਖੂਨਦਾਨੀਆਂ ਵੱਲੋਂ ਬੜੇ ਹੀ ਉਤਸ਼ਾਹ ਦੇ ਨਾਲ ਖੂਨ ਦਾਨ ਵਿੱਚ ਹਿੱਸਾ ਲਿਆ ਜਾ ਰਿਹਾ ਹੈ, ਕਿਉਂਕਿ ਖੂਨਦਾਨ ਉੱਤਮ ਦਾਨ ਹੈ, ਜਿਸ ਨਾਲ ਕਿਸੇ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ। ਇਸ ਮੌਕੇ ਤੇ ਚੇਅਰਪਰਸਨ- ਜ਼ਿਲ੍ਹਾ ਯੋਜਨਾ ਬੋਰਡ ਮੋਹਾਲੀ- ਇੰਜੀਨੀਅਰ ਪ੍ਰਭਜੋਤ ਕੌਰ, ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ- ਕੁੱਲਦੀਪ ਸਿੰਘ ਸਮਾਣਾ, ਯੂਥ ਨੇਤਾ ਅਤੇ ਕੌਂਸਲਰ ਸਰਬਜੀਤ ਸਿੰਘ ਸਮਾਣਾ, ਗੁਰਪ੍ਰੀਤ ਸਿੰਘ ਬੈਂਸ, ਸਾਬਕਾ ਕੌਂਸਲਰ- ਹਰਪਾਲ ਸਿੰਘ ਚੰਨਾ, ਤਰਲੋਚਨ ਸਿੰਘ ਮਟੌਰ, ਅਕਵਿੰਦਰ ਸਿੰਘ ਗੋਸਲ, ਨਵਲਦੀਪ ਸਿੰਘ, ਜਗਦੇਵ ਸ਼ਰਮਾ, ਹਰਸ਼ਰਨ ਸਿੰਘ, ਗੁਰ ਕਿਰਪਾਲ ਸਿੰਘ ਵੀ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ’ਤੇ ਕੀਤਾ ਮਸ਼ਾਲ ਮਾਰਚ

**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ’ਤੇ ਇਨਕਲਾਬੀ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਹੀਦ ਭਗਤ ਸਿੰਘ ਦੇ 118ਵੇਂ ਜਨਮ ਦਿਹਾੜੇ ਨੂੰ ਸਮਰਪਿਤ ਫਿਲੌਰ ਵਿੱਚ ਵਿਸ਼ਾਲ ਮਸ਼ਾਲ ਮਾਰਚ ਕੀਤਾ ਗਿਆ। ਜਿਸ ਵਿਚ ਸੈਕੜੇ ਲੋਕਾਂ ਨੇ ਹਿੱਸਾ ਲਿਆ। ਮਸ਼ਾਲ ਮਾਰਚ ਗੁਰੂ ਰਵਿਦਾਸ ਮੰਦਿਰ ਰਵਿਦਾਸਪੁਰਾ ਤੋਂ ਸ਼ੁਰੂ ਹੋ ਕੇ ਅਕਲਪੁਰ ਰੋਡ ਤੋਂ ਹੁੰਦਾ ਹੋਇਆ ਨੂਰਮਹਿਲ ਰੋਡ ਰਵਿਦਾਸਪੁਰਾ ਫਿਲੌਰ ਵਿਖੇ ਸਮਾਪਤ ਹੋਇਆ। ਇਸ ਮੌਕੇ ਲੋਕ ਇਨਸਾਫ਼ ਮੰਚ ਪੰਜਾਬ ਦੇ ਆਗੂਆਂ ਪ੍ਰਧਾਨ ਜਰਨੈਲ ਫਿਲੌਰ, ਸਕੱਤਰ ਪਰਸ਼ੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਮਾਸਟਰ ਹੰਸ ਰਾਜ, ਸੀਨੀਅਰ ਆਗੂ ਰਾਮ ਜੀ ਦਾਸ ਗੰਨਾ ਪਿੰਡ, ਸਰਬਜੀਤ ਕੁਮਾਰ ਸਾਬਕਾ ਸਰਪੰਚ ਰਾਮਗੜ੍ਹ, ਵਿੱਤ ਸਕੱਤਰ ਡਾਕਟਰ ਸੰਦੀਪ ਫਿਲੌਰ, ਸਹਾਇਕ ਵਿੱਤ ਸਕੱਤਰ ਹਨੀ ਸੰਤੋਖਪੁਰਾ, ਸੀਨੀਅਰ ਆਗੂ ਡਾਕਟਰ ਅਸ਼ੋਕ ਕੁਮਾਰ, ਸੁਨੀਲ ਗੰਨਾ ਪਿੰਡ, ਦੀਪਕ ਰਵਿਦਾਸਪੁਰੀ, ਆਦਿ ਨੇ ਕਿਹਾ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਤੋਂ ਸਾਡੇ ਲਈ ਹਮੇਸ਼ਾਂ ਪ੍ਰੇਰਨਾ ਦਾ ਸਰੋਤ ਰਹੇਗੀ ਤੇ ਸਾਡੇ ਲਈ ਰਾਹ ਦਸੇਰਾ



ਰਹੇਗੀ। ਆਗੂਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸੰਘਰਸ਼ ਆਖਰੀ ਸਾਹਾਂ ਤੱਕ ਜਾਰੀ ਰਹੇਗਾ।ਆਪਣੇ ਹੱਕਾਂ ਲਈ ਸ਼ਾਂਤਮਈ ਲੰਬੇ ਸਮੇਂ ਤੋਂ ਪ੍ਰਦਰਸ਼ਨ ਕਰਦੇ ਸੋਨਮ ਵਾਂਗਚੁਕ ਵਰਗੇ ਲੋਕਾਂ ਤੇ ਦੇਸ਼ ਧ੍ਰੋਹ ਦੇ ਝੂਠੇ ਮੁੱਕਦਮੇ ਦਰਜ਼ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਸਾਨੂੰ ਸ਼ਹੀਦਾਂ ਦੀ ਕੁਰਬਾਨੀ ਤੇ ਵਿਚਾਰਧਾਰਾ ਤੋਂ ਸੇਧ ਲੈਣ ਦੀ ਲੋੜ ਹੈ ਅਤੇ ਇੱਕਮੁੱਠ ਹੋ ਕੇ ਅਨਿਆ ਵਿਰੁੱਧ ਆਵਾਜ਼ ਉਠਾਉਣ ਦੀ ਲੋੜ ਹੈ। ਇਸ ਮੌਕੇ ਇਨਕਲਾਬੀ ਸਟੂਡੈਂਟਸ ਫੈਡਰੇਸ਼ਨ ਵਲੋਂ ਅਕਾਸ਼ ਸੰਧੂ, ਗੁਰਜੋਤ ਸਿੰਘ, ਸੁਖਜਿੰਦਰ ਸਿੰਘ ਤੇ ਪੰਕਜ਼ ਬੈਂਸ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮਾਸਟਰ ਬਖਸ਼ੀ ਰਾਮ, ਜਸਵੀਰ ਕੁਮਾਰ ਚੁੰਬਰ, ਅਕਾਸ਼ ਸੰਧੂ, ਗ਼ਰੀਬ ਦਾਸ, ਲੰਬਰਦਾਰ ਗੁਰਮੀਤ ਸਿੰਘ ਭੋਲੇਵਾਲ, ਮੱਘਰ ਜਗਤਪੁਰ, ਸਰੂਪ ਕਲੇਰ, ਦਲਵੀਰ ਹੀਰ, ਵਿਜੇ ਬੰਗੜ, ਦੀਪਕ ਕੁਮਾਰ, ਹਰਮਿੰਦਰ ਸਿੰਘ ਬੂਰਾ ਭਾਰਤੀ ਕਿਸਾਨ ਯੂਨੀਅਨ ਦੋਆਬਾ, ਜਥੇਦਾਰ ਤੇਜਾ ਸਿੰਘ, ਸੁੱਖਵਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਦੋਆਬਾ, ਸੁਰਿੰਦਰ ਪਾਲ ਸਿੰਘ ਮੀਆਂਵਾਲ, ਡਾਕਟਰ ਮਲਕੀਤ ਸਿੰਘ ਫਿਲੌਰ, ਅਰਸ਼ਪ੍ਰੀਤ, ਬਲਜੀਤ ਕੁਮਾਰ, ,ਗੁਰਵਿੰਦਰ ਕੁਮਾਰ, ਜਸਦੀਪ, ਸਚਿਨ ਭਾਨਿਆ, ਸੰਦੀਪ ਕੁਮਾਰ, ਦਾਮਨ, ਪ੍ਰਭਾਕਰ, ਲਖਬੀਰ, ਸੌਰਵ, ਹੇਮ ਲਾਲ, ਸਾਬੀ ਰਾਮ ਲਾਲ, ਮੱਖਣ ਰਾਮ, ਤਰਸੇਮ ਲਾਲ, ਅਸ਼ੋਕ ਭਟੋਏ, ਸੁਨੀਲ ਜੱਸਲ ਆਦਿ ਹਾਜ਼ਰ ਸਨ।

# ਬਾਈਕ ਰਾਈਡਰਸ ਦਿਲ ਦੀ ਸਿਹਤ ਤੇ ਸਫ਼ਾਈ ਦਾ ਸੁਨੇਹਾ ਲੈ ਕੇ ਮੋਹਾਲੀ ਪਹੁੰਚੇ



**ਮੋਹਾਲੀ, (ਗੁਰਜੀਤ ਬਿੱਲਾ)**-ਫਿਟਨੈੱਸ, ਲੋਕਾਂ ਦੀ ਭਾਗੀਦਾਰੀ ਅਤੇ ਸਿਹਤ ਸਚੇਤਨਾ ਨੂੰ ਇਕੱਠੇ ਕਰਦਿਆਂ ਸ਼ੈਲਬੀ ਮਲਟੀ ਸਪੈਸ਼ਿਆਲਿਟੀ ਹਸਪਤਾਲ, ਮੋਹਾਲੀ ਨੇ ਨਗਰ ਨਿਗਮ ਚੰਡੀਗੜ੍ਹ ਅਤੇ ਦ ਥੰਪਰਜ਼ ਕੈਫੇ ਦੇ ਸਹਿਯੋਗ ਨਾਲ ਵਰਲਡ ਹਾਰਟ ਡੇ ਬਾਇਕਾਥਾਨ ਦਾ ਆਯੋਜਨ ਕੀਤਾ। ਇਸ ਮੌਕੇ ’ਤੇ ਟ੍ਰਾਈਸਿਟੀ ਤੋਂ 300 ਤੋਂ ਵੱਧ ਬਾਈਕ ਰਾਈਡਰਾਂ ਨੇ ਦਿਲ ਦੀ ਸਿਹਤ ਅਤੇ ਸਫ਼ਾਈ ਦਾ ਸੁਨੇਹਾ ਦਿੰਦਿਆਂ ਚੰਡੀਗੜ੍ਹ ਤੋਂ ਸ਼ੈਲਬੀ ਮੋਹਾਲੀ ਤੱਕ ਰਾਈਡ ਕੀਤੀ।ਪ੍ਰੋਗਰਾਮ ਦੀ ਸ਼ੁਰੂਆਤ ਨਗਰ ਨਿਗਮ ਚੰਡੀਗੜ੍ਹ ਦੇ ਦਫ਼ਤਰ ਤੋਂ ਹੋਈ, ਜਿੱਥੇ ਨੁੱਕੜ ਨਾਟਕ ਰਾਹੀਂ ਸਵੱਛ ਭਾਰਤ ਮਿਸ਼ਨ ਦਾ ਸੁਨੇਹਾ ਦਿੱਤਾ ਗਿਆ ਅਤੇ ਲੋਕਾਂ ਨੂੰ ਆਪਣੇ ਆਲੇ-ਦੁਆਲੇ ਸਫ਼ਾਈ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਬਾਈਕ ਰੈਲੀ ਨੂੰ ਨਗਰ ਨਿਗਮ ਚੰਡੀਗੜ੍ਹ ਦੀ ਡਾ. ਇੰਦਰਦੀਪ ਕੌਰ, ਮੈਡੀਕਲ ਆਫ਼ਿਸ਼ਰ ਆਫ਼ ਹੈਲਥ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਰਾਈਡਰਾਂ ਨੇ ਸਰਗਰਮ ਅਤੇ ਦਿਲ-ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦਾ ਆਹਵਾਨ ਕੀਤਾ।ਸ਼ੈਲਬੀ ਹਸਪਤਾਲ ਮੋਹਾਲੀ ਪਹੁੰਚਣ ‘ਤੇ ਹਿੱਸਾ ਲੈਣ ਵਾਲਿਆਂ ਨੇ ਡਾ. ਲੋਵਲ ਗੁਪਤਾ, ਹੈਡ, ਇਮਰਜੈਂਸੀ ਅਤੇ ਟ੍ਰੌਮਾ ਸਰਵਿਸਿਜ਼ ਵੱਲੋਂ ਚਲਾਇਆ ਗਿਆ ਇਮਰਜੈਂਸੀ ਪ੍ਰਿਪੇਅਰਡਨੈਸ ਸੈਸ਼ਨ ਵਿਚ ਹਿੱਸਾ ਲਿਆ। ਇਸ ਦੌਰਾਨ ਦਿਲ ਦੇ ਦੌਰੇ ਜਾਂ ਹੋਰ ਮੈਡੀਕਲ ਇਮਰਜੈਂਸੀ ਦੇ ਸਮੇਂ ਤੇ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਰਨ ਲਈ ਮਹੱਤਵਪੂਰਨ ਸੁਝਾਅ ਸਾਂਝੇ ਕੀਤੇ ਗਏ।

# ਲਾਇਨ ਧੀਰਜ ਮੱਕੜ ਨੇ ਸਕੂਲ ਦੀ ਮੁਰੰਮਤ ਲਈ 5,000 ਰੁਪਏ ਭੇਜੇ : ਮੀਨੂੰ ਭੁੱਟਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਕਲੱਬ ਦੇ ਸੀਨੀਅਰ ਲਾਇਨ ਲੀਡਰ ਕਲੱਬ ਐਡਮਨਿਸਟ੍ਰੇਟਰ ਲਾਇਨ ਧੀਰਜ ਕੁਮਾਰ ਮੱਕੜ ਦੇ ਦਿਸ਼ਾ-ਨਿਰਦੇਸ਼ ਅਨੁਸਾਰ, ਚਾਰਟਰ ਪ੍ਰਧਾਨ ਲਾਇਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ ਸੇਵਾ ਕਾਰਜ ਦੀ ਲੜੀ ਨੂੰ ਅਗੇ ਤੋਰਦੇ ਹੋਏ, ਕਲੱਬ ਦੇ ਨਵੇਂ ਬਣੇ ਲਾਇਨ ਮੈਂਬਰ ਲਾਇਨ ਵਿਕਾਸ ਚੋਪੜਾ ਦਾ ਜਨਮ ਦਿਨ ਵਿਕਾਸ ਚੋਪੜਾ ਅਤੇ ਆਰਤੀ ਚੋਪੜਾ ਦੇ ਸਹਿਯੋਗ ਨਾਲ ਸਰਕਾਰੀ ਪਬਲਿਕ ਸਕੂਲ ਆਜ਼ਾਦ ਚੌਂਕ ਬੰਗਾ ਵਿਖੇ ਬੱਚਿਆਂ ਨੂੰ ਪੜਾਈ ਨਾਲ ਸਬੰਧਤ ਸਟੇਸ਼ਨਰੀ ਵੰਡ ਕੇ ਮਨਾਇਆ ਗਿਆ।ਇਹ ਸਾਰਾ ਪ੍ਰੋਗਰਾਮ ਕਲੱਬ ਦੇ ਖਜਾਨਚੀ ਰੋਹਿਤ ਚੋਪੜਾ ਨੇ ਅਮਰੀਕਾ ਵਿੱਚ ਰਹਿੰਦੇ ਕਲੱਬ ਦੇ ਐਡਮਨਿਸਟ੍ਰੇਟਰ ਲਾਇਨ ਧੀਰਜ ਕੁਮਾਰ ਮੱਕੜ ਨੂੰ ਵੀਡੀਓ ਕਾਲ ਕਰਕੇ ਦਿਖਾਇਆ, ਜਿਸਨੂੰ ਦੇਖਣ ਤੋਂ ਬਾਅਦ ਧੀਰਜ ਕੁਮਾਰ ਮੱਕੜ ਨੇ ਆਪਣੇ ਵੱਲੋਂ ਅਨੂੰ ਰਾਣੀ ਨੂੰ ਸਕੂਲ ਦੀ ਮੁਰੰਮਤ ਲਈ ਪੰਜ ਹਜ਼ਾਰ ਰੁਪਏ ਦਾ ਚੈੱਕ ਪ੍ਰਧਾਨ ਮੀਨੂੰ ਭੁੱਟਾ ਦੇ ਹੱਥੋ ਸਮੂਹ ਲਾਇਨ ਮੈਂਬਰਾਂ ਅਤੇ ਸਕੂਲ ਦੇ ਸਟਾਫ ਦੇ ਸਾਹਮਣੇ ਦਵਾਇਆ। ਇਸ ਵਿਸ਼ੇਸ਼ ਸਮਾਗਮ ਦੌਰਾਨ ਕਲੱਬ ਮੈਂਬਰ ਰੋਹਿਤ ਚੋਪੜਾ, ਪ੍ਰੀਆ ਚੋਪੜਾ, ਵਿਕਾਸ ਚੋਪੜਾ, ਆਰਤੀ ਚੋਪੜਾ, ਵਨੀਤਾ ਕੁਮਾਰੀ, ਕਮਲਜੀਤ ਰਾਏ, ਲਾਭਦੀਪ ਸਿੰਘ, ਤਨਵੀਰ ਸਿੰਘ, ਨਿਧੀ ਕਪੂਰ, ਸ਼ੈਨਣ, ਸੁਧੀਰ ਕੁਮਾਰ, ਜਸਪ੍ਰੀਤ ਸਿੰਘ ਜੱਸੀ, ਯੁਵਰਾਜ ਸਿੰਘ ਅਤੇ ਸਕੂਲ ਦੇ ਸਮੂਹ ਸਟਾਫ ਮੈਂਬਰ ਸ਼ਾਮਲ ਹੋਏ।

# ਖ਼ੂਨਦਾਨ ਕੈਂਪ ’ਚ 233 ਸ਼ਰਧਾਲੂਆਂ ਨੇ ਕੀਤਾ ਖ਼ੂਨਦਾਨ

**ਲਾਲੜੂ, (ਵਿਨੈ ਕੁਮਾਰ ਜੈਨ)**

ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਸੰਦੇਸ਼ ‘ਸਾਡੇ ਜੀਵਨ ਦਾ ਹਰ ਪਲ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਹੋਵੇ’ ਦੇ ਸੰਦੇਸ਼ ਨੂੰ ਨਿਰੰਕਾਰੀ ਸ਼ਰਧਾਲੂਆਂ ਵੱਲੋਂ ਖ਼ੂਨਦਾਨ ਕੈਂਪਾਂ ਵਿੱਚ ਖ਼ੂਨਦਾਨ ਕਰਕੇ ਦਿੱਤਾ ਜਾ ਰਿਹਾ ਹੈ। ਇਸ ਨੂੰ ਸਾਕਾਰ ਕਰਨ ਲਈ ਸੰਤ ਨਿਰੰਕਾਰੀ ਸਤਿਸੰਗ ਭਵਨ ਲਾਲੜੂ ਵਿਖੇ ਸਾਧਸੰਗਤ ਅਤੇ ਸੇਵਾਦਲ ਵੱਲੋ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 233 ਸ਼ਰਧਾਲੂਆਂ ਨੇ ਖ਼ੂਨਦਾਨ ਕਰਕੇ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਖ਼ੂਨਦਾਨ ਕੈਂਪ ਦਾ ਉਦਘਾਟਨ ਸੰਤ ਨਿਰੰਕਾਰੀ ਮਿਸ਼ਨ ਚੰਡੀਗੜ੍ਹ ਦੇ ਜੋਨਲ ਇੰਚਾਰਜ ਓ.ਪੀ ਨਿੰਰਕਾਰੀ ਨੇ ਆਪਣੇ ਕਰ ਕਮਲਾਂ ਦੁਆਰਾ ਕੀਤਾ। ਇਸ ਖ਼ੂਨਦਾਨ ਕੈਂਪ ਵਿੱਚ ਸਰਕਾਰੀ ਕਾਲਜ ਅਤੇ ਹਸਪਤਾਲ ਸੈਕਟਰ 32 ਦੀ ਟੀਮ ਨੇ ਖ਼ੂਨ ਇਕੱਤਰ ਕੀਤਾ।ਇਸ ਮੌਕੇ ਉਨ੍ਹਾਂ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਉਹ ਖ਼ੂਨਦਾਨ ਕਰਕੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਦੇ ਇਸ ਅਹਿਮ ਉਪਦੇਸ਼ ’ਤੇ ਅਮਲ ਕਰਕੇ ਮਨੁੱਖਤਾ ਦੀ ਸੇਵਾ ’ਚ ਆਪਣਾ ਵੱਡਮੁੱਲਾ ਯੋਗਦਾਨ ਪਾ ਕੇ ਕਿਸੇ ਦੀ ਜਾਨ ਬਚਾਉਣੀ ਚਾਹੀਦੀ ਹੈ। ਇਸ ਮੌਕੇ ਬ੍ਰਾਂਚ ਮੁਖੀ ਸ਼੍ਰੀ ਓਮ ਪ੍ਰਕਾਸ਼ ਨੇ ਮੁੱਖ ਮਹਿਮਾਨ ਅਤੇ ਖ਼ੂਨਦਾਨੀਆਂ ਅਤੇ ਨੇੜਲੇ ਪਿੰਡਾਂ ਤੋਂ ਪਹੁੰਚੇ ਪਿੰਡ ਵਾਸੀਆਂ ਅਤੇ ਡਾਕਟਰ ਰਵਨੀਤ ਕੋਰ ਅਤੇ ਇਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ।ਇਸ ਮੌਕੇ ਤੇ




ਹਲਕਾ ਵਿਧਾਇਕ ਡੇਰਾਬੱਸੀ ਸ੍ਰੀ ਕੁਲਜੀਤ ਸਿੰਘ ਰੰਧਾਵਾ, ਸਾਬਕਾ ਵਿਧਾਇਕ ਸ੍ਰੀ ਐਨ.ਕੇ ਸ਼ਰਮਾ, ਕਾਗਰਸ ਪਾਰਟੀ ਦੇ ਹਲਕਾ ਇੰਚਾਰਗ ਦੀਪਇੰਦਰ ਸਿੰਘ ਢਿਲੋਂ, ਪੰਜਾਬ ਵ/ਸ ਸੀਵਰੇਜ ਬੋਰਡ ਦੇ ਵਾਇਜ ਚੈਅਰਮੈਨ ਸੁਭਾਸ਼ ਸ਼ਰਮਾ, ਨਗਰ ਕੌਂਸਲ ਲਾਲੜੂ ਦੇ ਪ੍ਰਧਾਨ ਸ਼ਤੀਸ ਰਾਣਾ, ਸਰਕਾਰੀ ਹਸਪਤਾਲ ਲਾਲੜੂ ਦੇ ਸੀ.ਐਮ.ਓ. ਨਵੀਨ ਕੋਸ਼ਿਕ, ਐਮ ਸੀ ਮਾਸਟਰ ਮੋਹਨ ਸਿੰਘ, ਐਮ ਸੀ ਪਵਨ ਕੁਮਾਰ ਨਾਰੰਗ, ਸਾਬਕਾ ਐਮ.ਸੀ ਸ੍ਰੀ ਰਘੁਬੀਰ ਜੁਨੈਜਾ, ਬਾਹਵਲਪੁਰੀ ਬਰਾਦਰੀ ਦੇ ਚੈਅਰਮੈਨ ਦੇਵਰਾਜ ਨਾਰੰਗ, ਸ਼ਹਿਰੀ ਪ੍ਰਧਾਨ ਰਘੁਨਾਥ ਨਾਰੰਗ, ਨੇੜੇ ਦੇ ਪਿੰਡਾਂ ਦੇ ਸਰਪੰਚ, ਪੰਚ ਅਤੇ ਸ਼ਹਿਰ ਦੇ ਮੋਹਤਬਰ ਵਿਅਕਤੀ ਮੌਜੂਦ ਰਹੇ।

# ਸੱਚਦੇਵਾ ਸਟਾਕਸ ਵਾਕਥੌਨ ਬਾਰੇ ਵਿਦਿਆਰਥੀਆਂ ਨੂੰ ਦਿੱਤੀ ਜਾਣਕਾਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ 2 ਨਵੰਬਰ 2025 ਨੂੰ 5 ਕਿਲੋਮੀਟਰ ਦੀ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਵਾਕਥੌਨ ਪ੍ਰਤੀ ਕਲੱਬ ਦੇ ਪ੍ਰਧਾਨ ਪਰਮਜੀਤ ਸੱਚਦੇਵਾ ਵੱਲੋਂ ਮੈਰੀ ਗੋਲਡ ਪਬਲਿਕ ਸਕੂਲ ਵਿੱਚ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਸਮੇਂ ਪਰਮਜੀਤ ਸੱਚਦੇਵਾ ਨੇ ਕਿਹਾ ਕਿ ਇਹ ਵਾਕਥੌਨ ਸਾਡੇ ਉੱਘੇ ਐਥਲੀਟ ਸਵ. ਫੌਜਾ ਸਿੰਘ ਨੂੰ ਸਮਰਪਿਤ ਹੈ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਵਾਕਥੌਨ ਵਿੱਚ ਹਰ ਇੱਕ ਸ਼ਹਿਰ ਵਾਸੀ ਭਾਗ ਲੈ ਸਕੇਗਾ ਅਤੇ ਇਸ ਤੋਂ ਇਲਾਵਾ 8 ਸਾਲ ਤੱਕ ਦੇ ਬੱਚਿਆਂ ਲਈ 5 ਕਿਲੋਮੀਟਰ ਦੀ ਸਾਈਕਲੋਥਾਨ ਵੀ ਕਰਵਾਈ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲਈ 50 ਰੁਪਏ ਰਜਿਸਟਰੇਸ਼ਨ ਫੀਸ ਰੱਖੀ ਗਈ ਹੈ ਤੇ ਇਸ ਨਾਲ ਜੋ ਵੀ ਪੈਸਾ ਇਕੱਠਾ ਹੋਵੇਗਾ ਉਹ ਸਾਰਾ ਜੇ ਐੱਸ ਐੱਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਨੂੰ ਦਾਨ ਵਜੋਂ ਦਿੱਤਾ ਜਾਵੇਗਾ।ਪਰਮਜੀਤ ਸੱਚਦੇਵਾ ਨੇ ਦੱਸਿਆ ਕਿ



ਇਸ ਈਵੇਂਟ ਵਿੱਚ ਭਾਗ ਲੈਣ ਵਾਲਿਆਂ ਨੂੰ ਮੈਡਲ, ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਕਲੱਬ ਵੱਲੋਂ ਦਿੱਤੀ ਜਾਵੇਗੀ ਤੇ ਇਹ ਵਾਕਥੌਨ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਹਨੀ ਸਾਹਨੀ, ਵਿਵੇਕ ਸਾਹਨੀ, ਉੱਤਮ ਸਿੰਘ ਸਾਬੀ, ਗੁਰਮੇਲ ਸਿੰਘ, ਅਮਰਿੰਦਰ ਸੈਣੀ, ਸਾਗਰ ਸੈਣੀ, ਅਮਰਿੰਦਰ ਸੈਣੀ, ਮੁਨੀਰ ਨਾਜਰ, ਦੌਲਤ ਸਿੰਘ ਵੀ ਮੌਜੂਦ ਸਨ।

# ਰਿਆਤ ਬਾਹਰਾ ’ਵਰਸਿਟੀ ਵਿਖੇ ‘ਮੈਂਟਰਜ਼ ਐਂਡ ਮਾਰਵਲਜ਼’ ਦਾ ਆਯੋਜਨ




**ਮੋਹਾਲੀ (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਕੰਪਿਊਟਿੰਗ ਅਧੀਨ ਕੰਪਿਊਟਰ ਐਪਲੀਕੇਸ਼ਨ ਵਿਭਾਗ ਵੱਲੋਂ ਮੈਂਟਰਜ਼ ਐਂਡ ਮਾਰਵਲਜ਼-ਏ ਡੇਅ ਆਫ਼ ਟੈਲੇਂਟ ਐਂਡ ਟ੍ਰਿਬਿਊਟ ਨਾਮਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਮਕਸਦ ਮਾਰਗਦਰਸ਼ਨ, ਅਕਾਦਮਿਕ ਉੱਤਮਤਾ ਅਤੇ ਵਿਦਿਆਰਥੀ ਰਚਨਾਤਮਕਤਾ ਦਾ ਜਸ਼ਨ ਮਨਾਉਣਾ ਸੀ। ਇਹ ਪ੍ਰੋਗਰਾਮ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ ਚੇਅਰਮੈਨ ਗੁਰਿੰਦਰ ਸਿੰਘ ਬਾਹਰਾ, ਗਰੁੱਪ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ, ਪ੍ਰੋ ਵਾਈਸ ਚਾਂਸਲਰ ਪ੍ਰੋ. (ਡਾ.) ਸਤੀਸ਼ ਕੁਮਾਰ ਬਾਂਸਲ, ਕਾਰਜਕਾਰੀ ਡਾਇਰੈਕਟਰ ਪ੍ਰੋ. (ਡਾ.) ਸਾਹਿਲ ਵਰਮਾ ਅਤੇ ਵਿਭਾਗ ਮੁਖੀ ਡਾ. ਅਨੀਤਾ ਗੋਇਲ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਕਵਿਤਾਵਾਂ, ਭਾਸ਼ਣਾਂ ਅਤੇ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਆਪਣੇ ਅਧਿਆਪਕਾਂ ਪ੍ਰਤੀ ਧੰਨਵਾਦ ਪ੍ਰਗਟਾਇਆ। ਨਾਚ, ਸੰਗੀਤ, ਸਕਿੱਟਾਂ ਅਤੇ ਕਵਿਤਾ ਨੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਉਤਸ਼ਾਹ ਨੂੰ ਹੋਰ ਵੀ ਚਮਕਾਇਆ। ਫੈਕਲਟੀ ਮੈਂਬਰਾਂ ਨੇ ਵੀ ਪ੍ਰੇਰਨਾਦਾਇਕ ਭਾਸ਼ਣਾਂ ਰਾਹੀਂ ਵਿਦਿਆਰਥੀਆਂ ਨੂੰ ਉੱਤਮਤਾ ਅਤੇ ਜੀਵਨ ਭਰ ਸਿੱਖਣ ਵੱਲ ਪ੍ਰੇਰਿਤ ਕੀਤਾ।ਇਸ ਸਮਾਗਮ ਵਿੱਚ ਵਿਭਾਗ ਵੱਲੋਂ ਬੈਸਟ ਲੀਡਰਸ਼ਿਪ ਅਵਾਰਡ ਪ੍ਰੋ. (ਡਾ.) ਸਾਹਿਲ ਵਰਮਾ, ਕਾਰਜਕਾਰੀ ਡਾਇਰੈਕਟਰ ਨੂੰ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਲਈ ਦਿੱਤਾ ਗਿਆ। ਇਸਦੇ ਨਾਲ ਹੀ, ਆਨਰਿੰਗ ਅਵਾਰਡ ਡਾ. ਅਨੀਤਾ ਗੋਇਲ, ਵਿਭਾਗ ਮੁਖੀ ਨੂੰ ਲੰਬੇ ਸਮੇਂ ਦੀ ਸਮਰਪਿਤ ਸੇਵਾ ਅਤੇ ਵਿਸ਼ੇਸ਼ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ।ਫੈਕਲਟੀ ਮੈਂਬਰਾਂ ਨੂੰ ਵੀ ਉਨ੍ਹਾਂ ਦੇ ਮਾਰਗਦਰਸ਼ਨ ਅਤੇ ਅਕਾਦਮਿਕ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

# ਸੀ ਪੀ ਆਈ (ਐਮ ਐਲ) ਨੇ ਕੀਤੀ ਲੱਦਾਖ਼ ਵਿੱਚ ਦਮਨ ਦੀ ਨਿੰਦਾ

**ਬੰਗਾ (ਅਵਤਾਰ ਕਲੇਰ)** ਸੀ ਪੀ ਆਈ (ਐਮ.ਐਲ) ਨਿਊ ਡੈਮੋਕਰੇਸੀ ਨੇ 24 ਸਤੰਬਰ ਨੂੰ ਲੱਦਾਖ ਵਿੱਚ ਨੌਜਵਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਵਿਰੁੱਧ ਤਾਕਤ ਦੀ ਵਰਤੋਂ ਦੀ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਆਗੂਆਂ ਕੁਲਵਿੰਦਰ ਸਿੰਘ ਵੜੈਚ ਅਤੇ ਅਵਤਾਰ ਸਿੰਘ ਤਾਰੀ ਨੇ ਇਸ ਦੀ ਨਿੰਦਾ ਕਰਦਿਆਂ ਕਿਹਾ ਕਿ ਲੱਦਾਖ਼ ਵਿਚ ਗੋਲੀਬਾਰੀ ਦੇ ਨਤੀਜੇ ਵਜੋਂ ਚਾਰ ਨੌਜਵਾਨਾਂ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਜ਼ਖਮੀ ਹੋ ਗਏ।



ਇਹ ਵਿਰੋਧ ਪ੍ਰਦਰਸ਼ਨ ਲੰਬੇ ਸਮੇਂ ਤੋਂ ਚੱਲ ਰਹੇ ਲੱਦਾਖ ਅੰਦੋਲਨ ਦਾ ਹਿੱਸਾ ਸੀ, ਜਿਸ ਦੀਆਂ ਮੁੱਖ ਮੰਗਾਂ ਰਾਜ ਦਾ ਦਰਜਾ ਅਤੇ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨਾ ਹਨ। ਪ੍ਰਸਿੱਧ ਕਾਰਕੁਨ ਸੋਨਮ ਵਾਂਗਚੁਕ ਅਤੇ 34 ਹੋਰ 10 ਸਤੰਬਰ ਤੋਂ ਭੁੱਖ ਹੜਤਾਲ ’ਤੇ ਸਨ। 23 ਸਤੰਬਰ ਨੂੰ ਉਨ੍ਹਾਂ ਵਿੱਚੋਂ ਦੋ ਬਜ਼ੁਰਗਾਂ ਦੀ ਹਾਲਤ ਵਿਗੜ ਗਈ ਅਤੇ ਉਹਨਾ ਨੂੰ ਹਸਪਤਾਲ ਲਿਜਾਣਾ ਪਿਆ। ਇਸ ਨਾਲ ਨੌਜਵਾਨਾਂ ਵਿੱਚ ਗੁੱਸਾ ਫੈਲ ਗਿਆ, ਅਤੇ ਲਗਭਗ 5,000 ਲੋਕ ਵਿਰੋਧ ਪ੍ਰਦਰਸ਼ਨ ਸਥਾਨ ਤੋਂ ਬਾਹਰ ਚਲੇ ਗਏ। ਰਿਪੋਰਟਾਂ ਦੇ ਅਨੁਸਾਰ, ਭਾਜਪਾ ਦਫਤਰ ਅਤੇ ਲੱਦਾਖ ਆਟੋਨੋਮਸ ਹਿੱਲ ਡਿਵੈਲਪਮੈਂਟ ਕੌਂਸਲ ਦੇ ਦਫਤਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਆਗੂਆਂ ਨੇ ਕਿਹਾ ਕਿ ਸੱਤਾਧਾਰੀ ਆਰ ਐਸ ਐਸ-ਭਾਜਪਾ ਨੇ ਇਸ ਸਰਹੱਦੀ ਖੇਤਰ (ਕੇਂਦਰ ਸ਼ਾਸਿਤ ਪ੍ਰਦੇਸ਼) ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਬਹੁਤ ਜ਼ਿਆਦਾ ਅਸੰਵੇਦਨਸ਼ੀਲਤਾ ਦਿਖਾਈ ਹੈ। ਪ੍ਰਦਰਸ਼ਨਕਾਰੀਆਂ ਦੇ ਵਿਗੜਦੇ ਹਾਲਾਤਾਂ ਦੇ ਬਾਵਜੂਦ ਕੇਂਦਰ ਸਰਕਾਰ ਨੇ ਗੱਲਬਾਤ ਲਈ ਬਹੁਤ ਬਾਅਦ ਦੀ ਤਰੀਕ 6 ਅਕਤੂਬਰ ਨਿਰਧਾਰਤ ਕੀਤੀ। ਪ੍ਰਦਰਸ਼ਨਕਾਰੀ ਜਲਦੀ ਗੱਲਬਾਤ ਦੀ ਮੰਗ ਕਰ ਰਹੇ ਸਨ। ਪਰ ਸਰਕਾਰ ਨੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ।ਆਗੂਆਂ ਨੇ ਮੰਗ ਕੀਤੀ ਕਿ ਦਮਨ ਨੂੰ ਤੁਰੰਤ ਬੰਦ ਕੀਤਾ ਜਾਵੇ। ਕੇਂਦਰ ਸਰਕਾਰ ਨੂੰ ਤੁਰੰਤ ਛੇਵੀਂ ਸ਼ਡਿਊਲ ਵਿੱਚ ਇਸ ਖੇਤਰ ਨੂੰ ਸ਼ਾਮਲ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਇਸਨੂੰ ਰਾਜ ਦਾ ਦਰਜਾ ਦੇਣ ਲਈ ਕਦਮ ਚੁੱਕਣੇ ਚਾਹੀਦੇ ਹਨ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਖ਼ੂਨਦਾਨ ਕੈਂਪ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਸ਼ਹੀਦ-ਏ- ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਯੁਵਕ ਸੇਵਾਵਾਂ ਬੋਰਡ ਅਤੇ ਯੂਥ ਬਿੰਗ ਆਮ ਆਦਮੀ ਪਾਰਟੀ ਹਲਕਾ ਟਾਂਡਾ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਲਾ ਪ੍ਰਧਾਨ ਯੂਥ ਵਿੰਗ ਮਨਵੀਰ ਸਿੰਘ ਝਾਵਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਤੇ ਹਲਕਾ ਟਾਂਡਾ ਦੇ ਪ੍ਰਧਾਨ ਅਮਰਜੀਤ ਧਾਲੀਵਾਲ ਦੀ ਦੇਖ ਰੇਖ ਲਗਾਏ ਗਏ ਇਸ ਕੈਂਪ ਦੌਰਾਨ ਸੰਤ ਬਾਬਾ ਰੰਗੀ ਰਾਮ ਜੀ ਚੈਰੀਟੇਬਲ ਹਸਪਤਾਲ ਦੀ ਟੀਮ ਨੇ ਪਰਮਿੰਦਰ ਸਿੰਘ ਸੋਨੀ ਦੀ ਅਗਵਾਈ ਵਿੱਚ ਸੇਵਾਵਾਂ ਪ੍ਰਦਾਨ ਕਰਦੇ ਹੋਏ 40 ਯੂਨਿਟ ਖ਼ੂਨ ਇਕੱਤਰ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਪਹੁੰਚੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾਈ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਸਾਡੇ ਵੱਲੋਂ ਦਾਨ ਕੀਤਾ ਗਿਆ ਕਿਸੇ ਵੀ ਲੋੜਵੰਦ ਦੀ ਸਮੇਂ ਸਹਾਇਤਾ ਕਰਕੇ ਜਾਨ ਬਚਾ ਸਕਦਾ ਹੈ । ਇਸ ਮੌਕੇ ਉਨਾਂ ਨੇ ਨੌਜਵਾਨ ਵਰਗ ਨੂੰ ਸ਼ਹੀਦ- ਏ- ਆਜ਼ਮ ਭਗਤ ਸਿੰਘ ਜੀ ਦੀ ਸ਼ਹੀਦੀ ਤੋਂ ਪ੍ਰੇਰਨਾ ਲੈ ਕੇ ਰਾਸ਼ਟਰ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਵਿਧਾਇਕ ਰਾਜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸਮੁੱਚੇ ਤੌਰ ਤੇ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸਮਰਪਿਤ ਇਹ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ। ਇਸ ਸਮੇਂ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਕਰਨ ਵਾਲੇ ਨੌਜਵਾਨਾਂ ਦਾ



ਸਨਮਾਨ ਵੀ ਕੀਤਾ। ਹਲਕਾ ਪ੍ਰਧਾਨ ਯੂਥ ਵਿੰਗ ਆਮ ਆਦਮੀ ਪਾਰਟੀ ਅਮਰਜੋਤ ਧਾਲੀਵਾਲ ਨੇ ਯੋਗਦਾਨ ਕਰਨ ਵਾਲੇ ਸਮੂਹ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ।ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ, ਕੌਂਸਲਰ ਹਰਿਕ੍ਰਿਸ਼ਨ ਸੈਣੀ, ਸੋਨੂ ਖੰਨਾ, ਅਨਿਲ ਗੋਰਾ, ਗਗਨਦੀਪ ਭਾਟੀਆ, ਪ੍ਰੇਮ ਪਡਵਾਲ, ਗੁਰ ਜੀਵਨ ਸਿੰਘ, ਪ੍ਰਕਾਸ਼ ਸਿੰਘ, ਅਮਨਦੀਪ ਸੈਣੀ ਹਰਸੀ ਪਿੰਡ ,ਕਰਮਜੀਤ ਸਿੰਘ, ਕਰਮਵੀਰ ਸਿੰਘ, ਰਾਜਵਿੰਦਰ ਸਿੰਘ, ਲੇਖ ਰਾਜ ਅਈਆਪੁਰ, ਰਾਜਨ ਸੋਧੀ, ਹਰਪ੍ਰੀਤ ਹੈਰੀ, ਬਲਜੀਤ ਸੈਣੀ, ਮੋਹਿਤ, ਮਨਵੀਰ ਸਿੰਘ, ਵਿਕਾਸ ਰਾਣਾ, ਸੁਖਦੀਪ ਸਿੰਘ , ਸਨਮਦੀਪ ਸਿੰਘ ਹਰਵਿੰਦਰ ਪਾਲ ਸਿੰਘ, ਸੁੱਚ ਦੀਪ ਸਿੰਘ, ਵਿਕਾਸ ਰਾਣਾ, ਅੰਮ੍ਰਿਤਪਾਲ ਸਿੰਘ, ਕੁਨਾਲ ਤੇਜੀ, ਦੀਪਕ ਭੀਲ, ਜਸਵਿੰਦਰ ਜੱਸੀ, ਹਰਮੀਤ ਵੜੈਚ, ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

# ਭਗਤ ਸਿੰਘ ਦੇ ਜਨਮ ਦਿਨ ’ਤੇ ਵੈੱਲਫੇਅਰ ਸੁਸਾਇਟੀ ਨੇ ਲੱਡੂ ਵੰਡੇ



**ਫਿਲੌਰ, (ਨਿਰਮਲ)**- ਸ਼ਹੀਦੇ-ਏ-ਆਜਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਦੀ ਖ਼ੁਸ਼ੀ ’ਚ ਬਾਬਾ ਮੋਤੀ ਰਾਮ ਮਹਿਰਾ ਵੈਲਵੇਅਰ ਸੁਸਾਇਟੀ ਪੰਜਾਬ ਵਲੋਂ ਫਿਲੌਰ ਸ਼ਹਿਰ ’ਚ ਲੱਡੂ ਵੰਡੇ। ਇਸ ਮੌਕੇ ਬਾਬਾ ਮੋਤੀ ਰਾਮ ਮਹਿਰਾ ਜੀ ਵੈਲਫੇਅਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਤਰਸੇਮ ਰੁਪਾਣਾ, ਉੱਘੇ ਸਮਾਜ ਸੇਵੀ ਡਾਕਟਰ ਕੁਲਦੀਪ ਰਾਏ ਨੇ ਸ਼ਹੀਦੇ ਆਜਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਦੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਕਿਹਾ ਸਾਨੂੰ ਸਰਦਾਰ ਭਗਤ ਸਿੰਘ ਜੀ ਦੀਆਂ ਸਿੱਖਿਆਵਾਂ ਤੇ ਚੱਲਕੇ ਸਮਾਜ ਸੇਵੀ ਉਪਾਰਲੇ ਕਰਨੇ ਚਾਹੀਦੇ ਹਨ।ਉਨ੍ਹਾਂ ਗ੍ਰਾਮ ਪੰਚਾਇਤਾਂ, ਕਲੱਬਾਂ, ਧਾਰਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਖੇਡ ਮੇਲੇ, ਨਸ਼ਿਆਂ ਖਿਲਾਫ ਨੁੱਕੜ ਨਾਟਕ ਪਿੰਡ ਪਿੰਡ ਸਹਿਰ ਸਹਿਰ ਕਸਬਿਆਂ ’ਚ ਕਰਵਾਉਣੇ ਚਾਹੀਦੇ ਹਨ। ਇਸ ਮੌਕੇ ਮਨੀ ਧਾਲੀਵਾਲ, ਵਰਿੰਦਰ ਸੈਣੀ, ਪੱਤਰਕਾਰ ਸੁਰਜੀਤ ਸਿੰਘ ਬਰਨਾਲਾ, ਐਡਵੋਕੇਟ ਅਜੈ ਫਿਲੌਰ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਅਤੇ ਵਰਕਰ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ’ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜ਼ਲੀ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਦੇ ਸ਼ਹੀਦ ਭਗਤ ਸਿੰਘ ਚੌਂਕ ’ਚ ਪਹੁੰਚ ਕੇ ਉਨ੍ਹਾਂ ਦੇ ਬੁੱਤ ’ਤੇ ਫੁੱਲ ਭੇਟ ਕਰਕੇ ਸ਼ਰਧਾਂਜ਼ਲੀ ਭੇਟ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿਚ ਪਾਰਟੀ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦੇ ਅਤੇ ਆਮ ਨਾਗਰਿਕ ਵੀ ਮੌਜੂਦ ਸਨ। ਵਿਧਾਇਕ ਜਿੰਪਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਮਹਿਜ਼ 23 ਸਾਲ ਦੀ ਉਮਰ ਵਿਚ ਦੇਸ਼ ਦੀ ਆਜ਼ਾਦੀ ਲਈ ਖ਼ੁਸ਼ੀ ਨਾਲ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਦਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ਤੇ ਚੱਲਣ, ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣ ਅਤੇ ਸਿੱਖਿਆ, ਸੇਵਾ ਅਤੇ ਦੇਸ਼ ਭਗਤੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ।ਇਸ ਮੌਕੇ ਵਿਧਾਇਕ ਨੇ ਇਹ ਵੀ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸਿਰਫ਼ ਸ਼ਰਧਾਂਜਲੀ ਦਾ ਦਿਨ ਨਹੀਂ ਹੈ, ਸਗੋਂ ਸਮਾਜ ਵਿਚ ਜਾਗਰੂਕਤਾ ਅਤੇ ਬਦਲਾਅ ਲਿਆਉਣ ਦੀ ਵਚਨਬੱਧਤਾ ਦਾ ਦਿਨ ਵੀ ਹੈ। ਉਨ੍ਹਾਂ ਲੋਕਾਂ ਨੂੰ ਇੱਕਜੁੱਟ ਹੋ ਕੇ ਖ਼ੁਸ਼ਹਾਲ, ਸਿਹਤਮੰਦ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਮੁਖੀ ਰਾਮ, ਐਡਵੋਕੇਟ ਅਮਰਜੋਤ ਸੈਣੀ, ਭਾਰਤ ਭੂਸ਼ਣ ਵਰਮਾ, ਸੁਮੇਸ਼ ਸੋਨੀ, ਵਰਿੰਦਰ ਵੈਦ, ਅਸ਼ਵਨੀ ਛੋਟਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।



# ਫਰਾਲਾ ਵਿਖੇ ਛਿੰਝ ਮੇਲਾ ਕਰਵਾਇਆ

**ਬੰਗਾ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਫਰਾਲਾ ਵਿਖੇ ਸਾਲਾਨਾ ਛਿੰਞ ਮੇਲਾ ਸਪੋਰਟਸ ਕਲੱਬ, ਗ੍ਰਾਮ ਪੰਚਾਇਤ, ਐਨ ਆਰ ਆਈ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਛਿੰਞ ਮੇਲੇ ’ਚ 50 ਦੇ ਕਰੀਬ ਨਾਮਵਰ ਪਹਿਲਵਾਨਾਂ ਨੇ ਹਿੱਸਾ ਲਿਆ। ਪਟਕੇ ਦੀ ਕੁਸ਼ਤੀ ਪ੍ਰਵੀਨ ਕੋਹਾਲੀ ਅਤੇ ਆਰੀਅਨ ਦਿੱਲੀ ਵਿਚਕਾਰ ਹੋਈ ਜਿਸ ਵਿੱਚ ਪ੍ਰਵੀਨ ਕੋਹਾਲੀ ਜੇਤੂ ਰਿਹਾ। ਪ੍ਰਬੰਧਕਾਂ ਵੱਲੋਂ ਜੇਤੂ ਅਤੇ ਉੱਪ ਜੇਤੂ ਪਹਿਲਵਾਨਾਂ ਨੂੰ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ। ਪ੍ਰਧਾਨ ਸੰਤੋਖ ਸਿੰਘ ਅਟਵਾਲ ਅਤੇ ਜਨਰਲ ਸਕੱਤਰ ਜਸਵਿੰਦਰ ਮੱਟੂ ਵਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਖੇਡ ਮੇਲੇ ਕਰਵਾਉਣੇ ਚਾਹੀਦੇ ਹਨ ਤਾਂ ਕਿ ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿ ਸਕੇ। ਉਹਨਾਂ ਪਹੁੰਚੇ ਹੋਏ ਪਹਿਲਵਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਸੰਤ ਪ੍ਰੇਮ ਦਾਸ ਜੀ ਡੇਰਾ ਬਾਬਾ ਦੁੱਧਾਧਾਰੀ ਫਰਾਲਾ, ਪ੍ਰਧਾਨ ਸੰਤੋਖ ਸਿੰਘ ਅਟਵਾਲ, ਜਨਰਲ ਸਕੱਤਰ ਜਸਵਿੰਦਰ ਮੱਟੂ, ਸਰਪੰਚ ਗੁਰਜਿੰਦਰ ਕੌਰ, ਬਾਬਾ ਗੁਰਪ੍ਰੀਤ ਸਿੰਘ, ਰਣਇੰਦਰ ਸਿੰਘ ਪ੍ਰਧਾਨ ਕਿਸਾਨ ਯੂਨੀਅਨ, ਜੀਤ ਰਾਮ ਸਾਬਕਾ ਸਰਪੰਚ ਤੋਂ ਇਲਾਵਾ ਦਰਸ਼ਕ ਹਾਜ਼ਰ ਸਨ।



# ਪਵਨ ਕੁਮਾਰ ਬੱਧਣ ਬੇਗਮਪੁਰਾ ਟਾਈਗਰ ਫੋਰਸ ਦੇ ਸ਼ਹਿਰੀ ਪ੍ਰਧਾਨ ਨਿਯੁਕਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ ਅਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿੱਚ ਚੇਅਰਮੈਨ ਤਰਸੇਮ ਦੀਵਾਨਾ, ਉਪ ਚੇਅਰਮੈਨ ਕ੍ਰਿਸ਼ਨ ਲਾਲ ਬਲੀਏਵਾਲ, ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ, ਉਪ ਪ੍ਰਧਾਨ ਪੰਜਾਬ ਡਾ. ਸੁਰਿੰਦਰ ਜਖੂ, ਸਕੱਤਰ ਪੰਜਾਬ ਕਸ਼ਮੀਰ ਲਾਲ ਚੱਕੀ ਵਾਲਾ, ਸੀਨੀਅਰ ਮੈਂਬਰ ਗੁਰਨਾਮ ਸਿੰਘ ਅਤੇ ਅਨਿਲ ਕੁਮਾਰ ਬੰਟੀ ਹਲਕਾ ਪ੍ਰਧਾਨ ਹਰਿਆਣਾ ਭੂੰਗਾ ਆਦਿ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਮੌਕੇ ਪਵਨ ਕੁਮਾਰ ਬੱਧਣ ਉਰਫ ਗੋਲਡੀ ਦੀਵਾਨਾ ਨੂੰ ਬੇਗਮਪੁਰਾ ਟਾਈਗਰ ਫੋਰਸ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਨਜ਼ਦੀਕੀ ਪਿੰਡ ਅਹਿਰਾਣਾ ਕਲਾਂ ਵਿਖੇ ਬੇਗਮਪੁਰਾ ਟਾਈਗਰ ਫੋਰਸ ਦੇ ਯੂਨਿਟ ਦਾ ਗਠਨ ਵੀ ਕੀਤਾ ਗਿਆ ਜਿਸ ਵਿੱਚ ਗੁਰਦੀਪ ਕੁਮਾਰ ਪ੍ਰਧਾਨ ਬਲਾਕ ਮੇਹਟੀਆਣਾ, ਕੁਲਵੰਤ ਸਿੰਘ ਸੀਨੀਅਰ ਮੀਤ ਪ੍ਰਧਾਨ, ਸਰਬਜੀਤ ਸੰਧੂ ਉਪ ਪ੍ਰਧਾਨ, ਅਜਮੇਰ ਸਿੰਘ, ਹਰਜੋਤ ਸਿੰਘ, ਤਰਸੇਮ ਸਿੰਘ, ਗੁਰਮੀਤ ਸਿੰਘ ਅਤੇ ਸੋਮਾ ਨੂੰ ਬਲਾਕ ਮੇਹਟੀਆਣਾ ਤੋਂ ਸਕੱਤਰ ਨਿਯੁਕਤ ਕੀਤਾ ਗਿਆ। ਚੁਣੇ ਗਏ ਨਵ ਨਿਯੁਕਤ ਅਹੁਦੇਦਾਰਾਂ ਨੇ ਪ੍ਰਣ ਕੀਤਾ ਕਿ ਫੋਰਸ ਵੱਲੋਂ ਸੌਂਪੀ ਗਈ ਜਿੰਮੇਵਾਰੀ ਅਸੀਂ ਤਨ ਮੰਨ ਧੰਨ ਨਾਲ ਨਿਭਾਵਾਂਗੇ। ਇਸ ਮੌਕੇ ਹੋਰਨਾ ਤੋ ਇਲਾਵਾ, ਅਮਰੀਕ ਸਿੰਘ ਰਾਜੂ, ਸਤੀਸ਼ ਕੁਮਾਰ ਬਸੀ ਵਾਹਿਦ ਹਰਜਿੰਦਰ ਜੰਡਿਆਲੀ, ਦਲੀਪ ਚੰਦ, ਗਿਆਨ ਚੰਦ, ਰਾਮ ਮੂਰਤੀ ਸ਼ੇਰਪੁਰ ਗੁਲਿੰਡ, ਅਤੇ ਤਰਸੇਮ ਲਾਲ ਸ਼ੇਰਪੁਰ ਗੁਲਿੰਡ ਆਦਿ ਹਾਜ਼ਰ ਸਨ।

# ਖ਼ੂਨਦਾਨ ਕਰਨ ਨਾਲ ਕਈ ਅਨਮੋਲ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ : ਰਾਜਾ, ਝਾਵਰ, ਧਾਲੀਵਾਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਯੁਵਕ ਸੇਵਾਵਾਂ ਬੋਰਡ ਅਤੇ ਯੂਥ ਵਿੰਗ ਆਮ ਆਦਮੀ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਮਨਵੀਰ ਸਿੰਘ ਝਾਵਰ ਤੇ ਹਲਕਾ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਰੰਗੀ ਰਾਮ ਹਸਪਤਾਲ ਦੇ ਡਾਕਟਰਾਂ ਦੀ ਟੀਮ ਦੇ ਸਹਿਯੋਗ ਨਾਲ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਤੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਆਮ ਆਦਮੀ ਪਾਰਟੀ ਦੇ ਦਫਤਰ ਟਾਂਡਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕੀਤਾ। ਇਸ ਮੌਕੇ ਤੇ ਆਪ ਦੇ ਸੰਗਠਨ ਇੰਚਾਰਜ ਕੇਸ਼ਵ ਸੈਣੀ, ਗੁਰਦੀਪ ਸਿੰਘ ਹੈਪੀ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਸੀਨੀਅਰ ਆਪ ਨੇਤਾ ਸੋਨੂੰ ਖੰਨਾ, ਜਸਵਿੰਦਰ ਜੱਸੀ, ਅਨਿਲ ਕੁਮਾਰ ਗੋਰਾ, ਕੌਂਸਲਰ ਸੁਮਨ ਖੋਸਲਾ, ਕੌਂਸਲਰ ਲਖਵਿੰਦਰ ਸਿੰਘ ਮੁਲਤਾਨੀ, ਦੀਪਕ ਭੀਲ, ਰਾਜਨ ਸੋਧੀ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਏ। ਕੈਂਪ ’ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਈ ਅਨਮੋਲ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਹਰ ਸੰਤ ਮਹਾਂਪੁਰਸ਼ ਨੇ ਇਹ ਹੀ ਸੰਦੇਸ਼ ਦਿੱਤਾ ਹੈ ਕਿ ਸਾਰੇ ਦਾਨਾਂ ਚੋਂ ਦਾਨ ਸਰਵੋਤਮ ਦਾਨ ਖ਼ੂਨਦਾਨ ਹੈ। ਜ਼ਿਲ੍ਹਾ ਪ੍ਰਧਾਨ ਮਨਵੀਰ ਝਾਵਰ ਤੇ ਹਲਕਾ ਪ੍ਰਧਾਨ ਅਮਰਜੀਤ ਧਾਲੀਵਾਲ ਨੇ ਕਿਹਾ ਕਿ ਲਗਾਏ ਗਏ ਇਸ ਖ਼ੂਨਦਾਨ ਕੈਂਪ ਦਾ ਅਸਲ ਮਕਸਦ ਸ਼ਹੀਦ ਭਗਤ ਸਿੰਘ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਨੌਜਵਾਨਾਂ ਨੂੰ ਉਨ੍ਹਾਂ ਦੇ ਆਦਰਸ਼ਾਂ ਤੇ ਚਲਣ ਲਈ ਪ੍ਰੇਰਿਤ ਕਰਨਾ ਹੈ। ਇਸ ਮੌਕੇ ਤੇ ਨੌਜਵਾਨਾਂ ਵੱਲੋਂ 40 ਯੂਨਿਟ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਤੇ ਗਗਨਦੀਪ ਭਾਟੀਆ, ਗੁਰਮੁਖ ਸਿੰਘ, ਰਮਨ ਮੱਟੂ, ਗੁਰ ਜੀਵਨ ਸਿੰਘ, ਹਰਮੀਤ ਵੜੈਚ, ਅਮਨਦੀਪ ਸਿੰਘ, ਕਰਨਵੀਰ ਸਿੰਘ, ਰਾਜਵਿੰਦਰ ਸਿੰਘ, ਮੋਹੀਤ, ਮਨਵੀਰ ਸਿੰਘ, ਵਿਕਾਸ ਰਾਣਾ, ਸਮਰਜੀਤ ਸਿੰਘ, ਜਸਕਰਨ ਤੇ ਹੋਰ ਹਾਜ਼ਰ ਸਨ।



# ਨਜਾਇਜ਼ ਮਾਈਨਿੰਗ ’ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਕੀਤੀ ਕਾਰਵਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ’ਤੇ ਐੱਸ ਡੀ ਐੱਮ ਮੁਕੇਰੀਆਂ ਅੰਕੁਰ ਮਹਿੰਦਰੂ ਦੀ ਅਗਵਾਈ ਵਿਚ ਬੀਤੀ ਰਾਤ ਨਾਜਾਇਜ਼ ਮਾਈਨਿੰਗ ਗਤੀਵਿਧੀਆਂ ਵਿਰੁੱਧ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਗਈ। ਇਸ ਦੌਰਾਨ ਤਿੰਨ ਕਰੈਸ਼ਰਾਂ ਦੀ ਜਾਂਚ ਕੀਤੀ ਗਈ।ਐਸ.ਡੀ.ਐਮ ਮੁਕੇਰੀਆਂ ਅੰਕੁਰ ਮਹਿੰਦਰੂ ਨੇ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਜਾਂਚ ਦੌਰਾਨ ਇਕ ਕਰੈਸ਼ਰ ਜੋ ਮਹੀਨਿਆਂ ਪਹਿਲਾਂ ਸਸਪੈਂਡ ਕੀਤਾ ਜਾ ਚੁੱਕਾ ਸੀ, ਚਾਲੂ ਪਾਇਆ ਗਿਆ। ਮੌਕੇ ’ਤੇ 500 ਕੇ.ਵੀ.ਏ ਦਾ ਜੈਨਸੈਟ ਮਿਲਿਆ, ਜਿਸ ਨੂੰ ਕੁਝ ਸਮੇਂ ਪਹਿਲਾਂ ਹੀ ਬੰਦ ਕੀਤਾ ਗਿਆ ਸੀ। ਤਾਜ਼ਾ ਟਾਇਰਾਂ ਦੇ ਨਿਸ਼ਾਨ, ਜੈਨਸੈਟ ਦਾ ਵੱਧ ਤਾਪਮਾਨ, ਗਿੱਲੀ ਬੱਜਰੀ ਅਤੇ ਜੈਨਸੈਟ ਦੀ 1414 ਘੰਟੇ ਦੀ ਰਨਿੰਗ ਰੀਡਿੰਗ ਇਸ ਗੱਲ ਦਾ ਪ੍ਰਮਾਣ ਸੀ। ਇਸ ਮਾਮਲੇ ਵਿਚ ਥਾਣਾ ਤਲਵਾੜਾ ਵਿਚ ਐਫ.ਆਈ.ਆਰ. ਦਰਜ ਕਰਵਾਉਣ ਲਈ ਰਿਪੋਰਟ ਸੌਂਪ ਦਿੱਤੀ ਗਈ ਹੈ। ਮਾਈਨਿੰਗ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਜੈਨਸੈਟ ਦੀ ਸਮਰੱਥਾ ਅਤੇ ਚੱਲਣ ਦੇ ਘੰਟਿਆਂ ਦੇ ਆਧਾਰ ’ਤੇ ਉਤਪਾਦਿਤ ਮਾਤਰਾ ਦਾ ਮੁਲਾਂਕਣ ਕਰਕੇ ਆਰ-ਨੋਟਿਸ ਜਾਰੀ ਕੀਤਾ ਜਾਵੇ। ਨਾਲ ਹੀ, ਉਕਤ ਜੈਨਸੈਟ ਨੂੰ ਸੀਲ ਕੀਤਾ ਜਾਵੇਗਾ ਤਾਂ ਜੋ ਕਰੈਸ਼ਰ ਦੁਬਾਰਾ ਚਾਲੂ ਨਾ ਹੋ ਸਕੇ। ਇਸ ਤੋਂ ਇਲਾਵਾ ਪੰਜ ਚਾਲਾਨ ਜਾਰੀ ਕੀਤੇ ਗਏ ਅਤੇ ਨਾਜਾਇਜ਼



ਮਾਈਨਿੰਗ ਗਤੀਵਿਧੀਆਂ ਵਿਚ ਸ਼ਾਮਲ ਵਾਹਨਾਂ ਨੂੰ ਜ਼ਬਤ ਕੀਤਾ ਗਿਆ।ਐਸ.ਡੀ.ਐਮ ਨੇ ਦੱਸਿਆ ਕਿ ਇਕ ਹੋਰ ਮਾਈਨਿੰਗ ਸਾਈਟ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧ ਵਿਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਪੱਸ਼ਟ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਾਜਾਇਜ਼ ਮਾਈਨਿੰਗ ’ਤੇ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਗਈ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਜਾਰੀ ਰਹੇਗੀ।

# ਗੁਰਮਤਿ ਸਮਾਗਮ ਦਾ ਆਯੋਜਨ

**ਅੱਡਾ ਸਰਾਂ, (ਜਸਵੀਰ ਕਾਜਲ)**

ਪਿੰਡ ਨੰਗਲ ਫਰੀਦ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਉੜਮੁੜ ਟਾਂਡਾ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਧਾਰਮਿਕ ਦੀਵਾਨ ਸਜਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਮੂਨਕਾਂ ਦੇ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਸੀਕਰੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸਮਾਗਮ ਦੌਰਾਨ ਭਾਈ ਵਰਿੰਦਰ ਸਿੰਘ ਖੱਖ ਦੇ ਰਾਗੀ ਜਥੇ ਨੇ ਜਿੱਥੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕੀਤਾ। ਸਮਾਗਮ ਦੌਰਾਨ ਹਾਜ਼ਰ ਸੰਗਤ ਨੂੰ ਸੰਬੋਧਨ ਕਰਦੇ ਹੋਏ ਸੇਵਾ ਮੁਕਤ ਡਿਪਟੀ ਡੀ ਪੀ ਈ ਓ ਸੁਖਵਿੰਦਰ ਸਿੰਘ ਹੁਸ਼ਿਆਰਪੁਰ, ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੇ ਮੁੱਖ ਸੇਵਾਦਾਰ ਰਵਿੰਦਰ ਸਿੰਘ ਰਵੀ ਅਤੇ ਸਟੇਜ ਸਕੱਤਰ ਜਥੇਦਾਰ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਨਸਾਨੀਅਤ ਦੀ ਖਾਤਰ ਆਪਣੀ ਸ਼ਹਾਦਤ ਦਿੱਤੀ ਤੇ ਸਾਨੂੰ ਸਾਰਿਆਂ ਨੂੰ ਉਹਨਾਂ ਵੱਲੋਂ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ, ਬੁਲਾਰਿਆਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨਗਰ ਦੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਸੰਤ ਬਾਬਾ



ਕੁਲਦੀਪ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ, ਸੁਸਾਇਟੀ ਦੇ ਸਰਪਰਸਤ ਭਾਈ ਸ਼ਰਧਾ ਸਿੰਘ, ਪ੍ਰਚਾਰ ਸਕੱਤਰ ਗਿਆਨੀ ਕੇਵਲ ਸਿੰਘ, ਮਾਸਟਰ ਜਸਵੀਰ ਸਿੰਘ, ਤੀਰਥ ਸਿੰਘ ਉੜਮੁੜ, ਰਵਿੰਦਰ ਸਿੰਘ ਸਿੰਘਾਪੁਰੀ, ਹਰਦੀਪ ਸਿੰਘ, ਬੂਟਾ ਸਿੰਘ, ਨੰਬਰਦਾਰ ਇਕਬਾਲ ਸਿੰਘ ਸਾਬੀ, ਸ਼ਰਨਦੀਪ ਸਿੰਘ, ਤਜਿੰਦਰ ਸਿੰਘ, ਬਲਜੀਤ ਸਿੰਘ, ਜਤਿੰਦਰ ਪਾਲ ਸਿੰਘ, ਸਰਪੰਚ ਰਵਿੰਦਰ ਸਿੰਘ ਸਿੰਘਾਪੁਰੀ , ਪਰਮਜੀਤ ਸਿੰਘ ਪ੍ਰਧਾਨ ਸਮਿਤਰ ਸਿੰਘ, ਸਰਨਦੀਪ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਹਾਜ਼ਰ ਸਨ।

30-SEP-PAGE-10.qxd 9/29/2025 10:51 PM Page 1



## ਆਰ ਐੱਸ ਡੀ ਰਾਜਾ ਰਤਨ ਪਬਲਿਕ ਸਕੂਲ ਦੀ ਨਵੀਂ ਬ੍ਰਾਂਚ 'ਗ੍ਰੋਇੰਗ ਅੱਪ' ਦਾ ਉਦਘਾਟਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਰ ਐੱਸ ਡੀ ਰਾਜਾ ਰਤਨ ਪਬਲਿਕ ਸਕੂਲ ਦੀ ਇਕ ਨਵੀਂ ਬ੍ਰਾਂਚ 'ਗ੍ਰੋਇੰਗ ਅੱਪ' ਦਾ ਉਦਘਾਟਨ ਸਕੂਲ ਕਮੇਟੀ ਦੀ ਅਗਵਾਈ ਹੇਠ ਕੀਤਾ ਗਿਆ। ਇਹ ਨਵੀਂ ਬ੍ਰਾਂਚ ਖਾਸ ਤੌਰ 'ਤੇ ਛੋਟੇ ਬੱਚਿਆਂ ਲਈ ਬਣਾਈ ਗਈ ਹੈ, ਜਿਸ ਵਿੱਚ ਆਧੁਨਿਕ ਸਹੂਲਤਾਂ ਤੇ ਇਕ ਬੱਚਿਆਂ-ਅਨੁਕੂਲ, ਸੁਰੱਖਿਅਤ ਤੇ ਪ੍ਰੇਰਣਾਦਾਇਕ ਮਾਹੌਲ ਹੈ। ਇਸ ਖਾਸ ਮੌਕੇ ਸਕੂਲ ਕਮੇਟੀ ਦੇ ਮੈਂਬਰ, ਅਧਿਆਪਕ, ਮਾਪੇ ਤੇ ਹੋਰ ਕਈ ਮਹਿਮਾਨ ਮੌਜੂਦ ਸਨ। ਪ੍ਰੋਗਰਾਮ ਵਿੱਚ ਆਏ ਸਾਰੇ ਮਹਿਮਾਨਾਂ ਲਈ ਚਾਹ, ਸਨੈਕਸ ਤੇ ਸੁਆਦੀ ਭੋਜਨ ਦਾ ਪ੍ਰਬੰਧ ਕੀਤਾ ਗਿਆ ਸੀ। ਸਕੂਲ ਦੀ ਇਸ ਨਵੀਂ ਪ੍ਰਾਪਤੀ ਦੀ ਖੁਸ਼ੀ ਵਿੱਚ ਸਾਰੇ ਮਹਿਮਾਨਾਂ ਨੂੰ ਮਠਿਆਈਆਂ ਵੀ ਵੰਡੀਆਂ ਗਈਆਂ। ਮੁੱਖ ਮਹਿਮਾਨਾਂ ਵਿੱਚ ਸਕੂਲ ਦੇ ਪ੍ਰਧਾਨ ਐੱਸ ਸੀ ਸਾਂਵਲਕਾ, ਸਾਂਵਲਕਾ, ਸਕੱਤਰ ਰਜਨੀਸ਼ ਸਾਂਵਲਕਾ, ਕਮੇਟੀ ਮੈਂਬਰ ਸਤੀਸ਼ ਕੁਮਾਰ (ਐਡਵੋਕੇਟ), ਡਾਇਰੈਕਟਰ ਐੱਸ ਪੀ ਆਨੰਦ ਤੇ ਪ੍ਰਿੰਸੀਪਲ ਡਾ. ਪ੍ਰਵੀਨ ਆਲ ਮੌਜੂਦ ਸਨ। ਸਾਰਿਆਂ ਨੇ ਇਸ ਨਵੇਂ ਵਿੱਦਿਅਕ ਕੇਂਦਰ ਦੀ ਸਥਾਪਨਾ 'ਤੇ ਵਧਾਈ ਦਿੱਤੀ ਤੇ ਸਕੂਲ ਦੀ ਲਗਾਤਾਰ ਤਰੱਕੀ ਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਸਕੂਲ ਪਰਵਾਰ ਨੇ ਇਸ ਨਵੀਂ ਸ਼ੁਰੂਆਤ ਨੂੰ ਸਾਰਿਆਂ ਦੇ ਸਹਿਯੋਗ, ਵਿਸ਼ਵਾਸ ਤੇ ਸਖ਼ਤ ਮਿਹਨਤ ਦਾ ਨਤੀਜਾ ਦੱਸਿਆ ਅਤੇ ਵਿਸ਼ਵਾਸ ਪ੍ਰਗਟਾਇਆ ਕਿ 'ਗ੍ਰੋਇੰਗ ਅੱਪ' ਬ੍ਰਾਂਚ ਮਿਆਰੀ ਸਿੱਖਿਆ ਦੀ ਦਿਸ਼ਾ ਵਿੱਚ ਇਕ ਹੋਰ ਮਜ਼ਬੂਤ ਕਦਮ ਸਾਬਿਤ ਹੋਵੇਗੀ।

## ਹਿਸਾਰ, ਸਿਰਸਾ ਅਤੇ ਫਤਿਹਾਬਾਦ 'ਚ ਖਾਦ ਦੀ ਭਾਰੀ ਘਾਟ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਾਬਕਾ ਕੇਂਦਰੀ ਮੰਤਰੀ ਅਤੇ ਸਿਰਸਾ ਦੀ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਖਾਦ ਮੁਹੱਈਆ ਕਰਵਾਉਣ ਵਿੱਚ ਅਸਮਰੱਥ ਹੈ। ਉਨ੍ਹਾਂ ਕਿਹਾ ਕਿ ਹਿਸਾਰ, ਸਿਰਸਾ ਅਤੇ ਫਤਿਹਾਬਾਦ ਵਿੱਚ ਖਾਦ ਦੀ ਭਾਰੀ ਘਾਟ ਹੈ। ਸ਼ੈਲਜਾ ਨੇ ਕਿਹਾ ਕਿ ਜਦੋਂ ਸਰਕਾਰ ਨੂੰ ਮੇਰੀ ਫਸਲ ਮੇਰਾ ਵਿਊਰਾ ਪੋਰਟਲ ਰਾਹੀਂ ਖੇਤਰ ਵਿਚ ਉਗਾਈਆਂ ਫਸਲਾਂ ਦਾ ਪੂਰਾ ਵੇਰਵਾ ਮਿਲਦਾ ਹੈ ਤਾਂ ਸਰਕਾਰ ਨੂੰ ਡੀ ਏ ਪੀ ਖਾਦ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਪਿੰਡਾਂ ਵਿੱਚ ਪੀਏਸੀਐਸ ਰਾਹੀਂ ਵੰਡਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਰਾਜ ਦੇ ਕਿਸਾਨ ਡੀਏਪੀ ਖਾਦ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਹਨ ਪਰ ਦੂਜੇ ਪਾਸੇ ਖਾਦ ਕਾਲੇ ਬਾਜ਼ਾਰ ਵਿੱਚ ਆਸਾਨੀ ਨਾਲ ਉਪਲਬਧ ਹੈ। ਸਰਕਾਰੀ ਏਜੰਸੀਆਂ ਵਲੋਂ ਕਿਸਾਨਾਂ ਨੂੰ ਆਧਾਰ ਕਾਰਡ 'ਤੇ ਖਾਦ ਦੇ ਸਿਰਫ਼ ਚਾਰ ਥੈਲੇ ਜਾਰੀ ਕੀਤੇ ਜਾ ਰਹੇ ਹਨ। ਕੁਮਾਰੀ ਸ਼ੈਲਜਾ ਨੇ ਕਿਹਾ ਕਿ ਸੂਬੇ ਦੇ ਕਿਸਾਨ ਵਿਰੋਧ ਕਰਨ ਲਈ ਸੜਕਾਂ 'ਤੇ ਉਤਰ ਰਹੇ ਹਨ ਪਰ ਖੇਤੀ ਮੰਤਰੀ ਸਥਿਤੀ ਨੂੰ ਆਮ ਦੱਸ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਖਾਦ ਵੰਡ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨਾ ਚਾਹੀਦਾ ਹੈ।

# 12 ਕਰੋੜ ਦੀ ਲਾਗਤ ਨਾਲ ਬਣੇਗੀ ਮੁਕਤਸਰ-ਪੰਨੀਵਾਲਾ ਸੜਕ : ਕਾਕਾ ਬਰਾੜ

### ਰਹੂੜਿਆਂਵਾਲੀ ਕੋਲ ਸੜਕ ਦੇ ਨਵੀਨੀਕਰਨ ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪਿਛਲੇ ਲੰਮੇ ਸਮੇਂ ਤੋਂ ਵੱਡੀ ਸਮੱਸਿਆ ਨਾਲ ਜੂਝ ਰਹੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਉਸ ਸਮੇਂ ਵੱਡੀ ਰਾਹਤ ਮਿਲੀ, ਜਦੋਂ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਸ੍ਰੀ ਮੁਕਤਸਰ ਸਾਹਿਬ ਤੋਂ ਪੰਨੀਵਾਲਾ ਨੂੰ ਜਾਂਦੀ ਸੜਕ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਪੰਚਾਇਤਾਂ ਤੇ ਆਮ ਲੋਕ ਹਾਜ਼ਰ ਸਨ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਹੈ ਤੇ ਇਸੇ ਤਹਿਤ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਪਿੰਡ ਰਹੂੜਿਆਂਵਾਲੀ, ਮਹਾਂਬੱਧਰ, ਚਿਬੜਾਂਵਾਲੀ, ਸ਼ੇਰੇ ਵਾਲਾ, ਥਾਂਮ, ਉੜਾਂਗ, ਪੰਨੀਵਾਲਾ ਤੇ ਹੋਰ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਆਉਣ-ਜਾਣ ਵਿੱਚ ਸਹੂਲਤ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਹੋਰ ਵੀ ਕਈ ਉਪਰਾਲੇ ਕੀਤੇ ਜਾ ਰਹੇ ਹਨ ਤੇ ਜਲਦੀ ਹੀ ਲੋਕਾਂ ਨੂੰ ਇਸ ਦਾ ਲਾਭ ਮਿਲੇਗਾ।

ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਇਹ ਸੜਕ ਜ਼ਿਲ੍ਹੇ ਦੇ ਤਿੰਨ ਹਲਕਿਆਂ ਨੂੰ ਟੱਚ ਕਰਦੀ ਹੈ, ਜਿਸ ਵਿੱਚ ਸ੍ਰੀ ਮੁਕਤਸਰ ਸਾਹਿਬ, ਮਲੋਟ ਤੇ ਲੰਬੀ ਹਲਕੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਇਸ ਉਦਘਾਟਨੀ ਸਮਾਗਮ ਵਿੱਚ ਕੈਬਨਿਟ ਮੰਤਰੀ ਮੈਡਮ ਬਲਜੀਤ ਕੌਰ 'ਤੇ ਕੈਬਨਿਟ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਵੀ ਪਹੁੰਚਣਾ ਸੀ, ਪਰ ਵਿਧਾਨ ਸਭਾ ਸੈਸ਼ਨ ਦੌਰਾਨ ਉਹ ਨਹੀਂ ਆ ਸਕੇ।ਵਿਧਾਇਕ ਕਾਕਾ ਬਰਾੜ ਨੇ ਭਗਵੰਤ ਮਾਨ ਦਾ ਧੰਨਵਾਦ ਕੀਤਾ, ਉੱਥੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਜੀ ਦਾ ਵੀ ਸ਼ੁਕਰਾਨਾ ਕੀਤਾ, ਜਿਨ੍ਹਾਂ ਨੇ ਉਨ੍ਹਾਂ ਦੀ ਵੱਡੀ ਮੰਗ ਨੂੰ ਸਿਰੇ ਚੜ੍ਹਾਇਆ।

ਕਾਕਾ ਬਰਾੜ ਨੇ ਆਖਿਆ ਕਿ ਇਹ ਸੜਕ ਦੀ ਲੰਬਾਈ ਕਰੀਬ 28 ਕਿਲੋਮੀਟਰ ਹੈ ਤੇ ਇਸ ਤੇ ਕਰੀਬ 12 ਕਰੋੜ ਰੁਪਏ ਖਰਚ ਹੋਣਗੇ ਅਤੇ ਆਉਣ ਵਾਲੇ 9 ਮਹੀਨਿਆਂ ਵਿੱਚ ਇਹ ਮੁਕੰਮਲ ਹੋ ਜਾਵੇਗੀ।ਪਿੰਡ ਵਾਸੀਆਂ ਨੇ ਕਿਹਾ ਕਿ ਇਹ ਸੜਕ ਪਿਛਲੇ ਕਈ ਸਾਲਾਂ ਤੋਂ ਖਸਤਾ ਹਾਲਤ ਵਿੱਚ ਸੀ, ਜਿਸ ਕਾਰਨ ਉਨ੍ਹਾਂ ਨੂੰ ਆਉਣ-ਜਾਣ 'ਚ ਬਹੁਤ ਮੁਸ਼ਕਲ ਆਉਂਦੀ ਸੀ। ਉਨ੍ਹਾਂ ਕਿਹਾ ਕਿ ਹੁਣ ਸੜਕ ਦੇ ਨਵੀਨੀਕਰਨ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡਾਂ ਦੇ ਵਿਕਾਸ ਲਈ ਬਹੁਤ ਵਧੀਆ ਕੰਮ ਕਰ ਰਹੀ ਹੈ ਤੇ ਉਹ ਸਰਕਾਰ ਦੇ ਇਸ ਕੰਮ ਤੋਂ ਬਹੁਤ ਖੁਸ਼ ਹਨ।

## ਸਕੂਲ ਡਿੰਗ 'ਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ




**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਿੰਗ ਮੰਡੀ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਕ੍ਰਿਸ਼ਨ ਨੈਨ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਣ ਲਈ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹੇ ਬਿਨਾਂ ਭਗਤ ਸਿੰਘ ਨੂੰ ਸਮਝਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਭਗਤ ਸਿੰਘ ਬਾਰੇ ਸਿੱਖਣ ਲਈ ਲਾਇਬ੍ਰੇਰੀਆਂ ਵਿੱਚ ਜਾਣਾ ਚਾਹੀਦਾ ਹੈ। ਇਸ ਮੌਕੇ ਰਿਟਾਇਰ ਕਰਮਚਾਰੀ ਆਗੂ ਸੋਹਣ ਸਿੰਘ ਰੰਧਾਵਾ ਨੇ ਕਿਹਾ ਕਿ ਅੱਜ ਨੌਜਵਾਨਾਂ ਨੂੰ ਕਿਤਾਬਾਂ ਵੱਲ ਪਰਤਣਾ ਪਵੇਗਾ ਅਤੇ ਸਮਾਜ ਦੇ ਹਰ ਖੇਤਰ ਵਿੱਚ ਦਖ਼ਲ ਦੇਣਾ ਪਵੇਗਾ। ਕਾ: ਰਾਜਕੁਮਾਰ ਸ਼ੇਖੂਪੁਰੀਆ ਦਾ ਕਹਿਣਾ ਸੀ ਕਿ ਭਗਤ ਸਿੰਘ ਦੀ ਯਾਦ ਵਿੱਚ ਕਰਵਾਏ ਸਮਾਗਮ ਹੀ ਸਮਾਜ ਨੂੰ ਨਸ਼ਾ ਮੁਕਤ ਅਤੇ ਅਪਰਾਧ ਮੁਕਤ ਬਣਾ ਸਕਦੇ ਹਨ। ਮਾਸਟਰ ਕੁਲਦੀਪ ਸਿੰਘ ਵਲੋਂ ਕ੍ਰਾਂਤੀਕਾਰੀ ਗੀਤਾਂ ਰਾਹੀਂ ਸ਼ੰਦੇਸ਼ ਦਿੱਤੇ ਗਏ। ਇਸ ਸਮਾਗਮ ਵਿਚ ਸ਼ੌਰਿਆ ਚੱਕਰ ਜੇਤੂ ਭੀਮ ਸਿੰਘ ਅਤੇ ਫਲਾਇੰਗ ਅਫਸਰ ਵਿਨੋਦ ਕੁਮਾਰ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮਾਸਟਰ ਸੁਭਾਸ਼ ਫੋਗਾਟ, ਦਰਿਆ ਸਿੰਘ, ਰਾਮਨਿਵਾਸ ਰਾਮਦਤ, ਰਾਮਕੁਮਾਰ, ਮਾਂਗੇ ਰਾਮ, ਰਮੇਸ਼ ਸੋਨੀ,ਨਿਰਮਲ ਸਿੰਘ, ਰਵੀ ਕੁਮਾਰ, ਰਾਜੂ ਰਾਮ, ਭੀਮ ਸਿੰਘ ਅਤੇ ਨੇਹਾ ਆਰਜੂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

## ਸਵ: ਅਮਿਤ ਅਰੋੜਾ ਦੀ ਯਾਦ 'ਚ ਅੱਖਾਂ ਦਾ ਚੈਕਅੱਪ ਤੇ ਅਪ੍ਰੇਸ਼ਨ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਵੱਲੋਂ ਸਵ: ਅਮਿਤ ਅਰੋੜਾ ਦੀ ਯਾਦ ਵਿੱਚ ਉਨ੍ਹਾਂ ਦੇ ਪਰਮ ਮਿੱਤਰ ਕਪਿਲ ਨਰੂਲਾ ਨਰੂਲਾ ਸਟੂਡੀਓ ਦੇ ਸਹਿਯੋਗ ਨਾਲ ਅੱਖਾਂ ਦਾ 68ਵਾਂ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਲਾਇਆ ਗਿਆ। ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ, ਕਾਕਾ ਸੈਕਟਰੀ, ਡਾਕਟਰ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲੰਮਿਆਂ ਵਾਲਾ ਬਾਗ ਲਾਜਪਤ ਰਾਏ ਰੋਡ ਵਿਖੇ ਲਾਏ ਕੈਂਪ ਵਿੱਚ ਦਾ ਉਦਘਾਟਨ ਕਪਿਲ ਨਰੂਲਾ ਨੇ ਆਪਣੇ ਕਰ ਕਮਲਾਂ ਨਾਲ ਕਰਦਿਆਂ ਆਪਣੇ ਪਰਮ ਮਿੱਤਰ ਅਮਿਤ ਅਰੋੜਾ ਨੂੰ ਸ਼ਰਧਾ ਦੇ ਫੁੱਲ ਅਰਪਤ ਕਰਦਿਆਂ ਕੀਤੇ।ਉਨ੍ਹਾਂ ਕਿਹਾ ਕਿ ਅਮਿਤ ਅਰੋੜਾ ਨੇ ਸਮਾਜ ਸੇਵਾ ਦੇ ਕੰਮਾਂ 'ਚ ਅਥਾਹ ਬੁਲੰਦੀਆਂ ਹਾਸਲ ਕੀਤੀਆਂ ਤੇ ਆਪਣੇ ਦੋਸਤਾਂ ਸਾਥੀਆਂ ਨੂੰ ਸਮਾਜ ਸੇਵੀ ਕੰਮਾਂ ਲਈ ਪ੍ਰੇਰਤ ਕੀਤਾ, ਪਰ ਆਪ ਬਹੁਤ ਛੋਟੀ ਉਮਰੇ ਭਰ ਜਵਾਨੀ ਵਿੱਚ ਦੋਸਤਾਂ ਤੇ ਸਾਥੀਆਂ ਦਾ ਸਾਥ ਛੱਡ ਕੇ ਪ੍ਰਭੂ ਦੇ ਚਰਨਾਂ ਵਿੱਚ ਲੀਨ ਹੋ ਗਏ। ਉਨ੍ਹਾਂ ਕਿਹਾ ਕਿ ਅਮਿਤ ਅਰੋੜਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਉਨ੍ਹਾਂ ਦੀ ਸੋਚ ਅਨੁਸਾਰ ਸਮਾਜ ਸੇਵਾ ਦੇ ਵੱਧ ਤੋਂ ਵੱਧ ਜ਼ਿਆਦਾ ਕੰਮ ਕੀਤੇ ਜਾਣ।ਕੈਂਪ ਵਿੱਚ ਸ਼ੰਕਰਾ ਹਸਪਤਾਲ ਦੇ ਅੱਖਾਂ ਦੀ ਮਾਹਿਰ ਡਾਕਟਰ ਰਮਿੰਦਰ ਕੌਰ ਨੇ 185 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਕੇ 65 ਚਿੱਟੇ ਮੋਤੀਏ ਵਾਲੇ ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਆਉਂਦੇ ਇੱਕ-ਦੋ ਦਿਨਾਂ ਵਿੱਚ ਸ਼ੰਕਰਾ ਹਸਪਤਾਲ ਬਿਲਕੁਲ ਮੁਫਤ ਕੀਤੇ ਜਾਣਗੇ। ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਕਿਹਾ ਕਿ ਸੁਸਾਇਟੀ ਵੱਲੋਂ ਹਰੇਕ ਮਹੀਨੇ ਦੇ ਅਖੀਰਲੇ ਐਤਵਾਰ ਨੂੰ ਅੱਖਾਂ ਦਾ ਚੈੱਕਅਪ ਤੇ ਅਪਰੇਸ਼ਨ ਕੈਂਪ ਲਾਇਆ ਜਾਂਦਾ ਹੈ, ਜਿਸ ਵਿੱਚ ਕਿਸੇ ਵੀ ਮਰੀਜ਼ ਤੋਂ ਕੋਈ ਵੀ ਖਰਚਾ ਨਹੀਂ ਲਿਆ ਜਾਂਦਾ।

## ਸ਼ਹੀਦ ਭਗਤ ਸਿੰਘ ਸਾਡੇ ਸਾਰਿਆਂ ਲਈ ਪ੍ਰੇਰਣਾਸਰੋਤ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕੋਟਕਪੂਰਾ ਰੋਡ ਸਥਿਤ ਅਤੁਲਿਆ ਬਲੱਡ ਸੈਂਟਰ ਵਿਖੇ ਯੁਵਕ ਸੇਵਾਵਾਂ ਬੋਰਡ ਤੇ ਯੂਥ ਵਿੰਗ ਆਮ ਆਦਮੀ ਪਾਰਟੀ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ 'ਚ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਮੁੱਖ ਮਹਿਮਾਨ ਵਜੋਂ ਪਹੁੰਚੇ। ਕਾਕਾ ਬਰਾੜ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਹਨ ਤੇ ਉਨ੍ਹਾਂ ਦੀ ਸੋਚ ਨੂੰ ਅਪਣਾ ਕੇ ਹੀ ਅਸੀਂ ਇੱਕ ਬਿਹਤਰ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।ਉਨ੍ਹਾਂ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ ਤੇ ਇਸ ਨਾਲ ਕਿਸੇ ਦੀ ਜਾਨ ਬਚਾਈ ਜਾ ਸਕਦੀ ਹੈ।ਉਨ੍ਹਾਂ ਨੌਜਵਾਨਾਂ ਨੂੰ ਖ਼ੂਨਦਾਨ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ।ਯੂਥ ਵਿੰਗ ਦੇ ਪ੍ਰਧਾਨ ਯਾਦਵਿੰਦਰ ਸਿੰਘ ਯਾਦੂ ਬਾਠ ਆਦਿ ਮੈਂਬਰਾਂ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਕੈਂਪ ਲਾਉਂਦੇ ਰਹਿਣਗੇ ਤਾਂ ਜੁ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ।ਉਨ੍ਹਾਂ ਖ਼ੂਨਦਾਨ ਕਰਨ ਵਾਲਿਆਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ।ਇਸ ਕੈਂਪ ਵਿੱਚ ਟੈਕਨੀਸ਼ੀਅਨ ਜੈਲੀ ਬਰਾੜ, ਸੁਰਿੰਦਰ ਸਿੰਘ, ਗੁਰਕੰਵਲ ਸਿੰਘ ਤੇ ਅਮਰਦੀਪ ਸਿੰਘ ਨੇ ਵੀ ਆਪਣੀ ਸੇਵਾ ਨਿਭਾਈ।ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਵੀ ਕੈਂਪ ਨੂੰ ਸਫਲ ਬਣਾਉਣ ਵਿੱਚ ਪੂਰਾ ਸਹਿਯੋਗ ਦਿੱਤਾ।ਕੈਂਪ ਵਿੱਚ ਖ਼ੂਨਦਾਨੀਆਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

## ਪਰਾਲੀ ਨੂੰ ਅੱਗ ਨਾ ਲਾਉਣ ਦੀ ਕਿਸਾਨਾਂ ਨੂੰ ਅਪੀਲ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਤੇ ਮੁੱਖ ਖੇਤੀਬਾੜੀ ਅਫ਼ਸਰ ਦੀ ਯੋਗ ਅਗਵਾਈ ਹੇਠ ਬਲਾਕ ਗੁਰੂਹਰਸਹਾਏ ਦੇ ਪਿੰਡ ਬਹਾਦਰ ਕੇ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਗੁਰੂਹਰਸਹਾਏ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ।ਕੈਂਪ ਦੀ ਸ਼ੁਰੂਆਤ ਕਰਦੇ ਖੇਤੀਬਾੜੀ ਵਿਕਾਸ ਅਫਸਰ ਅਮਨਦੀਪ ਸਿੰਘ ਕੰਬੋਜ ਨੇ ਕਿਸਾਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਦੀ ਸਾਂਭ-ਸੰਭਾਲ ਬਾਰੇ ਦੱਸਦਿਆਂ ਕਿਸਾਨਾਂ ਨੂੰ ਅਪੀਲ ਕੀਤੀ ਉਹ ਆਪਣੇ ਖੇਤਾਂ ਵਿੱਚ ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਾਏ ਕਣਕ ਦੀ ਬਿਜਾਈ ਕਰਨ।ਉਨ੍ਹਾਂ ਇਸ ਦੇ ਫ਼ਾਇਦੇ ਦੱਸੇ ਤੇ ਪਰਾਲੀ ਨੂੰ ਅੱਗ ਲਗਾਉਣ ਤੋ ਹੋਣ ਵਾਲੇ ਧੂੰਏ ਨਾਲ ਵਾਤਾਵਰਣ ਦੇ ਨੁਕਸਾਨ ਅਤੇ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਬਾਰੇ ਜਾਣੂ ਕਰਾਇਆ ਗਿਆ।ਖੇਤੀਬਾੜੀ ਵਿਕਾਸ ਅਫ਼ਸਰ ਅਮਨਦੀਪ ਸਿੰਘ ਸੰਧੂ ਨੇ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਝੋਨੇ ਦੀ ਕਟਾਈ ਸੁਪਰ ਐਸਐਮਐਸ ਵਾਲੀ ਮਸ਼ੀਨ ਤੋਂ ਹੀ ਕਰਾਈ ਜਾਵੇ ਤਾਂ ਜੁ ਉਨ੍ਹਾਂ ਨੂੰ ਅੱਗੇ ਕਣਕ ਦੇ ਸੀਜ਼ਨ ਵਿੱਚ ਬਿਜਾਈ ਦੌਰਾਨ ਕੋਈ ਸਮੱਸਿਆ ਨਾ ਆਵੇ।ਉਨ੍ਹਾਂ ਕਿਹਾ ਜੇਕਰ ਸੁਪਰ ਐਸਐਮਐਸ ਵਾਲੀ ਕੰਬਾਈਨ ਨਾਲ ਝੋਨੇ ਦੀ ਕਟਾਈ ਕੀਤੀ ਜਾਂਦੀ ਹੈ ਤਾਂ ਕਿਸਾਨਾਂ ਨੂੰ ਵਾਧੂ ਖਰਚੇ ਤੋਂ ਬਚ ਕੇ ਕਣਕ ਦੀ ਬਿਜਾਈ ਸੁਪਰ ਸੀਡਰ ਨਾਲ ਕੀਤੀ ਜਾ ਸਕਦੀ ਹੈ।ਇਸ ਤੋਂ ਬਾਅਦ ਖੇਤੀਬਾੜੀ ਉਪ ਨਿਰੀਖਕ ਜਰਮਨਜੀਤ ਸਿੰਘ ਨੇ ਕਿਸਾਨਾਂ ਨਾਲ ਮੌਜੂਦਾ ਚੱਲ ਰਹੀ ਖੇਤਾਂ ਦੀ ਸਥਿਤੀ ਬਾਰੇ ਗੱਲ ਕਰਦੇ ਝੋਨੇ ਦੇ ਖੇਤ ਵਿੱਚ ਆ ਰਹੀਆਂ ਬਿਮਾਰੀਆਂ ਤੇ ਕੀੜੇ-ਮਕੌੜਿਆਂ ਤੇ ਹਮਲੇ ਤੋਂ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ ਗਿਆ। ਅੰਤ 'ਚ ਮਨਜੀਤ ਸਿੰਘ ਨੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ।ਕੈਂਪ ਵਿੱਚ ਖੇਤੀਬਾੜੀ ਵਿਕਾਸ ਅਫ਼ਸਰ ਲਖਵਿੰਦਰ ਸਿੰਘ ਤੇ ਪਿੰਡ ਦੇ ਹੋਰ ਅਗਾਂਹਵਧੂ ਕਿਸਾਨ ਮੌਜੂਦ ਰਹੇ ਤੇ ਉਹਨਾਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਅਸੀਂ ਪਰਾਲੀ ਨੂੰ ਅੱਗ ਨਹੀਂ ਲਾਵਾਂਗੇ ਅਤੇ ਵਿਭਾਗ ਵੱਲੋਂ ਦਿੱਤੀਆਂ ਹਦਾਇਤਾਂ ਮੁਤਾਬਕ ਪਾਲਣਾ ਕਰਾਂਗੇ।

## ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਅਰਪਣ



**ਕੋਟਕਪੂਰਾ (ਰਛਪਾਲ ਭੁੱਲਰ)**-ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫ਼ੇਅਰ ਸੁਸਾਇਟੀ (ਰਜਿ:), ਗੁੱਡ ਮੌਰਨਿੰਗ ਵੈਲਫੇਅਰ ਕਲੱਬ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫ਼ਰੀਦਕੋਟ, ਸ਼ਹੀਦ ਭਗਤ ਸਿੰਘ ਪੈਨਸ਼ਨਰ ਵੈਲਫੇਅਰ ਟਰੱਸਟ ਜ਼ਿਲ੍ਹਾ ਫ਼ਰੀਦਕੋਟ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਫ਼ਰੀਦਕੋਟ ਤੇ ਕਈ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ 118 ਵਾਂ ਜਨਮ ਦਿਨ ਮਹਾਨ ਸ਼ਹੀਦ ਦੀ ਕੁਰਬਾਨੀ ਤੇ ਵਿਚਾਰਾਂ ਨੂੰ ਯਾਦ ਕਰਦੇ ਹੋਏ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲਾ ਵਿਖੇ ਬੁੱਤ 'ਤੇ ਫੁੱਲਮਾਲਾ ਅਰਪਣ ਕਰਕੇ ਇਨਕਲਾਬ ਜ਼ਿੰਦਾਬਾਦ, ਸਮਾਜਵਾਦ ਜ਼ਿੰਦਾਬਾਦ ਤੇ ਸਾਮਰਾਜਵਾਦ ਮੁਰਦਾਬਾਦ ਦੇ ਜ਼ੋਰਦਾਰ ਨਾਰਿਆਂ ਦੀ ਗੂੰਜ ਵਿੱਚ ਮਨਾਇਆ ਗਿਆ।ਵੱਖ-ਵੱਖ ਸੰਸਥਾਵਾਂ ਦੇ ਆਗੂ ਮਾਸਟਰ ਅਸ਼ੋਕ ਕੌਸ਼ਲ, ਕੁਲਵੰਤ ਸਿੰਘ ਚਾਨੀ, ਡਾਕਟਰ ਮਨਜੀਤ ਸਿੰਘ ਢਿੱਲੋਂ, ਗੁਰਿੰਦਰ ਸਿੰਘ ਮਹਿੰਦੀਰੱਤਾ, ਪ੍ਰੇਮ ਚਾਵਲਾ, ਸੋਮ ਨਾਥ ਅਰੋੜਾ, ਉਦੇ ਰਣਦੇਵ, ਗੁਰਚਰਨ ਸਿੰਘ ਬਰਾੜ ਨਾਇਬ ਤਹਿਸੀਲਦਾਰ, ਪ੍ਰਿੰਸੀਪਲ ਗੋਪਾਲ ਕ੍ਰਿਸ਼ਨ ਨੈਸ਼ਨਲ ਅਵਾਰਡੀ, ਮਦਨ ਲਾਲ ਸ਼ਰਮਾ ਸੰਧਵਾਂ, ਮੁਖਤਿਆਰ ਸਿੰਘ ਮੱਤਾ, ਗੁਰਚਰਨ ਸਿੰਘ ਮਾਨ, ਡਾਕਟਰ ਲਖਵਿੰਦਰ ਕਟਾਰੀਆ ਤੇ ਡਾਕਟਰ ਰਣਜੀਤ ਸਿੰਘ ਸਾਬਕਾ ਮਿਊਂਸਪਲ ਕਮਿਸ਼ਨਰ ਨੇ ਆਪਣੇ ਸੰਬੋਧਨ ਵਿੱਚ ਸ਼ਹੀਦ ਭਗਤ ਸਿੰਘ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਉਂਦੇ ਕਿਹਾ ਕਿ ਉਹ ਇੱਕ ਵਿਅਕਤੀ ਨਹੀਂ, ਸਗੋਂ ਮਹਾਨ ਚਿੰਤਕ ਵੀ ਸਨ।

# ਹਾਈਕੋਰਟ 'ਚ ਸੀਨੀਆਰਤਾ ਸੰਬੰਧੀ ਕੇਸ ਦੀ ਅਗਲੀ ਸੁਣਵਾਈ 4 ਦਸੰਬਰ ਨੂੰ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿੱਚ ਸੀਨੀਆਰਤਾ ਸਬੰਧੀ ਯੂਕੋਨ ਫ਼ਰੀਦਕੋਟ ਦੀ ਐਸੋ: ਪ੍ਰੋਫੈਸਰ ਮਨਦੀਪ ਕੌਰ ਵੱਲੋਂ ਸੀਨੀਆਰਤਾ ਸਬੰਧੀ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਵਿਰੁੱਧ ਦਾਇਰ ਕੀਤੀ ਪਟੀਸ਼ਨ ਨੰਬਰ 3366/2020 ਦੀ ਅਗਲੀ ਸੁਣਵਾਈ ਆਉਂਦੀ 4 ਦਸੰਬਰ ਨੂੰ ਹੋਵੇਗੀ। ਇਸ ਸਬੰਧੀ 24 ਸਤੰਬਰ ਨੂੰ ਮਾਨਯੋਗ ਹਾਈ ਕੋਰਟ ਵੱਲੋਂ ਇਸ ਕੇਸ ਦੀ ਸੁਣਵਾਈ ਉਪਰੰਤ ਉਕਤ ਆਰਡਰ ਜਾਰੀ ਕੀਤੇ ਗਏ ਹਨ।ਜ਼ਿਕਰਯੋਗ ਹੈ ਕਿ ਬੀ.ਐਫ.ਯੂ.ਐੱਚ.ਐੱਸ. ਵੱਲੋਂ ਯੋਗ ਤੇ ਸਰਕਾਰੀ ਨਿਯਮਾਂ ਅਨੁਸਾਰ ਸੇਵਾ ਸ਼ਰਤਾਂ ਪੂਰੀਆਂ ਕਰਨ ਵਾਲੇ ਸੀਨੀਅਰ ਐਸੋਸੀਏਟ ਪ੍ਰੋਫੈਸਰਾਂ ਦੀਆਂ ਪ੍ਰੋਫਸੈਰਾਂ ਵਜੋਂ ਤਰੱਕੀਆਂ ਕੀਤੀਆਂ ਸਨ।ਮਨਦੀਪ ਕੌਰ ਨੇ ਇਨ੍ਹਾਂ ਪ੍ਰਮੋਸ਼ਨਾਂ ਸਬੰਧੀ ਸੀਨੀਆਰਤਾ ਸੂਚੀ ਆਦਿ ਨੂੰ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਚੈਲੰਜ ਕੀਤਾ ਸੀ।ਇਸੇ ਪਟੀਸ਼ਨ ਵਿੱਚ ਪਟੀਸ਼ਨ ਕਰਤਾ ਵੱਲੋਂ ਪ੍ਰੋ. ਵੰਦਨਾ ਦੀ ਕੀਤੀ ਗਈ ਪ੍ਰਮੋਸ਼ਨ ਨੂੰ ਵੀ ਚੈਲੰਜ ਕੀਤਾ ਗਿਆ ਹੈ।ਪਿਛਲੇ ਕਈ ਸਾਲਾਂ ਤੋਂ ਮਨਦੀਪ ਕੌਰ ਬਨਾਮ ਬਾਬਾ ਫ਼ਰੀਦ ਯੂਨੀਵਰਸਿਟੀ ਪਟੀਸ਼ਨ ਦੀ ਚੱਲਦੀ ਸੁਣਵਾਈ ਦੌਰਾਨ ਪਿਛਲੇ ਸਾਲ ਜੁਲਾਈ ਵਿੱਚ ਮਾਨਯੋਗ ਹਾਈਕੋਰਟ ਨੇ ਯੂਨੀਵਰਸਿਟੀ ਕਾਲਿਜ ਆਫ ਨਰਸਿੰਗ (ਯੂਕੋਨ) ਫਰੀਦਕੋਟ ਦੀ ਪ੍ਰੋਫੈਸਰ ਵੰਦਨਾ ਨੂੰ ਨੋਟਿਸ ਆਫ਼ ਮੋਸ਼ਨ ਜਾਰੀ ਕਰਕੇ ਆਪਣਾ ਪੱਖ ਪੇਸ਼ ਕਰਨ ਦਾ ਹੁਕਮ ਦਿੱਤਾ ਸੀ।ਜ਼ਿਕਰਯੋਗ ਹੈ ਕਿ ਪ੍ਰੋਫੈਸਰ ਵੰਦਨਾ ਸਥਾਨਕ ਕਈ ਸੰਸਥਾਵਾਂ ਨਾਲ ਜੁੜੇ, ਐਲ.ਬੀ.ਸੀ.ਟੀ. ਲਾਰਡ ਬੁੱਧਾ ਚੈਰੀਟੇਬਲ ਟਰੱਸਟ ਅਤੇ ਆਲ ਇੰਡੀਆ ਐਸ.ਸੀ/ਬੀ.ਸੀ/ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਦੇ ਨੂੰਹ ਹਨ। ਅੱਜ ਇਥੇ ਬੁੱਧ ਵਿਹਾਰ ਸਥਿਤ ਮੰਚ ਦੇ ਮੁੱਖ ਦਫਤਰ ਤੋਂ ਇਹ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸੀਨੀਆਰਤਾ ਸਬੰਧੀ ਮਾਮਲਾ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿੱਚ ਪੈਂਡਿੰਗ ਹੋਣ ਦੇ ਬਾਵਜੂਦ ਪਟੀਸ਼ਨ ਕਰਤਾ ਤੇ ਉਸ ਦੇ ਹਿਮਾਇਤੀ ਵੱਖ-ਵੱਖ ਏਜੰਸੀਆਂ, ਲੋਕ ਪ੍ਰਤੀਨਿਧਤਾ, ਸਰਕਾਰੀ ਅਧਿਕਾਰੀਆਂ ਨੂੰ ਮਿਲ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਪ੍ਰੈਸ ਰਾਹੀਂ ਉਛਾਲ ਰਹੇ ਹਨ। ਅਜਿਹਾ ਜਾਪਦਾ ਹੈ ਕਿ ਉਹ ਮਾਨਯੋਗ ਅਦਾਲਤ ਦੀ ਕਾਰਵਾਈ ਵਿੱਚ ਅਸਿੱਧੇ ਤੌਰ 'ਤੇ ਦਖਲਅੰਦਾਜ਼ੀ ਕਰਕੇ ਸਿੱਧੇ ਰੂਪ ਵਿੱਚ ਆਪਣੇ ਸਵਾਰਥ ਦੀ ਪੂਰਤੀ ਲਈ ਯਤਨਸ਼ੀਲ ਹਨ।

## ਸ਼ਹੀਦ-ਏ-ਆਜ਼ਮ ਦੇ ਜਨਮ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ ਲਗਾਇਆ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਹਾੜੇ ਦੀ ਖ਼ੁਸ਼ੀ ਵਿੱਚ ਯੁਵਕ ਸੇਵਾਵਾਂ ਬੋਰਡ ਅਤੇ ਯੂਥ ਵਿੰਗ ਆਮ ਆਦਮੀ ਪਾਰਟੀ ਵਲੋਂ ਖ਼ੂਨਦਾਨ ਕੈਂਪ ਹਲਕਾ ਗੁਰੂਹਰਸਹਾਏ ਦੇ ਪਿੰਡ ਗੋਲੂ ਕੇ ਮੋੜ ਵਿਖੇ ਲਗਾਇਆ ਗਿਆ। ਇਹ ਜਾਣਕਾਰੀ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਹਰਜਿੰਦਰ ਸਿੰਘ ਘਾਗਾ ਨੇ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਸਾਰੇ ਪੰਜਾਬ ਵਿੱਚ ਹੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ ਲਗਾਏ ਗਏ ਹਨ। ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਵੀ ਖ਼ੂਨਦਨ ਕੈਂਪ ਲਗਾਏ ਗਏ ਹਨ ਅਤੇ ਵੱਧ ਚੜ੍ਹ ਕੇ ਲੋਕਾਂ ਵੱਲੋਂ ਖ਼ੂਨਦਾਨ ਕੀਤਾ ਗਿਆ ਹੈ।

## ਪੱਕੇ ਮੋਰਚੇ 'ਚ ਉਤਸ਼ਾਹ ਨਾਲ ਮਨਾਇਆ ਸ਼ਹੀਦੇ-ਆਜ਼ਮ ਦਾ ਜਨਮ ਦਿਹਾੜਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਸਥਾਨਕ ਡਾਕਟਰ ਬੀ.ਆਰ. ਅੰਬੇਦਕਰ ਪਾਰਕ 'ਚ, ਬਠਿੰਡਾ ਸ਼ਹਿਰ ਦਾ ਮੌਜੂਦਾ ਬੱਸ ਅੱਡਾ ਇਥੋਂ ਘੱਟੋ-ਘੱਟ 6 ਮੀਲ ਦੂਰ ਉਜਾੜ ਬੀਆਬਾਨ 'ਚ ਲਿਜਾਏ ਜਾਣ ਖਿਲਾਫ਼ 'ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ' ਦੀ ਅਗਵਾਈ ਹੇਠ, 158 ਦਿਨਾਂ ਤੋਂ ਜਾਰੀ ਪੱਕੇ ਮੋਰਚੇ ਵਿਚ ਉਤਸ਼ਾਹ ਪੂਰਬਕ ਮਨਾਇਆ ਗਿਆ।ਇਸ ਮੌਕੇ ਮਿਊਂਸਪਲ ਕੌਂਸਲਰ ਸੰਦੀਪ ਕੁਮਾਰ ਬੌਬੀ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਨੂੰ 'ਜਨਤਕ ਜੱਥੇਬੰਦੀਆਂ ਦਾ ਸਾਂਝਾ ਮੰਚ' (ਜੇਪੀਐਮਓ) ਦੇ ਸੂਬਾਈ ਕੋਆਰਡੀਨੇਟਰ ਸਾਥੀ ਮਹੀਪਾਲ ਤੋਂ ਇਲਾਵਾ ਪ੍ਰਿਤਪਾਲ ਸਿੰਘ ਤੇ ਸੁਖਦੇਵ ਸਿੰਘ ਨੇ ਵੀ ਸੰਬੋਧਨ ਕੀਤਾ।ਬੁਲਾਰਿਆਂ ਨੇ ਭਗਤ ਸਿੰਘ ਦੇ ਨਾਂ 'ਤੇ ਪੰਜਾਬੀਆਂ ਨੂੰ ਠੱਗਣ ਵਾਲੀ ਸੂਬੇ ਦੀ ਭਗਵੰਤ ਮਾਨ ਸਰਕਾਰ ਦੇ ਲਾਰਿਆਂ ਤੇ ਵਾਅਦਾ ਖਿਲਾਫੀਆਂ ਵਿਰੁੱਧ ਖਟਕੜ ਕਲਾਂ ਵਿਖੇ ਪੱਕਾ ਮੋਰਚਾ ਲਾਉਣ ਜਾ ਰਹੀ 'ਸ਼ਹੀਦ ਭਗਤ ਸਿੰਘ ਨੌਜਵਾਨ ਸਭਾ' ਦੇ ਸੂਬਾਈ ਆਗੂਆਂ ਦੇ ਘਰਾਂ 'ਚ ਪੁਲਸ ਦੀ ਛਾਪੇਮਾਰੀ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।ਉਨ੍ਹਾਂ ਲੱਦਾਖ ਦੇ ਲੋਕਾਂ ਲਈ ਜੂਝ ਰਹੇ ਨਾਮਵਰ ਬੁੱਧੀਜੀਵੀ ਸੋਨਮ ਵਾਂਗਚੁੰਗ ਨੂੰ ਫੌਰੀ ਰਿਹਾਅ ਕਰਨ ਅਤੇ ਲੱਦਾਖੀ ਲੋਕਾਂ ਦੀਆਂ ਜਾਇਜ਼ ਮੰਗਾਂ ਤੁਰੰਤ ਮੰਨੇ ਜਾਣ ਦੀ ਵੀ ਮੰਗ ਕੀਤੀ ਹੈ।ਰਾਜੀਵ ਕੁਮਾਰ ਡੈਜੀ, ਹਰਵਿੰਦਰ ਸਿੰਘ, ਰਵਿੰਦਰ ਕੁਮਾਰ, ਬਲਵਿੰਦਰ ਸਿੰਘ, ਅੰਮ੍ਰਿਤਪਾਲ, ਸੁਖਚੈਨ ਸਿੰਘ, ਮਲਕੀਤ ਸਿੰਘ ਨੇ ਵੀ ਵਿਚਾਰ ਰੱਖੇ।ਮੰਚ ਦੇ ਫਰਜ਼ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਨਿਭਾਏ।ਪਲਸ ਮੰਚ ਦੇ ਸਿਰਮੌਰ ਆਗੂ ਮੰਦਰ ਸਿੰਘ ਜੱਸੀ ਨੇ ਕਵੀਸ਼ਰੀ ਦਾ ਰੰਗ ਬੰਨ੍ਹਿਆ। ਸਰਵ ਸੰਮਤੀ ਨਾਲ ਪ੍ਰਵਾਨ ਕੀਤੇ ਇਕ ਮਤੇ ਰਾਹੀਂ ਲੋਕਾਂ ਦੀ ਜਾਇਜ਼ ਮੰਗ ਦੇ ਵਿਰੋਧ 'ਚ ਖੜ੍ਹੇ ਬਠਿੰਡਾ ਸ਼ਹਿਰੀ ਦੇ ਵਿਧਾਇਕ ਦਾ ਸਮਾਜਿਕ ਬਾਈਕਾਟ ਕਰਨ ਦਾ ਫੈਸਲਾ ਲਿਆ ਗਿਆ।

## ਜੱਜ ਬਣੀ ਪਾਤੜਾਂ ਦੀ ਬੇਟੀ ਦਾ ਚੇਅਰਮੈਨ ਬਰਾੜ ਵੱਲੋਂ ਸਨਮਾਨ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਹਿਮਾਚਲ ਪ੍ਰਦੇਸ਼ ਜੁਡੀਸੀਅਲ ਸਰਵਿਸ ਦੀ ਪ੍ਰੀਖਿਆ ਨੂੰ ਪਾਸ ਕਰਕੇ ਜੱਜ ਬਣੀ ਪਾਤੜਾਂ ਸ਼ਹਿਰ ਦੀ ਬੇਟੀ ਪਿਰਯੰਸ਼ੀ ਬਾਂਸਲ ਦਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਵਲੋਂ ਸਨਮਾਨ ਕੀਤਾ ਗਿਆ।ਚੇਅਰਮੈਨ ਮਹਿੰਗਾ ਸਿੰਘ ਬਰਾੜ ਵਲੋਂ ਉਨ੍ਹਾਂ ਦੇ ਘਰ ਵਿੱਚ ਸਨਮਾਨ ਕੀਤਾ ਗਿਆ।ਸਨਮਾਨ ਕਰਨ ਉਪਰੰਤ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਸ਼ਹਿਰ ਪਾਤੜਾਂ ਦੀ ਬੇਟੀ ਨੇ ਹਿਮਾਚਲ ਪ੍ਰਦੇਸ਼ ਜੁਡੀਜੀਅਲ ਸਰਵਿਸ ਦੀ ਪ੍ਰੀਖਿਆ ਪਾਸ ਕਰਕੇ ਇਤਿਹਾਸ ਰਚ ਦਿੱਤਾ ਹੈ।ਉਨ੍ਹਾਂ ਨਵ ਨਿਯੁਕਤ ਜੱਜ ਪਿਰਯੰਸ਼ੀ ਦੀ ਮਾਤਾ ਸਰੋਜ ਬਾਂਸਲ, ਪਿਤਾ ਸਰਜੀਵਨ ਕੁਮਾਰ ਬਾਂਸਲ ਅਤੇ ਉਨ੍ਹਾਂ ਦੇ ਨਿੱਜੀ ਰਿਸ਼ਤੇਦਾਰ ਸੀਨੀਅਰ ਕਾਂਗਰਸੀ ਆਗੂ ਪਵਨ ਕੁਮਾਰ ਪਟਵਾਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੇ ਦੇਸ਼ ਦੇ ਨੌਜਵਾਨ ਲੜਕਿਆਂ ਅਤੇ ਲੜਕੀਆਂ ਨੂੰ ਪਿਰਯੰਸ਼ੀ ਬਾਂਸਲ ਤੋਂ ਸੇਧ ਲੈਣ ਦੀ ਲੋੜ ਹੈ।ਚੇਅਰਮੈਨ ਬਰਾੜ ਵਲੋਂ ਡੀ ਏ ਵੀ ਸਕੂਲ ਸਮਾਣਾ ਅਤੇ ਬੁੱਢਾ ਦਲ ਪਬਲਿਕ ਸਕੂਲ ਸਮਾਣਾ ਦੇ ਅਧਿਆਪਕਾਂ ਨੂੰ ਵੀ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਆਪ ਆਗੂ ਡਾਕਟਰ ਡੀ ਡੀ ਸਿੰਗਲਾ, ਪ੍ਰਧਾਨ ਪ੍ਰੀਤ ਗਿੱਲ, ਸਾਬਕਾ ਸਰਪੰਚ ਬਲਜੀਤ ਸਿੰਘ ਮੌਲਵੀਵਾਲਾ, ਸਹਿਲ ਬਾਂਸਲ ਆਦਿ ਹਾਜ਼ਰ ਸਨ।

## ਸ੍ਰੀ ਰਾਮ ਫਾਈਨਾਂਸ ਵੱਲੋਂ 40 ਵਿਦਿਆਰਥੀਆਂ ਨੂੰ ਵਜ਼ੀਫ਼ਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜਿਕ ਜ਼ਿੰਮੇਵਾਰੀ ਪ੍ਰੋਗਰਾਮ ਦੇ ਤਹਿਤ ਸ੍ਰੀ ਰਾਮ ਫਾਈਨੈਂਸ ਲਿਮਿਟਡ ਵੱਲੋਂ ਗ਼ਰੀਬ ਤੇ ਹੋਣਹਾਰ ਵਿਦਿਆਰਥੀਆਂ ਲਈ ਵਜ਼ੀਫ਼ਾ ਯੋਜਨਾ ਤਹਿਤ 40 ਵਿਦਿਆਰਥੀਆਂ ਨੂੰ ਵਜ਼ੀਫ਼ਾ ਦਿੱਤਾ ਗਿਆ। ਕੰਪਨੀ ਦਾ ਮਕਸਦ ਸਿੱਖਿਆ ਦੇ ਖੇਤਰ ਵਿੱਚ ਸਮਾਜਿਕ ਯੋਗਦਾਨ ਪਾਉਂਦਿਆਂ ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਨਾ ਹੈ, ਜੋ ਆਰਥਿਕ ਰੁਕਾਵਟਾਂ ਕਰਕੇ ਆਪਣੇ ਸੁਪਨੇ ਪੂਰੇ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।ਕੰਪਨੀ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਸ੍ਰੀ ਰਾਮ ਫਾਈਨੈਂਸ ਲਿਮ: ਹਮੇਸ਼ਾ ਤੋਂ ਹੀ ਆਮ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਆ ਰਹੀ ਹੈ।ਵਜ਼ੀਫ਼ਾ ਸਕੀਮ ਦੇ ਜ਼ਰੀਏ ਹਜ਼ਾਰਾਂ ਬੱਚਿਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲੇਗੀ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ 'ਮੇਰਾ ਰੰਗ ਦੇ ਬਸੰਤੀ ਚੋਲਾ' ਨਾਟਕ ਦਾ ਸਫਲ ਮੰਚਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਉੱਤਰ ਖੇਤਰੀ ਸੱਭਿਆਚਾਰਕ ਕੇਂਦਰ (ਸੱਭਿਆਚਾਰਕ ਮੰਤਰਾਲਾ, ਭਾਰਤ ਸਰਕਾਰ) ਪਟਿਆਲਾ ਵੱਲੋਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਦੇ ਮੌਕੇ ਮੰਚ ਰੰਗਮੰਚ ਅੰਮ੍ਰਿਤਸਰ ਦੇ ਥੀਏਟਰ ਗਰੁੱਪ ਵੱਲੋਂ ਪ੍ਰਸਿੱਧ ਨਾਟਕ ਨਿਰਦੇਸ਼ਕ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ 'ਮੇਰਾ ਰੰਗ ਦੇ ਬਸੰਤੀ ਚੋਲਾ' ਪੰਜਾਬੀ ਨਾਟਕ ਦਾ ਮੰਚਨ ਕਾਲੀਦਾਸ ਆਡੀਟੋਰੀਅਮ ਵਿਰਸਾ ਵਿਹਾਰ ਕੇਂਦਰ, ਨਜ਼ਦੀਕ ਭਾਸ਼ਾ ਵਿਭਾਗ ਪੰਜਾਬ, ਸ਼ੇਰਾਂ ਵਾਲਾ ਗੇਟ ਪਟਿਆਲਾ ਵਿਖੇ ਸਫਲਤਾ ਨਾਲ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਸ਼ਾਮਲ ਸਾਰੇ ਕਲਾਕਾਰਾਂ, ਸਾਹਿਤਕਾਰਾਂ, ਲੇਖਕਾਂ ਅਤੇ ਸਮਾਜ ਸੇਵਕਾਂ ਨੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੂੰ ਯਾਦ ਕਰਦੇ ਹੋਏ ਉਹਨਾਂ ਨੂੰ ਸ਼ਰਧਾ ਨਾਲ ਫੁੱਲ ਭੇਟ ਕੀਤੇ ਤੇ ਉਹਨਾਂ ਦੀ ਵਿਚਾਰਧਾਰਾ ਨੂੰ ਆਮ ਜਨ ਤੱਕ ਪਹੁੰਚਾਉਣ ਦਾ ਪ੍ਰਣ ਕੀਤਾ ਗਿਆ।ਇਸ ਮੌਕੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਰਪਿਤ 'ਮੇਰਾ ਰੰਗ ਦੇ ਬਸੰਤੀ ਚੋਲਾ' ਪੰਜਾਬੀ ਨਾਟਕ ਭਗਤ ਸਿੰਘ ਦੇ ਵਿਚਾਰਾਂ ਦੇ ਅਨੁਸਾਰ ਪੱਕੇ ਇਰਾਦੇ, ਬਲਸ਼ਾਲੀ, ਕੁਰਬਾਨੀ ਅਤੇ ਇਨਕਲਾਬ ਵੱਲ ਵਧਣ ਦਾ ਇਸ਼ਾਰਾ ਕਰਦਾ ਹੈ।ਨਾਟਕ ਵਿੱਚ ਸ਼ਾਮਲ ਪਾਤਰਾਂ ਨੂੰ ਸਾਜਨ ਕੋਹਿਨੂਰ, ਡੋਲੀ ਸਦਲ, ਗੁਰਦਿਤ ਪਾਲ ਸਿੰਘ, ਵਿਸ਼ੂ ਸ਼ਰਮਾ ਸਨੇਹ,ਨੋਸ਼ਨ ਸਿੰਘ, ਹਰਪ੍ਰੀਤ ਸਿੰਘ ਅਤੇ ਜਸਵੰਤ ਸਿੰਘ ਨੇ ਬਾਖ਼ੂਬੀ ਨਿਭਾਇਆ ਜਦਕਿ ਕੁਸ਼ਿਆਰ ਸਿੰਘ ਦੇ ਸੰਗੀਤ ਨੇ ਨਾਟਕ ਦੀ ਪੇਸ਼ਕਾਰੀ ਨੂੰ ਸਫਲ ਬਣਾਉਣ ਵਿੱਚ ਹੋਰ ਤੇਜ਼ ਗਤੀ ਪ੍ਰਦਾਨ ਕੀਤੀ।ਇਸ ਮੌਕੇ ਉੱਤਰ ਖੇਤਰੀ ਸੱਭਿਆਚਾਰ ਕੇਂਦਰ ਦੇ ਡਾਇਰੈਕਟਰ ਜਨਾਬ ਐਮ ਫ਼ੁਰਕਾਨ ਖਾਨ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਅੱਜ ਦੇ ਮੌਜੂਦਾ ਦੌਰ ਵਿੱਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਦੀ ਲੋੜ ਹੈ। ਇਸ ਮੌਕੇ ਸੰਸਕ੍ਰਿਤ ਕੇਂਦਰ ਵੱਲੋਂ ਸਾਰੇ ਕਲਾਕਾਰਾਂ ਨੂੰ ਵਿਸ਼ੇਸ਼ ਰੂਪ ਨਾਲ ਸਨਮਾਨਤ ਕੀਤਾ ਗਿਆ।ਨਾਟਕ ਦੇ ਨਿਰਦੇਸ਼ਕ ਕੇਵਲ ਧਾਲੀਵਾਲ ਨੇ ਵੀ ਨਾਟਕ ਦੀ ਪੇਸ਼ਕਾਰੀ ਬਾਰੇ ਆਪਣੇ ਵਿਚਾਰਾਂ ਵਿੱਚ ਕਿਹਾ ਕਿ ਹੁਣ ਤੱਕ ਇਸ ਨਾਟਕ ਦੀਆਂ 300 ਦੇ ਕਰੀਬ ਪੇਸ਼ਕਾਰੀਆਂ ਦੇਸ਼ ਵਿਦੇਸ਼ ਵਿੱਚ ਹੋ ਚੁੱਕੀਆਂ ਹਨ।

## ਆਤਮ ਮੰਥਨ ਨਾਲ ਮਨ 'ਚੋਂ ਬੁਰਾਈਆਂ ਨੂੰ ਦੂਰ ਕਰੋ : ਮਾਤਾ ਸੁਦੀਕਸ਼ਾ ਜੀ ਮਹਾਰਾਜ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਟਿਆਲਾ ਖੇਤਰ ਦੇ ਖੇਤਰੀ ਸੰਚਾਲਕ ਰਾਧੇ ਸ਼ਾਮ ਨੇ ਦੱਸਿਆ ਕਿ ਅੱਜ ਨਿਰੰਕਾਰੀ ਅਧਿਆਤਮਕ ਸਥਲ ਸਮਾਲਖਾ ਵਿਖੇ 78ਵੇਂ ਸੰਤ ਨਿਰੰਕਾਰੀ ਸਮਾਗਮ ਦੀ ਸੇਵਾ ਦਾ ਸ਼ੁੱਭ ਅਰੰਭ ਕਰਦਿਆਂ ਸਤਿਗੁਰੂ ਸੁਦੀਕਸ਼ਾ ਜੀ ਮਹਾਰਾਜ ਤੇ ਰਾਜਪਿਤਾ ਨੇ ਫਰਮਾਇਆ ਕਿ ਇਸ ਵਿਭਿੰਨ ਸੰਸਥਾਵਾਂ ਭਰੇ ਸੰਸਾਰ ਵਿੱਚ, ਜਿੱਥੇ ਮਨੁੱਖਤਾ ਕਈ ਰੂਪਾਂ, ਭਾਸ਼ਾਵਾਂ, ਸੱਭਿਆਚਾਰਾਂ, ਜਾਤਾਂ ਅਤੇ ਧਰਮਾਂ ਵਿੱਚ ਵੰਡੀ ਹੋਈ ਦਿਖਾਈ ਦਿੰਦੀ ਹੈ, ਇੱਕ ਸਦੀਵੀ ਸੱਚ ਹੈ ਜੋ ਸਾਨੂੰ ਸਾਰਿਆਂ ਨੂੰ ਇੱਕ ਅਟੁੱਟ ਧਾਗੇ ਵਿੱਚ ਬੰਨ੍ਹਦਾ ਹੈ। ਅਸੀਂ ਸਾਰੇ ਇੱਕੋ ਪਰਮਾਤਮਾ ਦੇ ਬੱਚੇ ਹਾਂ, ਜੋ ਸਮੇਂ-ਸਮੇਂ 'ਤੇ ਸਾਨੂੰ ਪਿਆਰ, ਦਇਆ, ਸਮਾਨਤਾ ਅਤੇ ਮਨੁੱਖਤਾ ਦਾ ਬ੍ਰਹਮ ਸੰਦੇਸ਼ ਦਿੰਦੇ ਹਨ। ਸਾਡੇ ਭਿੰਨ ਭਿੰਨ ਰੂਪ ਅਤੇ ਜੀਵਨ , ਰਹਿਣ ਦੇ ਬਾਵਜੂਦ, ਸਾਡੇ ਅੰਦਰ ਇੱਕੋ ਚੇਤਨਾ ਅਤੇ ਜੀਵਨ-ਸ਼ਕਤੀ ਵਹਿੰਦੀ ਹੈ, ਜੋ ਸਾਨੂੰ ਇੱਕ ਦੂਜੇ ਨਾਲ ਜੋੜਦੀ ਹੈ।ਇਸ ਭਾਵਨਾ ਨੂੰ ਅਪਣਾਉਂਦੇ ਹੋਏ, ਸੰਤ ਨਿਰੰਕਾਰੀ ਮਿਸ਼ਨ ਪਿਛਲੇ 96 ਸਾਲਾਂ ਤੋਂ ਵਸੁਧੈਵ ਕੁਟੁੰਬਕਮ, ਭਾਵ ਸਾਰਾ ਸੰਸਾਰ ਇੱਕ ਪਰਵਾਰ ਹੈ, ਦੀ ਦੈਵੀ ਭਾਵਨਾ ਨੂੰ ਜੀਵਨ ਵਿੱਚ ਲਿਆ ਰਿਹਾ ਹੈ। ਇਸ ਸਾਲ ਵੀ ਸਾਲਾਨਾ ਸੰਤ ਨਿਰੰਕਾਰੀ ਸੰਤ ਸਮਾਗਮ ਦੀਆਂ ਸੇਵਾਵਾਂ ਦਾ ਸ਼ੁੱਭ ਆਰੰਭ ਅਨੰਦਮਈ ਪਲਾਂ ਨਾਲ ਸ਼ੁਰੂ ਹੋਇਆ, ਜਦੋਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਨੇ ਆਪਣੇ ਪਵਿੱਤਰ ਹੱਥਾਂ ਨਾਲ ਸੇਵਾ ਸਥਲ ਦਾ ਉਦਘਾਟਨ ਕੀਤਾ। ਮਿਸ਼ਨ ਦੀ ਕਾਰਜਕਾਰੀ ਕਮੇਟੀ, ਕੇਂਦਰੀ ਸੇਵਾਦਲ ਅਧਿਕਾਰੀ ਅਤੇ ਹਜ਼ਾਰਾਂ ਸ਼ਰਧਾਲੂ, ਸੇਵਾ ਦੀ ਭਾਵਨਾ ਨਾਲ ਭਰੇ ਹੋਏ, ਇਸ ਸ਼ੁੱਭ ਮੌਕੇ 'ਤੇ ਮੌਜੂਦ ਸਨ।ਸੰਤ ਨਿਰੰਕਾਰੀ ਮੰਡਲ ਦੇ ਪ੍ਰਧਾਨ ਸਤਿਕਾਰਯੋਗ ਰਾਜਕੁਮਾਰੀ ਅਤੇ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸਤਿਕਾਰਯੋਗ ਜੋਗਿੰਦਰ ਸੁਖੀਜਾ ਨੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਦੇ ਹੋਏ ਸਵਾਗਤ ਕੀਤਾ।ਲਗਭਗ 600 ਏਕੜ ਵਿੱਚ ਫੈਲਿਆ ਇਹ ਸਮਾਗਮ ਸਥਲ ਸੇਵਾ, ਸ਼ਰਧਾ ਅਤੇ ਮਾਨਵਤਾ ਦਾ ਪ੍ਰਤੀਕ ਹੈ। ਲੱਖਾਂ ਸ਼ਰਧਾਲੂਆਂ ਦੇ ਰਹਿਣ, ਭੋਜਨ, ਸਿਹਤ, ਆਵਾਜਾਈ ਅਤੇ ਸੁਰੱਖਿਆ ਲਈ ਸਾਰੇ ਪ੍ਰਬੰਧ ਪੂਰੀ ਸ਼ਰਧਾ ਅਤੇ ਨਿਰਸਵਾਰਥ ਭਾਵ ਨਾਲ ਕੀਤੇ ਜਾਂਦੇ ਹਨ। ਇਸ ਸਾਲ ਦੇ ਸਮਾਗਮ ਦਾ ਥੀਮ ਆਤਮ ਮੰਥਨ ਹੈ, ਜੋ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਅਤੇ ਵਿਚਾਰ ਅਤੇ ਕਰਮਾਂ ਨੂੰ ਆਤਮਗਿਆਨ ਦੁਆਰਾ ਸ਼ੁੱਧ ਕਰਨ ਲਈ ਪ੍ਰੇਰਿਤ ਕਰਦਾ ਹੈ।

## ਪੰਜਾਬ 'ਚ ਗ਼ਰਮੀ ਵਧੀ, ਤਾਪਮਾਨ 39 ਡਿਗਰੀ ਦੇ ਨੇੜੇ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਵਿੱਚ ਸਭ ਤੋਂ ਵੱਧ ਤਾਪਮਾਨ 39 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚ ਗਿਆ ਹੈ।ਸੂਬੇ ਦਾ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 2 ਡਿਗਰੀ ਵੱਧ ਹੈ ਤੇ ਘੱਟੋ-ਘੱਟ ਤਾਪਮਾਨ ਆਮ ਨਾਲੋਂ 4.4 ਡਿਗਰੀ ਵੱਧ ਹੈ।ਅੱਜ ਵੀ ਤਾਪਮਾਨ ਵਿੱਚ ਥੋੜ੍ਹਾ ਵਾਧਾ ਸੰਭਵ ਹੈ, ਪਰ ਆਉਣ ਵਾਲੇ ਦਿਨਾਂ ਵਿੱਚ ਰਾਹਤ ਦੀ ਉਮੀਦ ਹੈ।ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ ਸੂਬੇ ਵਿੱਚ ਸਭ ਤੋਂ ਵੱਧ ਤਾਪਮਾਨ ਲੁਧਿਆਣਾ ਦੇ ਸਮਰਾਲਾ ਵਿੱਚ 38.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।ਹਾਲਾਂਕਿ ਆਉਣ ਵਾਲੇ ਦਿਨਾਂ ਵਿੱਚ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ।ਮੌਸਮ ਖੁਸ਼ਕ ਰਹੇਗਾ।ਹਾਲ ਹੀ ਦੇ ਮਾਨਸੂਨ ਸੀਜ਼ਨ ਦੌਰਾਨ ਰਾਜ ਵਿੱਚ ਨਮੀ 90 ਪ੍ਰਤੀਸ਼ਤ ਤੱਕ ਪਹੁੰਚ ਗਈ ਸੀ, ਪਰ ਹੁਣ ਇਹ 60 ਤੋਂ 80 ਪ੍ਰਤੀਸ਼ਤ ਦੇ ਵਿਚਕਾਰ ਹੈ। ਇਸਦਾ ਮਤਲਬ ਹੈ ਕਿ ਲੋਕਾਂ ਨੂੰ ਹੁਣ ਚਿਪਚਿਪੀ ਗਰਮੀ ਤੋਂ ਰਾਹਤ ਮਿਲੀ ਹੈ।ਪੰਜਾਬ ਵਿੱਚ ਔਸਤ ਤਾਪਮਾਨ 36 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿੰਦਾ ਹੈ, ਪਰ ਹੁਣ ਇਸ ਗਰਮੀ ਤੋਂ ਰਾਹਤ ਮਿਲਣੀ ਸ਼ੁਰੂ ਹੋ ਜਾਵੇਗੀ।ਹਾਲਾਂਕਿ ਮੀਂਹ ਨਹੀਂ ਪਵੇਗਾ, ਪਰ ਤਾਪਮਾਨ ਘਟਣਾ ਸ਼ੁਰੂ ਹੋ ਜਾਵੇਗਾ।ਅਗਲੇ ਚਾਰ ਦਿਨਾਂ ਵਿੱਚ ਵੱਧ ਤੋਂ ਵੱਧ ਤਾਪਮਾਨ 34 ਡਿਗਰੀ ਸੈਲਸੀਅਸ ਦੇ ਆਸ-ਪਾਸ ਪਹੁੰਚ ਜਾਵੇਗਾ।

## ਪੱਕੇ ਮੋਰਚੇ 'ਚ ਉਤਸ਼ਾਹਪੂਰਵਕ ਮਨਾਇਆ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਸ਼ਹੀਦ-ਇ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਡਾਕਟਰ ਬੀ.ਆਰ. ਅੰਬੇਦਕਰ ਪਾਰਕ 'ਚ ਇੱਥੋਂ ਘੱਟੋ-ਘੱਟ 6 ਮੀਲ ਦੂਰ ਉਜਾੜ ਬੀਆਬਾਨ 'ਚ ਲਿਜਾਏ ਜਾਣ ਖਿਲਾਫ਼ ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ ਦੀ ਅਗਵਾਈ ਹੇਠ 158 ਦਿਨਾਂ ਤੋਂ ਜਾਰੀ ਪੱਕੇ ਮੋਰਚੇ ਵਿਚ ਉਤਸ਼ਾਹ ਪੂਰਵਕ ਮਨਾਇਆ ਗਿਆ। ਮਿਊਂਸਪਲ ਕੌਂਸਲਰ ਸੰਦੀਪ ਕੁਮਾਰ ਬੌਬੀ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਨੂੰ ਜਨਤਕ ਜਥੇਬੰਦੀਆਂ ਦਾ ਸਾਂਝਾ ਮੰਚ (ਜੇਪੀਐਮਓ) ਦੇ ਸੂਬਾਈ ਕੋਆਰਡੀਨੇਟਰ ਸਾਥੀ ਮਹੀਪਾਲ ਤੋਂ ਇਲਾਵਾ ਪ੍ਰਿਤਪਾਲ ਸਿੰਘ ਤੇ ਸੁਖਦੇਵ ਸਿੰਘ ਨੇ ਵੀ ਸੰਬੋਧਨ ਕੀਤਾ।ਬੁਲਾਰਿਆਂ ਨੇ ਭਗਤ ਸਿੰਘ ਦੇ ਨਾਂਅ 'ਤੇ ਪੰਜਾਬੀਆਂ ਨੂੰ ਠੱਗਣ ਵਾਲੀ ਸੂਬੇ ਦੀ ਭਗਵੰਤ ਮਾਨ ਸਰਕਾਰ ਦੇ ਲਾਰਿਆਂ ਤੇ ਵਾਅਦਾ ਖਿਲਾਫੀਆਂ ਵਿਰੁੱਧ ਖਟਕੜ ਕਲਾਂ ਵਿਖੇ ਪੱਕਾ ਮੋਰਚਾ ਲਾਉਣ ਜਾ ਰਹੀ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਆਗੂਆਂ ਦੇ ਘਰਾਂ 'ਚ ਪੁਲਸ ਦੀ ਛਾਪੇਮਾਰੀ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।ਉਨ੍ਹਾਂ ਲੱਦਾਖ ਦੇ ਲੋਕਾਂ ਲਈ ਜੂਝ ਰਹੇ ਨਾਮਵਰ ਬੁੱਧੀਜੀਵੀ ਸੋਨਮ ਵਾਂਗਚੁੰਗ ਨੂੰ ਫੌਰੀ ਰਿਹਾਅ ਕਰਨ ਤੇ ਲੱਦਾਖੀ ਲੋਕਾਂ ਦੀਆਂ ਜਾਇਜ਼ ਮੰਗਾਂ ਤੁਰੰਤ ਮੰਨੇ ਜਾਣ ਦੀ ਵੀ ਮੰਗ ਕੀਤੀ ਹੈ।ਰਾਜੀਵ ਕੁਮਾਰ ਡੈਜੀ, ਹਰਵਿੰਦਰ ਸਿੰਘ, ਰਵਿੰਦਰ ਕੁਮਾਰ, ਬਲਵਿੰਦਰ ਸਿੰਘ, ਅੰਮ੍ਰਿਤਪਾਲ, ਸੁਖਚੈਨ ਸਿੰਘ, ਮਲਕੀਤ ਸਿੰਘ ਨੇ ਵੀ ਵਿਚਾਰ ਰੱਖੇ। ਮੰਚ ਸੰਚਾਲਕ ਦੇ ਫਰਜ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਨਿਭਾਏ।ਪਲਸ ਮੰਚ ਦੇ ਸਿਰਮੌਰ ਆਗੂ ਮੰਦਰ ਸਿੰਘ ਜੱਸੀ ਨੇ ਕਵੀਸ਼ਰੀ ਦਾ ਰੰਗ ਬੰਨ੍ਹਿਆ।ਸਰਬਸੰਮਤੀ ਨਾਲ ਪ੍ਰਵਾਨ ਕੀਤੇ ਇਕ ਮਤੇ ਰਾਹੀਂ ਲੋਕਾਂ ਦੀ ਜਾਇਜ਼ ਮੰਗ ਦੇ ਵਿਰੋਧ 'ਚ ਖੜ੍ਹੇ ਬਠਿੰਡਾ ਸ਼ਹਿਰੀ ਦੇ ਵਿਧਾਇਕ ਦਾ ਸਮਾਜਿਕ ਬਾਈਕਾਟ ਕਰਨ ਦਾ ਫ਼ੈਸਲਾ ਲਿਆ ਗਿਆ ਹੈ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਯਾਦਗਾਰੀ ਬਣਾਉਣ ਲਈ ਯੁਵਕ ਸੇਵਾਵਾਂ ਬੋਰਡ ਅਤੇ ਯੂਥ ਵਿੰਗ ਆਮ ਆਦਮੀ ਪਾਰਟੀ ਫ਼ਰੀਦਕੋਟ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਆਪ ਵੀ ਖ਼ੂਨ ਦਾਨ ਕਰਕੇ ਇਸ ਕੈਂਪ ਵਿੱਚ ਆਪਣਾ ਯੋਗਦਾਨ ਪਾਇਆ।ਇਸ ਮੌਕੇ ਅਪਣੇ ਸੰਬੋਧਨ ਵਿਚ ਵਿਧਾਇਕ ਸੇਖੋਂ ਨੇ ਕਿਹਾ ਕਿ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਤੇ ਪਾਕਿਸਤਾਨ ਵਿਚ ਮੰਗ ਕੀਤੀ ਗਈ ਹੈ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਭਾਰਤ ਅਤੇ ਪਾਕਿਸਤਾਨ ਸਾਂਝੇ ਤੌਰ ਤੇ ਦੋਨਾਂ ਦੇਸ਼ਾਂ ਦਾ ਸਭ ਤੋਂ ਵੱਡਾ ਐਵਾਰਡ ਦੇਣ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਸਰਕਾਰ ਦੀ ਅਗਵਾਈ ਹੇਠ ਸਾਰੇ ਪੰਜਾਬ ਵਿਚ ਹੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ, ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਪਤਾ ਲੱਗ ਸਕੇ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦੀ ਸਾਡੇ ਸਮਾਜ ਨੂੰ ਕਿੰਨੀ ਵੱਡੀ ਦੇਣ ਹੈ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਨੇ ਛੋਟੀ ਉਮਰੇ ਹੀ ਦੇਸ਼ ਦੀ ਆਜ਼ਾਦੀ ਲਈ ਲੜਨਾ ਸ਼ੁਰੂ ਕਰ ਦਿੱਤਾ ਸੀ।ਉਨ੍ਹਾਂ ਕਿਹਾ ਕੇ ਇਨ੍ਹਾਂ ਸ਼ਹੀਦਾਂ ਦੀ ਬਦੌਲਤ ਹੀ ਅਸੀਂ ਅੱਜ ਆਜ਼ਾਦ ਹਾਂ ਅਤੇ ਇਹ ਸਾਨੂੰ ਸਾਡੇ ਸ਼ਹੀਦਾਂ ਦੀ ਬਹੁਤ ਹੀ ਵੱਡੀ ਦੇਣ ਹੈ।ਉਨ੍ਹਾ ਦੱਸਿਆ ਕਿ ਇਸ ਕੈਂਪ ਰਾਹੀਂ ਸਾਡੀ ਸਭ ਤੋਂ ਵੱਡੀ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਬਲੱਡ ਬੈਂਕ ਨੂੰ ਦਿੱਤਾ ਜਾਵੇ, ਤਾਂ ਜੋ ਜ਼ਰੂਰਤ ਸਮੇਂ ਕਿਸੇ ਜ਼ਰੂਰਤਮੰਦ ਦੀ ਸਹਾਇਤਾ ਕੀਤੀ ਜਾ ਸਕੇ। ਇਸ ਮੌਕੇ ਉਨ੍ਹਾ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਅਤੇ ਬਲੱਡ ਬੈਂਕ ਦੇ ਇੰਚਾਰਜ ਮੈਡਮ ਨੀਤੂ ਨੂੰ ਵਧਾਈ ਵੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਸਮੂਹ ਫਰੀਦਕੋਟ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਨੇ ਵੱਧ ਚੜ੍ਹ ਕੇ ਖ਼ੂਨਦਾਨ ਕੈਂਪਾਂ ਵਿਚ ਹਿੱਸਾ ਪਾ ਕੇ ਮੈਡੀਕਲ ਹਸਪਤਾਲ ਵਿਚ ਆਉਣ ਵਾਲੇ ਮਰੀਜ਼ਾਂ ਦੀਆਂ ਜਾਨਾਂ ਬਚਾਈਆਂ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦਾ ਨਾਂਅ ਦੁਨੀਆ ਵਿਚ ਰੌਸ਼ਨ ਕੀਤਾ।ਇਸ ਮੌਕੇ ਵਿਧਾਇਕ ਸੇਖੋਂ ਨੇ ਯੂਥ ਕਲੱਬ ਦੇ ਸਮੂਹ ਮੈਂਬਰਾਂ ਦਾ ਇਸ ਲੋਕ ਭਲਾਈ ਦੇ ਕਾਰਜ ਲਈ ਧੰਨਵਾਦ ਕਰਦਿਆਂ ਕਿਹਾ ਕਿ ਖ਼ੂਨ ਦਾਨ ਤੋਂ ਵੱਡਾ ਕੋਈ ਦਾਨ ਨਹੀਂ ਹੈ। ਉਨ੍ਹਾ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜਦੋਂ ਵੀ ਕਿਤੇ ਖ਼ੂਨਦਾਨ ਕੈਂਪ ਲੱਗੇ ਤਾਂ ਸਭ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨਾ ਚਾਹੀਦਾ ਹੈ।

ਉਨ੍ਹਾਂ ਨੌਜਵਾਨਾਂ ਨੂੰ ਸਵੈ ਇੱਛਾ ਨਾਲ ਖ਼ੂਨ ਦਾਨ ਕਰਨ ਲਈ ਅੱਗੇ ਆਉਣ ਦਾ ਸੁਨੇਹਾ ਵੀ ਦਿੱਤਾ।ਇਸ ਮੌਕੇ ਜਗਮੋਹਨ ਸਿੰਘ ਲੱਕੀ ਯੂਥ ਪ੍ਰਧਾਨ, ਰਿੰਕੂ ਸਮਾਧਾਂ ਵਾਲਾ, ਗੁਰਪ੍ਰੀਤ ਧਾਲੀਵਾਲ, ਯਾਦਵਿੰਦਰ ਬਰਾੜ, ਹਰਜੀਤ ਸਿੰਘ ਸਰਪੰਚ ਪਿੰਡ ਚੰਨੀਆ, ਜਸਕਰਨ ਸਿੰਘ, ਦਵਿੰਦਰ ਧਾਲੀਵਾਲ, ਅਰਸ਼ ਬਰਾੜ, ਬੱਬੂ ਸਰਪੰਚ, ਜਸਪਾਲ ਬਾਬਾ, ਅਮਰਜੀਤ ਸਿੰਘ ਅਤੇ ਵੱਡੀ ਗਿਣਤੀ ਵਿਚ ਖ਼ੂਨਦਾਨੀ ਹਾਜ਼ਰ ਸਨ।

## 73 ਡੀ ਪੀ ਈ ਅਧਿਆਪਕਾਂ ਦੀਆਂ ਮੰਗਾਂ ਸੰਬੰਧੀ ਡੀ ਐੱਸ ਈ (ਸੈਕੰਡਰੀ) ਨਾਲ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**-ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ (ਡੀਟੀਐੱਫ) ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ ਹੇਠ ਡੀਐਸਈ (ਸੈਕੰ. ਸਿ.) ਸ੍ਰੀ ਗੁਰਿੰਦਰ ਸਿੰਘ ਸੋਢੀ ਨਾਲ ਮੀਟਿੰਗ ਹੋਈ, ਜਿਸ ਵਿੱਚ ਡੀ.ਪੀ.ਈ ਅਧਿਆਪਕਾਂ ਨੂੰ ਬਦਲੀ ਵਿੱਚ ਬਣਦੇ ਸਟੇਸ਼ਨ ਨਾ ਦਿਖਾਏ ਜਾਣ ਦੇ ਅਹਿਮ ਮੁੱਦੇ ਨੂੰ ਵਿਚਾਰਿਆ ਗਿਆ।ਡੀ.ਟੀ ਐੱਫ ਵੱਲੋਂ ਮਾਨਸਾ ਜ਼ਿਲ੍ਹੇ ਦੀ ਉਦਾਹਰਣ ਦਿੰਦੇ ਹੋਏ ਕਿਹਾ ਗਿਆ ਕਿ ਜ਼ਿਲ੍ਹੇ ਵਿੱਚ ਲਗਭਗ 61 ਵੱਖੋ ਵੱਖਰੇ ਸੀਨੀਅਰ ਸੈਕੰਡਰੀ ਤੇ ਹਾਈ ਸਕੂਲਾਂ ਵਿੱਚ ਜਿੱਥੇ ਵਿਦਿਆਰਥੀਆਂ ਦੀ ਗਿਣਤੀ 250 ਤੋਂ 1000 ਤੱਕ ਹੈ, ਉਥੇ ਸਿਰਫ ਇਕ ਪੀਟੀਆਈ ਜਾਂ ਸਿਰਫ ਇਕ ਡੀਪੀਈ ਅਧਿਆਪਕ ਹੀ ਮੌਜੂਦ ਹੈ, ਜੋ ਪੰਜਾਬ ਸਰਕਾਰ ਦੇ ਸੂਬੇ ਨੂੰ ਰੰਗਲਾ ਪੰਜਾਬ, ਨਸ਼ਾ ਮੁਕਤ ਅਤੇ ਫਿਟ ਪੰਜਾਬ ਬਣਾਉਣ ਦੇ ਏਜੰਡੇ ਨਾਲ ਇਕ ਕੋਝਾ ਮਜ਼ਾਕ ਹੈ, ਕਿਉਂਕਿ ਸਰੀਰਿਕ ਸਿੱਖਿਆ ਅਧਿਆਪਕਾਂ ਬਿਨਾਂ ਸਕੂਲੀ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਅਸੰਭਵ ਹੈ।ਅੰਗਰੇਜ਼ੀ ਤੇ ਲਾਇਬ੍ਰੇਰੀਅਨ ਰਿਸਟੋਰਰ ਅਧਿਆਪਕਾਂ ਦੇ ਮਸਲੇ ਵਿੱਚ ਵਿਭਾਗ ਕੁਝ ਅਜਿਹੀ ਹੀ ਕਹਾਣੀ ਦੁਹਰਾਉਂਦਾ ਨਜ਼ਰ ਆਇਆ ਹੈ।ਯੂਨੀਅਨ ਆਗੂਆਂ ਨੇ ਅੱਗੇ ਕਿਹਾ ਕੇ 873 ਡੀਪੀਈ ਅਧਿਆਪਕਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੰਦੇ ਹੋਏ ਉਪਰੋਕਤ ਸਾਰੇ ਬਣਦੇ ਸਟੇਸ਼ਨ ਪੋਰਟਲ ਉੱਪਰ ਸ਼ੋਅ ਕੀਤੇ ਜਾਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜਥੇਬੰਦੀ ਵੱਲੋਂ ਅਗਲੇ ਮਹੀਨੇ ਬਦਲੀਆਂ ਦਾ ਯੋਗ ਮੌਕਾ ਨਾ ਮਿਲਣ ਤੋਂ ਪੀੜਤ ਹੋਰਨਾਂ ਧਿਰਾਂ ਨਾਲ ਮੀਟਿੰਗ ਕਰਕੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ।

30 Sep Page 11.qxd 9/29/2025 11:02 PM Page 1



# ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸੈਕੰਡਰੀ ਨਾਲ ਜੀਟੀਯੂ ਵੱਲੋਂ ਮੀਟਿੰਗ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਕੁਲਦੀਪ ਪੁਰੋਵਾਲ, ਦਿਲਦਾਰ ਭੰਡਾਲ, ਅਨਿਲ ਕੁਮਾਰ, ਲਾਹੌਰੀਆ, ਸੁਖਵਿੰਦਰ ਰੰਧਾਵਾ ਦੀ ਅਗਵਾਈ ਹੇਠ ਅਧਿਆਪਕਾਂ ਦੇ ਮਸਲਿਆਂ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ/ਸੈਕੰਡਰੀ ਪਰਮਜੀਤ ਨੂੰ ਮਿਲਿਆ। ਮੀਟਿੰਗ ਦੌਰਾਨ ਅਧਿਆਪਕ ਆਗੂਆਂ ਨੇ 3704 ਅਧਿਆਪਕਾਂ ਦੀਆਂ ਤਨਖ਼ਾਹਾਂ ਨਾ ਮਿਲਣ ਸਬੰਧੀ, ਬਦਲੀ ਹੋਣ ਉਪਰੰਤ ਵੀ ਅਧਿਆਪਕਾਂ ਨੂੰ ਫਾਰਗ ਕਰਨ ਵਿੱਚ ਟਾਲਮਟੋਲ ਦੀ ਨੀਤੀ ਵਿਰੁੱਧ, ਅਧਿਆਪਕਾਂ ਦੀਆਂ ਵੱਡੀ ਪੱਧਰ ਤੇ ਬੀਐੱਲਓ ਅਤੇ ਪਰਾਲੀ ਸਾੜਨ ਤੋਂ ਰੋਕਣ ਵਰਗੇ ਗੈਰ ਵਿੱਦਿਅਕ ਕੰਮਾਂ ਵਿੱਚ ਡਿਊਟੀਆਂ ਲਗਾਉਣ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋਣ ਤੋਂ ਬਚਾਉਣ ਲਈ ਡਿਊਟੀਆਂ ਰੱਦ ਕਰਨ ਵਾਸਤੇ ਡਿਪਟੀ ਕਮਿਸ਼ਨਰ ਨੂੰ ਲਿਖਣ ਵਾਸਤੇ ਕਿਹਾ, ਸਿੰਗਲ ਟੀਚਰ ਸਕੂਲਾਂ ਦੇ ਅਧਿਆਪਕਾਂ ਦੀਆਂ ਵੀ ਗੈਰ-ਵਿੱਦਿਅਕ ਕੰਮਾਂ ਵਿੱਚ ਡਿਊਟੀਆਂ ਲੱਗਣ ਕਾਰਨ ਸਕੂਲ ਬੰਦ ਹੋ ਜਾਣ ਬਾਰੇ, ਈਟੀਟੀ ਤੋਂ ਹੈੱਡ ਟੀਚਰ, ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ, ਈਟੀਟੀ ਤੋਂ ਮਾਸਟਰ ਕੇਡਰ ਅਤੇ ਹਰ ਵਰਗ ਦੀਆਂ ਤਰੱਕੀਆਂ ਸਬੰਧੀ, ਲੋੜਵੰਦ ਸਕੂਲਾਂ ਨੂੰ ਗ੍ਰਾਂਟਾਂ ਜਾਰੀ ਕਰਨ ਦੀ ਥਾਂ



ਮਨਮਰਜੀ ਨਾਲ ਗ੍ਰਾਂਟਾਂ ਦੇਣ ਸਬੰਧੀ, ਵਿਦਿਆਰਥੀਆਂ ਦੇ ਵਜ਼ੀਫ਼ੇ, ਬੇਲੋੜੇ ਗੂਗਲ ਫਾਰਮ, ਸਾਲ 2002 ਤੋਂ ਪਹਿਲਾਂ ਦਾ ਜੀ. ਪੀ. ਫੰਡ ਬਕਾਇਆ ਜਾਰੀ ਕਰਨ ਲਈ ਵਿਸ਼ੇਸ਼ ਕੈਂਪ ਲਗਾਉਣ, ਵਰਦੀਆਂ ਦੀ ਖਰੀਦ ਕੇਵਲ ਸਕੂਲ ਰਾਹੀਂ ਕਰਵਾਉਣ, ਪ੍ਰੀ-ਪ੍ਰਾਇਮਰੀ ਵਿਦਿਆਥੀਆਂ ਦੀ ਵਰਦੀ ਲਈ ਗਰਾਂਟ ਜਲਦ ਜਾਰੀ ਕਰਨ, ਬਲਾਕ ਪ੍ਰਾਇਮਰੀ ਦਫਤਰਾਂ ਵਿੱਚ ਆਈਐੱਚਆਰਐੱਮ ਉਪਰ ਜੀਪੀ ਫੰਡ, ਜੀਆਈਐੱਸ, ਮੈਡੀਕਲ ਅਤੇ ਹੋਰ ਛੁੱਟੀਆਂ ਅਪਡੇਟ ਕਰਨ, ਸਰਵਿਸ ਬੁੱਕਾਂ ਮੁਕੰਮਲ ਕਰਨ ਸਬੰਧੀ, ਆਰੰਭ ਪ੍ਰੋਜੈਕਟ ਨਾਲ ਵਿਦਿਆਰਥੀਆਂ ਦੀ ਸਿਹਤ ਖਰਾਬ ਹੋਣ ਕਾਰਨ ਪ੍ਰੋਜੈਕਟ ਬੰਦ ਕਰਨ ਸਬੰਧੀ ,100 ਤੋਂ ਘੱਟ ਗਿਣਤੀ ਵਾਲੇ ਸਕੂਲਾਂ ਵਿੱਚ ਸਫ਼ਾਈ ਕਰਮਚਾਰੀ ਦੇਣ, ਕੁਹਾਰ ਸਵੀਪਰ ਨੂੰ ਰੈਗੂਲਰ ਕਰਨ ਆਦਿ ਮੁੱਦੇ ਵਿਚਾਰੇ ਗਏ।ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸੈਕੰਡਰੀ ਵੱਲੋਂ ਅਧਿਆਪਕਾਂ ਦੇ ਸਾਰੇ ਮਸਲਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਅਤੇ ਮੌਕੇ 'ਤੇ ਸਬੰਧਿਤ ਸੀਨਿਅਰ ਸਹਾਇਕਾਂ ਨੂੰ ਕਾਰਵਾਈ ਕਰਨ ਲਈ ਕਿਹਾ।ਇਸ ਮੌਕੇ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਨਿਲ ਸ਼ਰਮਾ, ਨਵਜੋਤ ਕੌਰ, ਜਸਬੀਰ ਸਿੰਘ, ਅਮਨ, ਨਰਵਿਜੇ ਸਿੰਘ ਸੈਕੰਡਰੀ ਅਤੇ ਪ੍ਰਾਇਮਰੀ, ਵੱਖ-ਵੱਖ ਬਲਾਕ ਪ੍ਰਧਾਨ, 3704 ਆਗੂ ਗੁਰਪ੍ਰੀਤ ਕੌਰ, ਹਰਪ੍ਰੀਤ ਸਿੰਘ, ਜੋਤ ਪ੍ਰਕਾਸ਼ ਸਿੰਘ, ਹਰਜੀਤ ਸਿੰਘ ਕਾਹਨੂੰਵਾਨ, ਓਮ ਪ੍ਰਕਾਸ਼, ਲਾਭ ਸਿੰਘ ਕੰਗ, ਬਲਕਾਰ ਸਿੰਘ, ਏਕਤਾ ,ਦਲਵੀਰ, ਸਤਿੰਦਰਜੀਤ, ਰਜਨੀਸ਼ ਕੁਮਾਰ ਅਤੇ ਰੇਨੂੰ ਬਾਲਾ ਆਦਿ ਹਾਜ਼ਰ ਸਨ।

# ਨੈਸ਼ਨਲ ਹਾਈਵੇ 354 ਦੀ ਹਾਲਤ ਹੋਈ ਬਦ ਤੋਂ ਬਦਤਰ, ਲੋਕਾਂ ਦੀਆਂ ਸ਼ਿਕਾਇਤਾਂ ਬੇਅਸਰ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਭਿੱਖੀਵਿੰਡ 'ਚੋਂ ਲੰਘਦੇ ਨੈਸ਼ਨਲ ਹਾਈਵੇ 354 ਦੀ ਹਾਲਤ ਸਰਕਾਰੀ ਬਹੁ-ਤਕਨੀਕੀ ਕਾਲਜ ਨਜ਼ਦੀਕ ਦਿਨ ਪ੍ਰਤੀ ਦਿਨ ਬਦ ਤੋਂ ਬੱਦਤਰ ਹੁੰਦੀ ਜਾ ਰਹੀ ਹੈ।ਕਾਲਜ ਨਜ਼ਦੀਕ ਸੜਕ 'ਚ ਡੂੰਘੇ ਟੋਏ ਪਏ ਹੋਏ ਹਨ।ਮੁਰੰਮਤ ਨਾ ਹੋਣ ਕਾਰਨ ਇਹ ਟੋਏ ਦਿਨੋਂ-ਦਿਨ ਡੂੰਘੇ ਹੁੰਦੇ ਜਾ ਰਹੇ ਹਨ ਤੇ ਇਨ੍ਹਾਂ ਟੋਇਆਂ ਕਾਰਨ ਹੁਣ ਤੱਕ ਅਨੇਕਾਂ ਭਿਆਨਕ ਹਾਦਸੇ ਵਾਪਰ ਚੁੱਕੇ ਹਨ।ਬਰਸਾਤ ਦੇ ਦਿਨਾਂ ਵਿੱਚ ਇਨ੍ਹਾਂ ਟੋਇਆਂ ਵਿੱਚ ਪਾਣੀ ਭਰ ਜਾਂਦਾ ਹੈ ਜਿਸ ਕਾਰਨ ਲੋਕ ਤੇ ਵਾਹਨ ਦੁਰਘਟਨਾਵਾਂ ਦਾ ਸ਼ਿਕਾਰ ਹੋ ਰਹੇ ਹਨ।ਇੱਥੇ ਹੈਰਾਨੀਜਨਕ ਗੱਲ ਇਹ ਹੈ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਲੋਕਾਂ ਤੋਂ ਟੋਲ ਟੈਕਸ ਤਾਂ ਵਸੂਲ ਰਿਹਾ ਹੈ, ਪ੍ਰੰਤੂ ਹੁਣ ਤੱਕ ਲੋਕਾਂ ਵੱਲੋਂ ਕੀਤੀਆਂ ਗਈਆਂ ਅਣਗਿਣਤ ਸ਼ਿਕਾਇਤਾਂ ਦੇ ਬਾਵਜੂਦ ਸੜਕ ਦੀ ਮੁਰੰਮਤ ਕਰਨ ਲਈ ਤਿਆਰ ਨਹੀਂ।ਰਾਹਗੀਰਾਂ ਦੀ ਸੁਰੱਖਿਆ ਪ੍ਰਤੀ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਸਤਕਾਰ ਕਮੇਟੀ ਖੇਮਕਰਨ ਤੋਂ ਪ੍ਰਧਾਨ ਭਾਈ ਰਣਜੀਤ ਸਿੰਘ ਉਦੋਕੇ ਨੇ ਕਿਹਾ ਕਿ ਸਰਕਾਰੀ ਬਹੁ-ਤਕਨੀਕੀ ਕਾਲਜ ਭਿੱਖੀਵਿੰਡ ਨਜ਼ਦੀਕ ਨੈਸ਼ਨਲ ਹਾਈਵੇ 354 'ਚ ਵੱਡੇ-ਵੱਡੇ ਟੋਏ ਪੈਣ ਕਾਰਨ ਹਰ ਰੋਜ਼ ਰਾਹੀਗਰ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਐੱਨਐੱਚਏਆਈ ਲੋਕਾਂ ਤੋਂ ਟੋਲ ਟੈਕਸ ਤਾਂ ਵਸੂਲ ਰਿਹਾ ਹੈ, ਪ੍ਰੰਤੂ ਲੋਕਾਂ ਵੱਲੋਂ ਹੁਣ ਤੱਕ ਕੀਤੀਆਂ ਗਈਆਂ ਅਨੇਕਾਂ ਸ਼ਿਕਾਇਤਾਂ ਦੇ ਬਾਵਜੂਦ ਸੜਕ ਦੀ ਮੁਰੰਮਤ ਕਰਨ ਲਈ ਗੰਭੀਰ ਨਜ਼ਰ ਨਹੀਂ ਆ ਰਿਹਾ।ਉਨ੍ਹਾਂ ਕਿਹਾ ਕਿ ਚਾਰ ਕੁ ਦਿਨਾਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਬ੍ਰਹਮ ਗਿਆਨੀ



ਬਾਬਾ ਬੁੱਢਾ ਸਾਹਿਬ ਦੇ ਸ਼ੁਰੂ ਹੋਣ ਜਾ ਰਹੇ ਸਾਲਾਨਾ ਜੋੜ ਮੇਲੇ ਮੌਕੇ ਲੱਖਾਂ ਦੀ ਤਾਦਾਦ ਵਿੱਚ ਸੰਗਤ ਮੋਟਰਸਾਈਕਲ, ਗੱਡੀਆਂ, ਟਰੈਕਟਰ-ਟਰਾਲੀਆਂ ਆਦਿ ਵਾਹਨਾਂ 'ਤੇ ਸਵਾਰ ਹੋ ਕੇ ਇਸੇ ਸੜਕ 'ਤੇ ਸਫ਼ਰ ਕਰਨਗੇ ਤੇ ਅਜਿਹੇ ਵਿੱਚ ਸੜਕ ਦੀ ਖ਼ਸਤਾ ਹਾਲਤ ਭਿਆਨਕ ਹਾਦਸਿਆਂ ਨੂੰ ਜਨਮ ਦੇ ਸਕਦੀ ਹੈ।ਇਸ ਮੌਕੇ ਉਦੋਕੇ ਸਮੇਤ ਇਲਾਕੇ ਦੇ ਲੋਕਾਂ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨਾਲ ਤੁਰੰਤ ਰਾਬਤਾ ਕਾਇਮ ਕਰਕੇ ਸੜਕ ਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਮੇਲੇ ਮੌਕੇ ਸੰਗਤਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ।

# ਹਾਵਰਡ ਲੇਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਐੱਨਸੀਸੀ ਕੈਂਪ 'ਚ ਸ਼ਿਰਕਤ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਹਾਵਰਡ ਲੇਨ ਸੀਨੀਅਰ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬ ਬਟਾਲੀਅਨ ਅੰਮ੍ਰਿਤਸਰ ਸਤਲਾਨੀ ਸਾਹਿਬ ਐੱਨਸੀਸੀ ਦੇ ਕੈਂਪ ਵਿੱਚ ਬਹੁਤ ਉਤਸ਼ਾਹ ਨਾਲ ਭਾਗ ਲਿਆ।ਕੈਂਪ ਦੌਰਾਨ ਵਿਦਿਆਰਥੀਆਂ ਨੂੰ ਸਰੀਰਕ ਕਸਰਤ, ਡ੍ਰਿੱਲ, ਪਰੇਡ ਦੀ ਜਾਣਕਾਰੀ, ਨਕਸ਼ੇ ਪੜ੍ਹਨ ਦੀ ਕਲਾ, ਸਵੈ-ਅਨੁਸ਼ਾਸਨ ਅਤੇ ਟੀਮ-ਸਪ੍ਰਿਟ ਬਾਰੇ ਵਿਸਥਾਰ ਨਾਲ ਸਿਖਲਾਈ ਦਿੱਤੀ ਗਈ।ਇਸ ਤੋਂ ਇਲਾਵਾ ਰਾਸ਼ਟਰੀ ਏਕਤਾ, ਦੇਸ਼-ਭਗਤੀ ਅਤੇ ਸਮਾਜਿਕ ਸੇਵਾ ਨਾਲ ਸੰਬੰਧਿਤ ਲੈਕਚਰ ਵੀ ਕਰਵਾਏ ਗਏ।ਕੈਂਪ ਦੇ ਅੰਤਿਮ ਦਿਨ ਪਰੇਡ ਦੀ ਵਿਸ਼ੇਸ਼ ਪ੍ਰਦਰਸ਼ਨੀ ਕਰਵਾਈ ਗਈ। ਇਸ ਕੈਂਪ ਨੇ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਅਤੇ ਦੇਸ਼-ਭਗਤੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ।ਇਸ ਕੈਂਪ ਦੇ ਅਖੀਰਲੇ ਦਿਨ ਐੱਨਸੀਸੀ ਦੀ ਟੀਮ ਵੱਲੋਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਤਕਸੀਮ ਕੀਤੇ ਗਏ।

# ਗ੍ਰਾਮ ਅਦਾਲਤ ਦੇ ਵਿਰੋਧ 'ਚ ਵਕੀਲਾਂ ਨੇ ਕੀਤੀ ਭੁੱਖ ਹੜਤਾਲ



**ਬਟਾਲਾ (ਤਰਲੋਕ ਬੱਗਾ)**- ਪੰਜਾਬ ਸਰਕਾਰ ਵੱਲੋਂ ਕਸਬਾ ਡੇਰਾ ਬਾਬਾ ਨਾਨਕ ਵਿਖੇ ਬਣਾਏ ਜਾ ਰਹੇ ਗ੍ਰਾਮ ਅਦਾਲਤ ਦੇ ਵਿਰੋਧ ਵਿਚ ਬਾਰ ਐਸੋਸੀਏਸ਼ਨ ਬਟਾਲਾ ਦੇ ਸਾਰੇ ਵਕੀਲਾਂ ਵੱਲੋਂ ਭੁੱਖ ਹੜਤਾਲ ਕੀਤੀ ਗਈ।ਪੰਜਾਬ ਸਰਕਾਰ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ।ਉਕਤ ਵਕੀਲਾਂ ਨੇ ਦੱਸਿਆ ਕਿ ਸਰਕਾਰ ਉਨ੍ਹਾਂ ਨਾਲ ਧੱਕਾ ਕਰ ਰਹੀ ਹੈ। ਬਟਾਲੇ ਤੋਂ ਕੁਝ ਕਿਲੋਮੀਟਰ ਦੂਰੀ 'ਤੇ ਡੇਰਾ ਬਾਬਾ ਨਾਨਕ ਸਬ ਤਹਿਸੀਲ ਦਾ ਇਲਾਕਾ ਹੈ ।ਸਰਕਾਰ ਵੱਲੋਂ ਬਟਾਲਾ ਕੋਰਟ ਕੰਪਲੈਕਸ ਛੱਡ ਕੇ ਡੇਰਾ ਬਾਬਾ ਨਾਨਕ ਵਿਖੇ ਗ੍ਰਾਮ ਅਦਾਲਤ ਬਣਾਉਣ ਦਾ ਫ਼ੈਸਲਾ ਗ਼ਲਤ ਹੈ ਜੋ ਕਿ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਕਤ ਵਕੀਲਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਡੇਰਾ ਬਾਬਾ ਨਾਨਕ ਵਿਖੇ ਗ੍ਰਾਮ ਅਦਾਲਤ ਬਣਾਉਣ ਦਾ ਫ਼ੈਸਲਾ ਰੱਦ ਕੀਤਾ ਜਾਵੇ ਅਤੇ ਉਸ ਅਦਾਲਤ ਨੂੰ ਬਟਾਲਾ ਸ਼ਿਫਟ ਕੀਤਾ ਜਾਵੇ।

# ਰਾਮਲੀਲਾ ਨਵੀਂ ਪੀੜ੍ਹੀ ਨੂੰ ਗੌਰਵਮਈ ਇਤਿਹਾਸ ਤੋਂ ਜਾਣੂੰ ਕਰਾਉਣ ਦਾ ਵਧੀਆ ਉਪਰਾਲਾ : ਸੱਚਰ

**ਮਜੀਠਾ (ਸੋਇਮ ਆਨੰਦ)**- ਰਾਮ ਲੀਲਾ ਦੁਸਹਿਰਾ ਐਂਡ ਵੈੱਲਫੇਅਰ ਕਮੇਟੀ ਮਜੀਠਾ ਦੇ ਪ੍ਰਧਾਨ ਭੋਲਾ ਨਾਥ ਦੀ ਅਗਵਾਈ ਵਿਚ ਇਲਾਕੇ ਦੀਆਂ ਸਮੂਹ ਧਾਰਮਿਕ ਸਭਾ ਸੁਸਾਇਟੀਆਂ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਮਾਡਲ ਸਕੂਲ ਮਜੀਠਾ ਵਿਖੇ ਰਾਮ ਲੀਲਾ ਦਾ ਸਫਲਤਾ ਪੂਰਵਕ ਮੰਚਨ ਚੱਲ ਰਿਹਾ ਹੈ।ਇਸ ਰਾਮ ਲੀਲਾ ਦੀ ਹਰ ਨਾਈਟ ਵਿਚ ਇਲਾਕੇ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਆਪਣੇ ਸਾਥੀਆਂ ਸਮੇਤ ਪਹੁੰਚ ਕੇ ਭਗਵਾਨ ਰਾਮ ਦਾ ਆਸ਼ੀਰਵਾਦ ਲੈ ਰਹੇ ਹਨ।ਇਸੇ ਦੇ ਚਲਦਿਆਂ ਸ਼ਨੀਵਾਰ ਵਾਲੀ ਰਾਤ ਇੰਡੀਅਨ ਨੈਸ਼ਨਲ ਕਾਂਗਰਸ ਦੇ ਵਿਧਾਨ ਸਭਾ ਹਲਕਾ ਮਜੀਠਾ ਇੰਚਾਰਜ ਭਗਵੰਤਪਾਲ ਸਿੰਘ ਸੱਚਰ ਨੇ ਆਪਣੇ ਸਾਥੀਆਂ ਸਮੇਤ ਰਾਮ ਲੀਲਾ ਵਿਚ ਸ਼ਿਰਕਤ ਕੀਤੀ ਅਤੇ ਚੱਲ ਰਹੀ ਰਾਮ ਲੀਲਾ ਦਾ ਆਨੰਦ ਮਾਣਿਆ।ਸੱਚਰ ਨੇ ਕਮੇਟੀ ਮੈਂਬਰਾਂ ਨੂੰ 31 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਭੇਟ ਕਰਕੇ ਰਾਮ ਲੀਲਾ ਵਿਚ ਕਿਰਦਾਰ ਨਿਭਾ ਰਹੇ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਸੰਗਤਾਂ ਨੂੰ ਸੰਬੋਧਨ ਕਰਦਿਆਂ



ਸੱਚਰ ਨੇ ਕਿਹਾ ਕਿ ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ ਅਤੇ ਇਸ ਦੇ ਵੱਖ-ਵੱਖ ਧਰਮ ਇਸ ਦੇਸ਼ ਦੀ ਫੁੱਲਵਾੜੀ ਵਾਂਗ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਭਾਰਤ ਦੇ ਸ਼ਾਨਾਮੱਤੇ ਇਤਿਹਾਸ ਤੋਂ ਅੱਜ ਦੀ ਪੀੜ੍ਹੀ ਨੂੰ ਜਾਣੂੰ ਕਰਾਉਣ ਦਾ ਭਗਵਾਨ ਸ਼੍ਰੀ ਰਾਮ ਨਾਲ ਸਬੰਧਤ ਰਾਮ ਲੀਲਾ ਬਹੁਤ ਵਧੀਆ ਉਪਰਾਲਾ ਹੈ। ਇਸ ਤੋਂ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਵੀਂ ਸੇਧ ਮਿਲਦੀ ਹੈ। ਆਪਸ ਵਿਚ ਭਾਈਚਾਰਕ ਸਾਂਝ ਬਣਾ ਕੇ ਰੱਖਣ ਦੀ ਪ੍ਰੇਰਨਾ ਵੀ ਮਿਲਦੀ ਹੈ।ਇਸ ਮੌਕੇ ਕਮੇਟੀ ਮੈਂਬਰਾਂ ਵੱਲੋਂ ਭਗਵੰਤਪਾਲ ਸਿੰਘ ਸੱਚਰ ਅਤੇ ਉਨ੍ਹਾਂ ਨਾਲ ਆਏ ਸਾਥੀਆਂ ਦਾ ਸਨਮਾਨ ਕੀਤਾ ਅਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਮਜੀਠਾ ਸ਼ਹਿਰੀ ਦੇ ਪ੍ਰਧਾਨ ਕੌਂਸਲਰ ਨਵਦੀਪ ਸਿੰਘ ਸੋਨਾ, ਬਲਾਕ ਪ੍ਰਧਾਨ ਨਵਤੇਜ ਸਿੰਘ ਸੋਹੀਆਂ ਕਲਾਂ, ਹਲਕਾ ਮਜੀਠਾ ਦੇ ਕਿਸਾਨ ਵਿੰਗ ਦੇ ਪ੍ਰਧਾਨ ਹਰਮਨ ਸਿੰਘ ਗਿੱਲ, ਸਾਬਕਾ ਕੌਂਸਲਰ ਪੱਪੀ ਭੱਲਾ, ਬਲਵਿੰਦਰ ਸਿੰਘ ਰੋੜੀ, ਪ੍ਰਿੰ. ਜੋਗਾ ਸਿੰਘ ਅਠਵਾਲ, ਮੈਡਮ ਦਲਜੀਤ ਕੌਰ ਅਠਵਾਲ, ਕਮੇਟੀ ਮੈਂਬਰਾਂ ਵਿਚ ਪ੍ਰਧਾਨ ਭੋਲਾ ਨਾਥ, ਪੰਡਿਤ ਓਮ ਪ੍ਰਕਾਸ਼ ਸ਼ਾਸਤਰੀ, ਨੀਰਜ ਸ਼ਰਮਾ, ਜੈਪਾਲ ਮਹਾਜਨ, ਡਾ: ਅਸ਼ਵਨੀ ਸ਼ਰਮਾ, ਇੰਦਰਜੀਤ ਮਰਵਾਹ, ਹਰਮੀਤ ਸਿੰਘ ਅਠਵਾਲ, ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਸਨ।

# ਟੈਗੋਰ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਵਿਖੇ ਬੀ ਐੱਡ ਦਾ ਨਵਾਂ ਸੈਸ਼ਨ ਸ਼ੁਰੂ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਟੈਗੋਰ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਦੇ ਬੀ. ਐੱਡ. ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਹਵਨ ਯੱਗ ਨਾਲ ਕੀਤੀ ਗਈ ।ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਸ਼ਰਮਾ ਸਮੇਤ ਕਾਲਜ ਦਾ ਸਮੂਹ ਸਟਾਫ ਵੀ ਹਾਜ਼ਰ ਸੀ ।ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਨਵੇ ਸੈਸ਼ਨ ਦੀ ਸ਼ੁਰੂਆਤ ਸਮੇਂ ਵਿਦਿਆਰਥੀਆਂ ਨੂੰ ਕਾਲਜ ਦੀਆਂ ਸਰਗਰਮੀਆਂ ਸਬੰਧੀ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ।ਉਨ੍ਹਾਂ ਕਿਹਾ ਕਿ ਕਾਲਜ ਵਿਦਿਆਰਥੀਆਂ ਦੇ ਚਹੁੰ-ਪੱਖੀ ਵਿਕਾਸ ਲਈ ਵਚਨਬੱਧ ਹੈ।



# ਬੇਲਾ ਕਾਲਜ ਵਿਖੇ ਛੇ ਰੋਜ਼ਾ ਆਫਲਾਈਨ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ ਸਮਾਪਤ

**ਸ਼੍ਰੀ ਚਮਕੌਰ ਸਾਹਿਬ (ਅਮਰਜੀਤ ਸਿੰਘ ਕਲਸੀ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਛੇ ਰੋਜ਼ਾ ਆਫਲਾਈਨ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ ਦਾ ਸਫਲ ਸਮਾਪਨ ਕੀਤਾ ਗਿਆ।ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਇਸ ਐਫ ਡੀ ਪੀ ਪ੍ਰੋਗਰਾਮ ਵਿੱਚ ਭਾਰਤ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵੱਲੋਂ ਲੱਗਭਗ 10 ਵਿਦਵਾਨਾਂ ਨੇ ਸ਼ਮੂਲੀਅਤ ਕੀਤੀ ਅਤੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਅਧਿਆਪਕਾਂ ਨੂੰ ਨਵੀਆਂ ਸਿੱਖਣ- ਸਿਖਾਉਣ ਦੀਆਂ ਤਕਨੀਕਾਂ, ਡਿਜ਼ੀਟਲ ਲਰਨਿੰਗ ਦੇ ਸਾਧਨਾਂ ਅਤੇ ਖੋਜ ਨਾਲ ਜੁੜੀਆਂ ਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਐਫ.ਡੀ.ਪੀ. ਕਨਵੀਨਰ ਡਾ. ਗੁਰਲਾਲ ਸਿੰਘ ਅਤੇ ਡਾ. ਨਿਰਪਇੰਦਰ ਕੌਰ ਨੂੰ ਇਸ ਪ੍ਰੋਗਰਾਮ ਨੂੰ ਸਫਲਤਾਪੂਰਵਕ ਸੰਪਨ ਕਰਨ ਲਈ ਹਾਰਦਿਕ ਵਧਾਈ ਦਿੱਤੀ। ਉਨ੍ਹਾਂ ਬਾਹਰੋਂ ਆਏ ਹੋਏ ਵਿਦਵਾਨ ਅਤੇ ਅਧਿਆਪਕ ਸਾਹਿਬਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਅਧਿਆਪਕਾਂ ਦੀ ਪ੍ਰੋਫੈਸ਼ਨਲ ਕਾਬਲੀਅਤ ਨੂੰ ਮਜ਼ਬੂਤ ਬਣਾਉਂਦੇ ਹਨ।ਇਸ ਮੌਕੇ ਫਾਰਮੇਸੀ ਕਾਲਜ ਦੇ ਡਾਇਰੈਕਟਰ ਡਾ. ਸੈਲੇਸ਼ ਸ਼ਰਮਾ, ਪ੍ਰੋ ਸੁਨੀਤਾ ਰਾਣੀ ਅਤੇ ਪ੍ਰੋ ਇੰਦੂ ਬਾਲਾ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਵਿਖੇ 'ਤੂੰ ਜਗਾ ਦੇ ਮੋਮਬੱਤੀਆਂ' ਦਾ ਦਿੱਤਾ ਸੁਨੇਹਾ



**ਬੰਗਾ (ਅਵਤਾਰ ਕਲੇਰ)** ਜਮਹੂਰੀ ਲਹਿਰ ਦੀ ਜਾਣੀ ਪਹਿਚਾਣੀ ਸ਼ਖ਼ਸ਼ੀਅਤ ਬੂਟਾ ਸਿੰਘ ਮਹਿਮੂਦਪੁਰ, ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਕਨਵੀਨਰ ਤੀਰਥ ਰਸੂਲਪੁਰੀ ਅਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਸ਼ਹੀਦ ਭਗਤ ਸਿੰਘ ਦੇ ਬਚਪਨ, ਵਿਦਿਅਕ ਜੀਵਨ ਅਤੇ ਭਾਰਤੀ ਇਨਕਲਾਬ ਦਾ ਸੂਹਾ ਚਿੰਨ੍ਹ ਬਣਨ ਤੱਕ ਦੇ ਸਫ਼ਰ ਦਾ ਜ਼ਿਕਰ ਕੀਤਾ। ਰਣਜੀਤ ਕੌਰ ਮਹਿਮੂਦਪੁਰ, ਰਣਜੀਤ ਸਿੰਘ ਰਾਣਾ ਰਾਏਪੁਰ ਡੱਬਾ ਅਤੇ ਸਰਬਜੀਤ ਸਿੰਘ ਮੰਗੂਵਾਲ ਨੇ ਇਨਕਲਾਬੀ ਗੀਤ ਸੁਣਾਏ।ਬੁਲਾਰਿਆਂ ਨੇ ਜੋਰ ਦੇ ਕੇ ਕਿਹਾ ਕਿ ਹਕੂਮਤ ਕਿੱਥੇ ਹੈ? ਸ਼ਹੀਦ ਭਗਤ ਸਿੰਘ ਦਾ ਜੱਦੀ ਘਰ ਜਵਾਬ ਮੰਗਦਾ ਹੈ ਕਿਉਂਕਿ ਸ਼ਹੀਦ ਭਗਤ ਸਿੰਘ ਦਾ ਜੱਦੀ ਘਰ ਜਨਮ ਦਿਹਾੜੇ ਮੌਕੇ ਘੁੱਪ ਹਨੇਰੇ ਵਿਚ ਘਿਰਿਆ ਸੀ।ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੀ ਅਗਵਾਈ ਵਿੱਚ ਕਾਫ਼ਲੇ ਨੇ ਮੋਮਬੱਤੀਆਂ ਜਗਾਈਆਂ।ਬੱਚੇ ਅਤੇ ਨੌਜਵਾਨਾਂ ਨੇ ਹਿੰਮਤ ਕਰਕੇ ਮੋਮਬੱਤੀਆਂ ਲਗਾਈਆਂ ਆਮ ਆਦਮੀ ਲਈ ਸਾਰੇ ਦਰਵਾਜ਼ੇ ਬੰਦ ਹੋਣ ਕਾਰਨ ਬਹੁਤ ਹੀ ਦੁੱਖ ਮਹਿਸੂਸ ਕੀਤਾ।ਬੁਲਾਰਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਲੋਅ ਨੂੰ ਹਨੇਰੇ ਨਾਲ਼ ਚਾਨਣ ਵੰਡਣ ਤੋਂ ਰੋਕਿਆ ਨਹੀਂ ਜਾ ਸਕਦਾ।

# ਪੰਜਾਬ ਸਰਕਾਰ ਵਿਦਿਆਰਥੀਆਂ ਦੀ ਪ੍ਰੀਖਿਆ ਫੀਸ ਸਣੇ ਪੂਰੇ ਸੈਸ਼ਨ ਦੀ ਫੀਸ ਮੁਆਫ਼ ਕਰੇ : ਤਰਕਸ਼ੀਲ ਸੁਸਾਇਟੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਵੱਲੋਂ ਸਮੁੱਚੇ ਪੰਜਾਬ ਵਿੱਚ ਜ਼ਿਲ੍ਹਾ ਪੱਧਰ ਤੇ ਮੰਗ ਪੱਤਰ ਦੇਣ ਦੇ ਫੈਸਲੇ ਤਹਿਤ ਮਾਝਾ ਜ਼ੋਨ ਦੀਆਂ ਅੰਮ੍ਰਿਤਸਰ, ਖਿਲਚੀਆਂ, ਜੰਡਿਆਲਾ ਅਤੇ ਗੋਪਾਲਪੁਰ-ਮਝਵਿੰਡ ਇਕਾਈਆਂ ਵੱਲੋਂ

**● ਸੁਸਾਇਟੀ ਹੜ੍ਹ ਪੀੜਤ ਵਿਦਿਆਰਥੀਆਂ ਨੂੰ 10 ਲੱਖ ਰੁਪਏ ਦੀਆਂ ਸਟੇਸ਼ਨਰੀ ਕਿੱਟਾਂ ਦੇਵੇਗੀ**

ਅੰਮ੍ਰਿਤਸਰ ਦੇ ਵਧੀਕ ਡਿਪਟੀ ਕਮਿਸ਼ਨਰ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਜ਼ੋਰਦਾਰ ਮੰਗ ਕੀਤੀ ਗਈ ਕਿ ਹੜ੍ਹਾਂ ਦੌਰਾਨ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਵਿਦਿਆਰਥੀਆਂ ਦੀ ਪ੍ਰੀਖਿਆ ਫੀਸ ਸਮੇਤ 2025-26 ਦੇ ਪੂਰੇ ਸੈਸ਼ਨ ਦੀ ਫੀਸ ਅਤੇ ਸਕੂਲੀ ਫੰਡ ਮੁਆਫ਼ ਕੀਤੇ ਜਾਣ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਅਤੇ ਸਟੇਸ਼ਨਰੀ ਮੁੱਹਈਆ ਕਰਵਾਈ ਜਾਵੇ।ਇਸ ਸੰਬੰਧੀ ਤਰਕਸ਼ੀਲ ਆਗੂਆਂ ਸੁਮੀਤ ਅੰਮ੍ਰਿਤਸਰ, ਮੁਖਤਿਆਰ ਗੋਪਾਲਪੁਰ, ਜਸਪਾਲ ਬਾਸਰਕੇ, ਪ੍ਰਿੰ. ਮੇਲਾ ਰਾਮ, ਹਰਦੀਪ ਖਿਲਚੀਆਂ, ਕੈਪਟਨ ਮਾਨਾਂਵਾਲਾ ਅਤੇ ਦਮਨਜੀਤ ਕੌਰ ਤੇ ਅਧਾਰਤ ਵਫ਼ਦ ਡਿਪਟੀ ਕਮਿਸ਼ਨਰ ਦੀ ਗ਼ੈਰ ਮੌਜੂਦਗੀ ਵਿੱਚ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਨੂੰ ਮਿਲਿਆ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਹੜ੍ਹਾਂ ਦੀ ਤਬਾਹੀ ਤੋਂ ਪ੍ਰਭਾਵਿਤ



ਜ਼ਿਲਿਆਂ ਦੇ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ਼ ਕਰਨ, ਪਾਠ ਪੁਸਤਕਾਂ ਤੇ ਸਟੇਸ਼ਨਰੀ ਦੇਣ ਅਤੇ ਵੱਡੇ ਪੱਧਰ ਤੇ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੋਂ ਪੀੜਤ ਖੇਤ ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਬੇਜ਼ਮੀਨਿਆਂ ਅਤੇ ਗਰੀਬ ਵਰਗਾਂ ਦੇ ਲੋਕਾਂ ਨੂੰ ਜਲਦ ਤੋਂ ਜਲਦ ਯੋਗ ਮੁਆਵਜ਼ਾ ਦੇਣ ਅਤੇ ਮੁੜ ਵਸੇਬਾ ਕਰਨ ਦੀ ਮੰਗ ਕੀਤੀ ਗਈ।ਇਸ ਮੌਕੇ ਰੋਹਿਤ ਗੁਪਤਾ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਵਿਗਿਆਨਕ ਚੇਤਨਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਯਤਨਾਂ ਦੀ ਪ੍ਰਸੰਸਾ ਕਰਦਿਆਂ ਸੁਸਾਇਟੀ ਦੀਆਂ ਇਨ੍ਹਾਂ ਜਾਇਜ਼ ਮੰਗਾਂ ਨੂੰ ਮੁੱਖ ਮੰਤਰੀ ਦਫ਼ਤਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ ਅਤੇ ਲੋਕਾਂ ਨੂੰ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ,ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ ਦੇ ਝਾਂਸਿਆਂ ਤੋਂ ਬਚਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸੂਬਾ ਕਮੇਟੀ ਆਗੂ ਸੁਮੀਤ ਅੰਮ੍ਰਿਤਸਰ ਅਤੇ ਜ਼ੋਨ ਆਗੂ ਮੁਖਤਿਆਰ ਗੋਪਾਲਪੁਰ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਸੂਬਾਈ ਪੱਧਰ ਤੇ ਇਕੱਠੀ ਕੀਤੀ ਜਾ ਰਹੀ ਵਿੱਤੀ ਸਹਾਇਤਾ ਨਾਲ ਪੰਜਾਬ ਦੇ ਵੱਖ-ਵੱਖ ਇਲਾਕਿਆਂ ਦੇ ਹੜ੍ਹ ਪੀੜਤ ਵਿਦਿਆਰਥੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਬਹੁਤ ਜਲਦ ਪਹਿਲੀ ਕਿਸ਼ਤ ਵਜੋਂ 10 ਲੱਖ ਰੁਪਏ ਦੀਆਂ ਸਟੇਸ਼ਨਰੀ ਕਿੱਟਾਂ ਪ੍ਰਦਾਨ ਕੀਤੀਆਂ ਜਾਣਗੀਆਂ। ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਹੜ੍ਹ ਪੀੜਤ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਵੀ ਮਿਲ ਕੇ ਵਿਦਿਆਰਥੀਆਂ ਦੀ ਪ੍ਰੀਖਿਆ ਫੀਸ ਸਮੇਤ ਮੌਜੂਦਾ ਪੂਰੇ ਸੈਸ਼ਨ ਦੀ ਫੀਸ ਮੁਆਫ਼ ਕਰਨ ਦੀ ਮੰਗ ਕੀਤੀ ਜਾਵੇਗੀ।

# ਅੰਡਰ-17 ਕ੍ਰਿਕਟ 'ਚ ਸੋਨ ਤਮਗਾ ਜਿੱਤ ਕੇ ਟਰਾਫੀ 'ਤੇ ਕੀਤਾ ਕਬਜ਼ਾ



**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਇੱਕ ਵਾਰ ਫਿਰ ਆਪਣੇ ਵਿਦਿਆਰਥੀਆਂ ਦੀ ਮਿਹਨਤ ਅਤੇ ਖੇਡ ਕੌਸ਼ਲ ਨਾਲ ਮਾਣ ਹਾਸਲ ਕੀਤਾ ਹੈ।12ਵੀਆਂ ਪੰਜਾਬ ਸਕੂਲ ਜ਼ਿਲ੍ਹਾ ਗੇਮਜ਼ 2025 ਵਿੱਚ ਅੰਡਰ-17 ਕ੍ਰਿਕਟ ਟੂਰਨਾਮੈਂਟ ਵਿੱਚ ਸੋਨ ਤਮਗਾ ਜਿੱਤ ਕੇ ਸਕੂਲ ਨੇ ਆਪਣੀ ਪ੍ਰਤਿਸ਼ਠਾ ਵਧਾਈ।ਰੋਮਾਂਚਕ ਫਾਈਨਲ ਮੁਕਾਬਲੇ ਵਿੱਚ ਦੇ ਖਿਲਾਫ ਪ੍ਰਤਾਪ ਵਰਲਡ ਸਕੂਲ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਅਤੇ 16 ਓਵਰਾਂ ਵਿੱਚ 5 ਵਿਕਟਾਂ ਦੇ ਨੁਕਸਾਨ 'ਤੇ 152 ਰਨ ਬਣਾਏ। ਜੈਮਜ਼ ਕੈਂਬਰਿਜ ਇੰਟਰਨੈਸ਼ਨਲ ਸਕੂਲ ਨੂੰ 29 ਰਨ ਨਾਲ ਹਰਾਉਂਦਿਆਂ ਫਾਈਨਲ ਜਿੱਤ ਕੇ ਸੋਨ ਤਮਗਾ ਆਪਣੇ ਨਾਮ ਕੀਤਾ। ਜੈਮਜ਼ ਕੈਂਬਰਿਜ ਇੰਟਰਨੈਸ਼ਨਲ ਸਕੂਲ ਨੇ ਚਾਂਦੀ ਦਾ ਤਮਗਾ ਜਿੱਤਿਆ, ਜਦਕਿ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੇ ਕਾਂਸੀ ਦਾ ਤਮਗਾ ਹਾਸਲ ਕੀਤਾ।ਡਾਇਰੈਕਟਰ ਸੰਨੀ ਮਹਾਜਨ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਹ ਜਿੱਤ ਸਾਡੇ ਨੌਜਵਾਨ ਕ੍ਰਿਕਟ ਖਿਡਾਰੀਆਂ ਦੀ ਮਿਹਨਤ ਅਤੇ ਸਮਰਪਣ ਅਤੇ ਸਾਡੇ ਖੇਡ ਅਧਿਆਪਕਾਂ ਦੇ ਲਗਾਤਾਰ ਸਹਿਯੋਗ ਦਾ ਪ੍ਰਮਾਣ ਹੈ।ਪ੍ਰਤਾਪ ਵਰਲਡ ਸਕੂਲ ਵਿੱਚ ਅਸੀਂ ਸਿਰਫ਼ ਅਕੈਡਮਿਕਸ ਹੀ ਨਹੀਂ, ਸਗੋਂ ਹਰ ਖੇਤਰ ਵਿੱਚ ਜੇਤੂ ਵਿਦਿਆਰਥੀ ਤਿਆਰ ਕਰਨ ਵਿੱਚ ਯਕੀਨ ਰਖਦੇ ਹਾਂ।ਪ੍ਰਿੰ. ਸੁਭਰਾ ਰਾਣੀ ਨੇ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਆਪਣੇ ਅਨੁਸ਼ਾਸਨ, ਟੀਮ ਵਰਕ ਅਤੇ ਖੇਡ ਭਾਵਨਾ ਨਾਲ ਸਾਨੂੰ ਮਾਣ ਮਹਿਸੂਸ ਕਰਵਾਇਆ ਹੈ।

# ਘਰਿਆਲਾ ਵਿਖੇ ਲੱਗੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ 'ਚ ਪੰਜੀ ਕਿਸਾਨ ਸਨਮਾਨਿਤ

**ਪੱਟੀ (ਬਲਦੇਵ ਸਿੰਘ ਸੰਧੂ)**- ਪਿੰਡ ਘਰਿਆਲਾ ਦੇ ਸਥਾਨਿਕ ਹੋਲੀ ਹੋਕ ਰਿਜ਼ੋਰਟ ਵਿਖੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਸਰਕਲ ਅਧਿਕਾਰੀ ਰਜਿੰਦਰ ਕੁਮਾਰ ਏਈਓ, ਬੀਟੀਐੱਮ ਗੁਰਪ੍ਰੀਤ ਸਿੰਘ, ਡਾ. ਜਸਵਿੰਦਰ ਸਿੰਘ ਭਾਟੀਆ ਸਿਖਲਾਈ ਅਫਸਰ ਖਾਲਸਾ ਕਾਲਜ ਸਿਖਲਾਈ ਕੇਂਦਰ, ਅੰਮ੍ਰਿਤਸਰ, ਡਾ. ਜਸਦੀਪ ਸਿੰਘ ਵੈਟਰਨਰੀ ਵਿਭਾਗ, ਪ੍ਰਮਿੰਦਰ ਕੌਰ ਏਡੀਓ, ਅਮਨਦੀਪ ਸਿੰਘ ਏਈਓ ਅਤੇ ਮਨਮੋਹਨ ਸਿੰਘ ਏਈਓ ਨੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ। ਇਸ ਮੌਕੇ ਮਾਹਿਰਾਂ ਨੇ ਕਿਹਾ ਕਿ ਫਸਲਾਂ ਦੀ ਰਹਿੰਦ ਖੂੰਹਦ ਦੀ ਸੁਚੱਜੀ ਵਰਤੋਂ ਕਰਕੇ ਇਸ ਤੋਂ ਬਹੁ ਪੱਖੀ ਫਾਇਦਾ ਲਿਆ ਜਾ ਸਕਦਾ ਹੈ।ਜੇਕਰ ਪਰਾਲੀ ਨੂੰ ਖੇਤ ਵਿੱਚ ਹੀ ਵਾਹ ਦਿੱਤਾ ਜਾਵੇ ਤਾਂ ਜ਼ਮੀਨ ਵਿੱਚ ਨਮੀ ਅਤੇ ਮੱਲੜ ਵਧਣ ਨਾਲ ਜ਼ਮੀਨ ਪੋਲੀ ਹੋ ਜਾਂਦੀ ਹੈ ਜਿਸ ਨਾਲ ਵਹਾਈ ਅਤੇ ਬਿਜਾਈ ਤੇ ਖਰਚਾ ਘੱਟ ਹੁੰਦਾ ਹੈ, ਨਾਲ ਹੀ ਨਾਲ ਪੌਦਿਆਂ ਲਈ ਬਹੁਤ ਜ਼ਰੂਰੀ ਖੁਰਾਕੀ ਤੱਤਾਂ ਲਈ ਰਸਾਇਣਕ ਖਾਦਾਂ ਤੇ ਨਿਰਭਰਤਾ ਘੱਟਦੀ ਹੈ।ਪਰਾਲੀ ਨੂੰ ਜੇਕਰ ਬੇਲਰ ਦੀ



ਮਦਦ ਨਾਲ ਗੱਠਾਂ ਬਣਾ ਲਈਆਂ ਜਾਣ ਤਾਂ ਇਸ ਨਾਲ ਪੈਲੇਟਸ (ਗੋਲੀਆਂ) ਬਣਾਈਆਂ ਜਾ ਸਕਦੀਆਂ ਹਨ ਜੋ ਕਿ ਭੱਠਿਆਂ ਅਤੇ ਬਿਜਲੀ ਕਾਰਖਾਨਿਆਂ ਵਿਚ ਲਾਭਦਾਇਕ ਸਾਬਤ ਹੁੰਦੀਆਂ ਹਨ।ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਝੋਨੇ ਬਾਸਮਤੀ ਦੀ ਪਰਾਲੀ ਨੂੰ ਪਸ਼ੂ ਚਾਰੇ, ਪਸ਼ੂਆਂ ਦੇ ਵਿਛਾਉਣੇ ਜਾਂ ਫਸਲਾਂ ਵਿੱਚ ਮਲਚਿੰਗ, ਖੁੰਬਾਂ ਦੀ ਕਾਸ਼ਤ ਆਦਿ ਦੇ ਤੌਰ ਤੇ ਵਰਤ ਕੇ ਵੀ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ।ਜਦਕਿ ਇਸਦੇ ਉਲਟ ਪਰਾਲੀ ਨੂੰ ਲਗਾਏ ਲਾਂਬੂਆਂ ਨਾਲ ਮਿੱਤਰ ਜੀਵਾਂ ਦਾ ਘਾਣ, ਖੁਰਾਕੀ ਤੱਤਾਂ ਦਾ ਖਾਤਮਾ ਹੁੰਦਾ ਹੈ।ਕਈ ਵਾਰ ਲਗਾਏ ਲਾਂਬੂਆਂ ਨਾਲ ਪੈਦਾ ਹੋਈਆਂ ਜ਼ਹਿਰੀਲੀਆਂ ਗੈਸਾਂ ਮਨੁੱਖ ,ਬਨਸਪਤੀ ਅਤੇ ਦੂਜੇ ਜੀਵ ਜੰਤੂਆਂ ਤੇ ਬਹੁਤ ਮਾੜਾ ਅਸਰ ਪਾਉਂਦੀਆਂ ਹਨ।ਇਸਦੇ ਧੂੰਏਂ ਕਾਰਨ ਹੋਏ ਹਾਦਸਿਆਂ ਕਾਰਨ ਲੋਕਾਂ ਨੂੰ ਜਾਨਾਂ ਵੀ ਗਵਾਉਣੀਆਂ ਪੈਂਦੀਆਂ ਹਨ।ਮਹਿਕਮੇ ਦੁਆਰਾ ਸਬਸਿਡੀ ਤੇ ਦਿੱਤੀ ਜਾ ਰਹੀ ਜਿਪਸਮ, ਸਰ੍ਹੋਂ ਦੀ ਕਾਸ਼ਤ, ਖੁੰਬਾਂ ਦੀ ਕਾਸ਼ਤ, ਸ਼ਹਿਦ ਮੱਖੀ ਪਾਲਣ, ਪੀਐਮ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਜਾਣਕਾਰੀ ਵੀ ਦਿੱਤੀ ਗਈ।ਇਸ ਦੌਰਾਨ ਖੇਤੀ ਉਪ ਨਿਰੀਖਕ ਬਲਰਾਜ ਸਿੰਘ, ਨਿਸ਼ਾਨ ਸਿੰਘ, ਗੁਰਦੇਵ ਸਿੰਘ ਸਰਹਾਲੀ, ਦਿਲਬਾਗ ਸਿੰਘ ਫੀਲਡ ਵਰਕਰ, ਗੁਰਦੇਵ ਸਿੰਘ ਮਾਨਕਪੁਰਾ, ਗੁਰਲਾਲ ਸਿੰਘ ਫੀਲਡ ਵਰਕਰ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਥਰੀਏਵਾਲ 'ਚ ਕਿਸਾਨਾਂ ਨੂੰ ਮਸ਼ੀਨਰੀ ਰਾਹੀਂ ਪਰਾਲੀ ਦੀ ਸਾਂਭ-ਸੰਭਾਲ ਬਾਰੇ ਦਿੱਤੀ ਜਾਣਕਾਰੀ

**ਬਟਾਲਾ (ਡਾ. ਮਲਵਿੰਦਰ ਸਿੰਘ)**- ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਨਵੀਂ ਦਿੱਲੀ ਅਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰ ਜੀਤ



ਸਿੰਘ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਨਰਿੰਦਰ ਗੌਤਮ ਇੰਸਪੈਕਟਰ ਕਮ ਕਲੱਸਟਰ ਅਫਸਰ, ਸਟੱਬਲ ਬਰਨਿੰਗ, ਕਾਦੀਆਂ ਵੱਲੋਂ ਪਿੰਡ ਥਰੀਏਵਾਲ ਵਿੱਚ ਪਿੰਡ ਵਾਸੀਆਂ ਨੂੰ ਮਿਲ ਕੇ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ।ਇਸ ਮੌਕੇ ਨੋਡਲ ਅਫ਼ਸਰ ਬਿਕਰਮਜੀਤ ਅਤੇ ਹਲਕਾ ਪਟਵਾਰੀ ਬੋਧ ਰਾਜ ਵੀ ਹਾਜ਼ਿਰ ਰਹੇ।ਇਸ ਮੌਕੇ ਪਿੰਡ ਵਾਸੀਆਂ ਨੂੰ ਪਰਾਲੀ ਨੂੰ ਅੱਗ ਲਾਉਣ ਦੇ ਦੁਸ਼ਟ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਅੱਗ ਲਾਉਣ ਨਾਲ ਮਿੱਟੀ ਦੇ ਪੌਸ਼ਟਿਕ ਤੱਤ ਖਤਮ ਹੋ ਜਾਂਦੇ ਹਨ ਅਤੇ ਮਿੱਟੀ ਵਿੱਚ ਮੌਜੂਦ ਮਦਦਗਾਰ ਬੈਕਟੀਰੀਆ ਵੀ ਮਰ ਜਾਂਦੇ ਹਨ ਜੋ ਕਿ ਫਸਲ ਦੇ ਵਾਧੇ ਲਈ ਬਹੁਤ ਲਾਭਦਾਇਕ ਹੁੰਦੇ ਹਨ ਜਿਸ ਕਰਕੇ ਕਿਸਾਨਾਂ ਨੂੰ ਅਗਲੇ ਸੀਜ਼ਨ ਹੋਰ ਵੀ ਜ਼ਿਆਦਾ ਖਾਦ ਦੀ ਵਰਤੋਂ ਕਰਕੇ ਇਨ੍ਹਾਂ ਪੌਸ਼ਟਿਕ ਤੱਤਾਂ ਨੂੰ ਮੁੜ ਸੁਰਜੀਤ ਕਰਨਾ ਪੈਂਦਾ ਹੈ ਜਿਸ ਨਾਲ ਕਿਸਾਨ ਦੀ ਫਸਲੀ ਲਾਗਤ ਵਿੱਚ ਵਾਧਾ ਹੁੰਦਾ ਹੈ ਅਤੇ ਅੱਗ ਲਾਉਣ ਨਾਲ ਜੋ ਵਾਤਾਵਰਨ ਖਰਾਬ ਹੁੰਦਾ ਹੈ ਉਸ ਨਾਲ ਜੀਵ-ਜੰਤੂ ਅਤੇ ਪਸ਼ੂ ਪਕਸ਼ੀਆਂ ਨੂੰ ਵੀ ਨੁਕਸਾਨ ਝੱਲਣਾ ਪੈਂਦਾ ਹੈ।ਅੱਗ ਤੋਂ ਪੈਦਾ ਹੋਣ ਵਾਲੇ ਧੂੰਏਂ ਨਾਲ ਸਾਹ ਦੀਆਂ ਬਿਮਾਰੀਆਂ ਵੀ ਵੱਧ ਜਾਂਦੀਆਂ ਹਨ।ਇਸ ਤੋਂ ਇਲਾਵਾ ਕਿਸਾਨਾਂ ਨੂੰ ਮਸ਼ੀਨਰੀ ਰਾਹੀਂ ਪਰਾਲੀ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਗਿਆ।

# ਗੁਰਬੀਰ ਸਿੰਘ ਧੁੰਨ ਭਾਕਿਯੂ (ਅ) ਦੇ ਮੁੱਖ ਬੁਲਾਰਾ ਨਿਯੁਕਤ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)** ਭਾਰਤੀ ਕਿਸਾਨ ਯੂਨੀਅਨ (ਅੰਬਾਵਤਾ) ਦੀ ਮੀਟਿੰਗ ਜ਼ਿਲ੍ਹਾ ਤਰਨ ਤਰਨ ਦੇ ਮੁੱਖ ਦਫ਼ਤਰ ਮਾੜੀ ਕੰਬੋਕੇ ਵਿਖੇ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਦੀ ਅਗਵਾਈ ਹੇਠ ਹੋਈ।ਮੀਟਿੰਗ 'ਚ ਪਹੁੰਚੇ ਸਮੂਹ ਕਿਸਾਨ ਆਗੂਆਂ ਦੀ ਹਾਜ਼ਰੀ ਵਿੱਚ ਸਭਾ ਦੇ ਕੌਮੀ



ਪ੍ਰਧਾਨ ਚੌਧਰੀ ਰਿਸ਼ੀ ਪਾਲ (ਅੰਬਾਵਤਾ) ਅਤੇ ਪੰਜਾਬ ਪ੍ਰਧਾਨ ਬਲਦੇਵ ਸਿੰਘ ਮੁਹਰੇਵਾਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਗੁਰਬੀਰ ਸਿੰਘ ਧੁੰਨ ਨੂੰ ਜ਼ਿਲ੍ਹੇ ਦਾ ਮੁੱਖ ਬੁਲਾਰਾ ਨਿਯੁਕਤ ਕੀਤਾ ਗਿਆ।ਇਸ ਮੌਕੇ ਪੰਜਾਬ ਸਿੰਘ ਕੰਬੋਕੇ ਨੇ ਯੂਨੀਅਨ ਵਿੱਚ ਸ਼ਾਮਲ ਹੋਏ ਗੁਰਬੀਰ ਸਿੰਘ ਧੁੰਨ ਨੂੰ ਜੀ ਆਇਆਂ ਆਖਦਿਆਂ ਆਸ ਪ੍ਰਗਟਾਈ ਕਿ ਉਹ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।ਇਸ ਮੌਕੇ ਗੁਰਬੀਰ ਸਿੰਘ ਧੁੰਨ ਨੇ ਕਿਹਾ ਕਿ ਉਹ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ ਅਤੇ ਕਿਸਾਨਾਂ ਦੇ ਹਰ ਦੁੱਖ-ਸੁੱਖ ਵਿੱਚ ਸ਼ਾਮਲ ਹੋਣਗੇ।ਇਸ ਮੌਕੇ ਸਿਕੰਦਰ ਸਿੰਘ ਦਰਾਜਕੇ, ਗੁਰਦੇਵ ਸਿੰਘ ਕੰਬੋਕੇ, ਨਛੱਤਰ ਸਿੰਘ ਮਾਣੋਚਾਹਲ, ਜਸਵੰਤ ਸਿੰਘ ਨੰਬਰਦਾਰ ਮਾਣੋਚਾਹਲ, ਮਾਸਟਰ ਗੁਰਬੀਰ ਸਿੰਘ ਕੰਬੋਕੇ, ਮਾਸਟਰ ਸਕੱਤਰ ਕੰਬੋਕੇ, ਸਤਨਾਮ ਸਿੰਘ ਕੰਬੋਕੇ, ਹਰਜਿੰਦਰ ਸਿੰਘ ਪਹਿਲਵਾਨਕੇ, ਸੁਖਦੇਵ ਸਿੰਘ ਸੁੱਖ ਆੜ੍ਹਤੀਆ ਮਾੜੀਮੇਘਾ, ਦਲਜੀਤ ਸਿੰਘ ਗਿਆਨੀ ਉਧੋਕੇ, ਸਤਨਾਮ ਸਿੰਘ ਕਾਲਾ ਅਮਰਕੋਟ, ਸਾਗਰ ਅਮਰਕੋਟ, ਲਖਵਿੰਦਰ ਸਿੰਘ ਕੋਟ ਸੀਵੀਆ, ਲਖਵਿੰਦਰ ਗੋਲਣ ਭਿੱਖੀਵਿੰਡ, ਰਾਣਾ ਪ੍ਰਤਾਪ ਸਿੰਘ ਦਰਾਜਕੇ, ਵਿਕਰਮਜੀਤ ਸਿੰਘ ਭਿੱਖੀਵਿੰਡ, ਮਿਲਖਾ ਸਿੰਘ ਭਿੱਖੀਵਿੰਡ, ਜਸਵਿੰਦਰ ਸਿੰਘ ਮਾਣੋਚਾਹਲ, ਹਰਚਰਨ ਸਿੰਘ ਖਾਲੜਾ, ਹਰਜੀਤ ਕੁਮਾਰ ਖਾਲੜਾ, ਸੁਖਪ੍ਰੀਤ ਸਿੰਘ ਮਾੜੀ ਸਮਰਾ ਆਦਿ ਆਗੂ ਹਾਜ਼ਰ ਸਨ।

# 23ਵਾਂ ਸਾਲਾਨਾ ਭਗਵਤੀ ਜਾਗਰਣ ਕਰਵਾਇਆ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਸਥਾਨਕ ਸ਼ਹਿਰ ਅਜਨਾਲਾ ਦੇ ਮਾਤਾ ਰਾਣੀ ਮੰਦਰ ਚੌਗਾਵਾ ਰੋਡ ਬਾਈਪਾਸ ਵਿਖੇ 23ਵਾਂ ਸਾਲਾਨਾ ਭਗਵਤੀ ਜਾਗਰਣ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਦੇ ਨਾਲ ਕਰਵਾਇਆ ਗਿਆ। ਅੰਮ੍ਰਿਤਸਰ ਦੀ



ਪਾਰਟੀ ਨੇ ਮਾਤਾ ਰਾਣੀ ਦੀਆ ਭੇਟਾਂ ਬੋਲ ਕੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ। ਜਾਗਰਣ ਵਿੱਚ ਉਚੇਚੇ ਤੌਰ 'ਤੇ ਹਾਜ਼ਰੀ ਲਗਵਾਉਣ ਪਹੁੰਚੇ ਭਾਰਤੀ ਜਨਤਾ ਪਾਰਟੀ ਜ਼ਿਲਾ ਦਿਹਾਤੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਮਾਤਾ ਰਾਣੀ ਅੱਗੇ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ। ਜਾਗਰਣ ਕਮੇਟੀ ਵੱਲੋਂ ਉਨ੍ਹਾਂ ਨੂੰ ਅਤੇ ਨਾਲ ਆਏ ਸਾਥੀਆਂ ਨੂੰ ਮਾਣ ਸਨਮਾਨ ਵੀ ਦਿੱਤਾ ਗਿਆ।ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਕੌਂਸਲਰ ਵਿਕਰਮ ਬੇਦੀ, ਦੀਪੂ ਅਰੋੜਾ, ਅੰਕੁਸ਼ ਸ਼ਰਮਾ, ਸੰਦੀਪ ਕੁਮਾਰ ਜਸਤਰਵਾਲ, ਸੌਰਵ ਸਰੀਨ, ਸਤਨਾਮ ਕੁਮਾਰ, ਡਾ. ਪਰਮਜੀਤ ਸਿੰਘ ਅਰੋੜਾ ਅਤੇ ਧਰਮਿੰਦਰ ਸਿੰਘ ਪ੍ਰਿੰਸ ਆਦਿ ਹਾਜ਼ਰ ਸਨ।

# ਥਾਣਾ ਗੋਇੰਦਵਾਲ਼ ਸਾਹਿਬ ਵਿਖੇ ਲੱਗੇਗਾ ਅਣਮਿੱਥੇ ਸਮੇਂ ਲਈ ਧਰਨਾ : ਮਾਣੋਚਾਹਲ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਖਡੂਰ ਸਾਹਿਬ ਅਤੇ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਇਕ ਹੰਗਾਮੀ ਮੀਟਿੰਗ ਜ਼ਿਲ੍ਹਾ ਆਗੂ ਅਤੇ ਦੋਹਾਂ ਜ਼ੋਨਾਂ ਦੇ ਇੰਚਾਰਜ ਦਿਆਲ ਸਿੰਘ ਮੀਆਂਵਿੰਡ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ਼ਹੀਦਾਂ ਮੀਆਂਵਿੰਡ ਵਿਖੇ ਹੋਈ ਜਿਸ ਵਿੱਚ ਜ਼ਿਲ੍ਹਾ ਤਰਨਤਾਰਨ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਅਤੇ ਜ਼ਿਲ੍ਹਾ ਜਥੇਬੰਦਕ ਸਕੱਤਰ ਹਰਬਿੰਦਰਜੀਤ ਸਿੰਘ ਕੰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਲੰਬੀ ਚੱਲੀ ਮੀਟਿੰਗ ਵਿੱਚ ਕੁਝ ਪੈਂਡਿੰਗ ਪਏ ਮਸਲਿਆਂ 'ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਪਿਛਲੇ ਸਾਢੇ ਚਾਰ ਮਹੀਨੇ ਤੋਂ ਪਿੰਡ ਬਿਹਾਰੀਪੁਰ ਦੇ ਇਕਲੌਤੇ ਨੌਜਵਾਨ ਅਜੇਦੀਪ ਸਿੰਘ ਦੇ ਹੋਏ ਕਤਲ ਕੇਸ ਬਾਰੇ ਪੁਲਸ ਪ੍ਰਸ਼ਾਸਨ ਵੱਲੋਂ ਕਾਤਲਾਂ ਉਪਰ ਕੋਈ ਵੀ ਕਾਰਵਾਈ ਨਾ ਕਰਨ 'ਤੇ ਪਰਿਵਾਰ ਅਤੇ ਜਥੇਬੰਦੀ ਦੇ ਆਗੂਆਂ ਨੂੰ ਪੁਲਿਸ ਦੇ ਉਚ ਅਧਿਕਾਰੀਆਂ ਵੱਲੋਂ ਵਾਰ ਵਾਰ ਕਾਰਵਾਈ ਕਰਨ ਭਰੋਸਾ ਦੇ ਕੇ ਝੂਠੇ ਲਾਰੇ ਲਾ ਕੇ ਗੁੰਮਰਾਹ ਕਰਨ ਤੇ ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ 20 ਅਕਤੂਬਰ ਨੂੰ ਥਾਣਾ ਗੋਇੰਦਵਾਲ ਸਾਹਿਬ ਅੱਗੇ ਅਣਮਿਥੇ ਸਮੇਂ ਲਈ ਪੱਕਾ ਧਰਨਾ ਲਗਾਇਆ ਜਾਵੇਗਾ ਅਤੇ ਜਿੰਨ ਚਿਰ ਕਾਤਲਾਂ ਵਿਰੁੱਧ 302 ਦਾ ਮੁਕੱਦਮਾ ਦਰਜ ਕਰਕੇ ਜੇਲ੍ਹ ਅੰਦਰ ਸੁੱਟਿਆ ਨਹੀਂ ਜਾਂਦਾ ਅਤੇ ਹੋਰ ਵੀ ਜੋ ਪੁਲਸ ਪ੍ਰਸ਼ਾਸਨ ਨਾਲ ਪੈਂਡਿੰਗ ਪਏ ਮਸਲਿਆਂ ਦਾ ਹੱਲ ਨਹੀਂ ਕੀਤਾ ਜਾਂਦਾ ਉਨਾ ਚਿਰ ਧਰਨਾ ਚੁੱਕਿਆ ਨਹੀਂ ਜਾਵੇਗਾ। ਇਸ ਮੌਕੇ ਜ਼ੋਨ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ, ਸਤਨਾਮ ਸਿੰਘ ਖੋਜਕੀਪੁਰ, ਹਰਜਿੰਦਰ ਸਿੰਘ ਘੱਗੇ, ਭਗਵਾਨ ਸਿੰਘ ਸੰਘਰ, ਪ੍ਰਮਜੀਤ ਸਿੰਘ ਬਾਠ, ਬਲਜਿੰਦਰ ਸਿੰਘ ਆਲਮਪੁਰ, ਗੁਲਜ਼ਾਰ ਸਿੰਘ ਮੀਆਂਵਿੰਡ, ਗੁਰਜਿੰਦਰ ਸਿੰਘ ਅੱਲੋਵਾਲ, ਬਲਬੀਰ ਸਿੰਘ ਬੱਬੂ ਰਾਮਪੁਰ, ਸੁਖਦੇਵ ਸਿੰਘ ਬਿਹਾਰੀਪੁਰ, ਜਸਬੀਰ ਸਿੰਘ ਜਲਾਲਾਬਾਦ ਖ਼ੁਰਦ, ਹਰਦੀਪ ਸਿੰਘ ਜਵੰਦਪੁਰ, ਹਰਦੇਵ ਸਿੰਘ ਸਰਲੀ ਕੋਰ ਕਮੇਟੀ ਆਗੂ ਹਾਜ਼ਰ ਸਨ।

# ਵਾਲਮੀਕ ਚੌਕ ਪਠਾਨਕੋਟ ਵਿਖੇ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ

**ਪਠਾਨਕੋਟ (ਦਵਿੰਦਰ ਸਿੰਘ)**- ਕਮਿਊਨਿਸਟ ਪਾਰਟੀ ਆਫ਼ ਇੰਡੀਆ ਮਾਰਕਸਵਾਦੀ ਦੀ ਕੇਂਦਰੀ ਕਮੇਟੀ ਦੇ ਸੱਦੇ 'ਤੇ ਸਾਰੇ ਦੇਸ਼ ਵਿਚ 23 ਤੋਂ 30 ਸਤੰਬਰ ਤਕ ਡੋਨਾਲਡ ਟਰੰਪ ਅਤੇ ਬੈਂਜਾਮਿਨ ਨੇਤਨਯਾਹੂ ਦੇ ਪੁਤਲੇ ਫੂਕਣ ਦੇ ਪ੍ਰੋਗਰਾਮ ਤਹਿਤ ਸੀਪੀਆਈਐੱਮ ਜ਼ਿਲ੍ਹਾ ਪਠਾਨਕੋਟ ਵੱਲੋਂ ਮੇਨ ਬਾਜ਼ਾਰ ਪਠਾਨਕੋਟ ਵਿੱਚ ਮਾਰਚ ਕਰਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵਾਲਮੀਕ ਚੌਕ ਪਠਾਨਕੋਟ ਵਿਖੇ ਕਾਮਰੇਡ ਸੁਰਿੰਦਰ ਸਹਿਗਲ ਦੀ ਪ੍ਰਧਾਨਗੀ ਹੇਠ ਪੁਤਲਾ ਫੂਕਿਆ ਗਿਆ। ਕਾਮਰੇਡ ਮੰਗ ਕਰ ਰਹੇ ਸਨ ਕਿ ਟਰੰਪ ਦੇ ਟੈਰਿਫ ਅੱਤਵਾਦ ਵਿਰੁੱਧ ਅਤੇ ਰੂਸ ਤੋਂ ਤੇਲ ਨਾ ਖਰੀਦਣ ਸੰਬਧੀ ਅਤੇ ਮੁਕਤ ਬਾਜ਼ਾਰ ਸਮਝੌਤੇ 'ਤੇ ਐੱਫਟੀਏ ਖਿਲਾਫ ਅਤੇ ਟਰੰਪ ਵੱਲੋਂ ਲਾਈਆਂ ਜਾ ਰਹੀਆਂ ਸ਼ਰਤਾਂ ਦੇ ਖਿਲਾਫ਼ ਵਿਆਪਕ ਨਾਅਰੇ ਲਾ ਰਹੇ ਸਨ।ਕੇਂਦਰ ਸਰਕਾਰ ਇਨ੍ਹਾਂ ਸ਼ਰਤਾਂ ਦੇ ਖਿਲਾਫ ਸਖਤ ਸਟੈਂਡ ਲਵੇ ।ਫਲਸਤੀਨੀਆਂ ਨਾਲ ਇਕਮੁੱਠਤਾ ਪ੍ਰਗਟ ਕੀਤੀ ਗਈ।ਇਜ਼ਰਾਇਲ ਗਾਜ਼ਾ 'ਤੇ ਲਗਾਤਾਰ ਬੰਬਾਰੀ ਕਰ ਰਿਹਾ ਹੈ ।ਇਜ਼ਰਾਈਲ ਗਾਜ਼ਾ ਵਿੱਚ ਹਰ ਤਰ੍ਹਾਂ ਦੀ ਮਨੁੱਖੀ ਸਹਾਇਤਾ ਨੂੰ ਦਾਖਲ ਹੋਣ ਤੋਂ ਰੋਕ ਰਿਹਾ ਹੈ ਜਿਥੇ ਭੁੱਖਮਰੀ ਬਹੁਤ ਵੱਧ ਗਈ ਹੈ।ਕੇਂਦਰ ਸਰਕਾਰ ਨੂੰ ਇਜ਼ਰਾਈਲ ਦੇ ਖਿਲਾਫ ਸਟੈਂਡ ਲੈਣਾ ਚਾਹੀਦਾ




ਹੈ। ਇਸਦੇ ਪਿੱਛੇ ਵੀ ਟਰੰਪ ਦੀਆਂ ਨੀਤੀਆਂ ਹਨ। ਇਸ ਲਈ ਟਰੰਪ ਦਾ ਪੁਤਲਾ ਫੂਕ ਕੇ ਪ੍ਰਦਰਸ਼ਨ ਕੀਤਾ ਗਿਆ।ਪੁਤਲਾ ਸਾੜਨ ਸਮੇਂ ਕਾਮਰੇਡ ਸੁਧਾ ਰਾਣੀ, ਕਾਮਰੇਡ ਪ੍ਰਸ਼ੋਤਮ ਕੁਮਾਰ, ਕਾਮਰੇਡ ਦੇਵੀ ਸੈਣੀ, ਕਾਮਰੇਡ ਚਮਨ ਲਾਲ, ਕਾਮਰੇਡ ਬਲਵੰਤ ਸਿੰਘ, ਕਾਮਰੇਡ ਜਗਦੀਸ਼ ਰਾਜ, ਕਾਮਰੇਡ ਬਾਲਮੁਕੰਦ, ਕਾਮਰੇਡ ਅਰੁਣਾ, ਤਰਸੇਮ, ਰਾਜੇਸ਼ ਜਸਰੋਟੀਆ, ਕਾਮਰੇਡ ਬਿਕਰਮਜੀਤ ਅਤੇ ਮਾਸਟਰ ਸਤ ਪ੍ਰਕਾਸ਼ ਹਾਜ਼ਰ ਸਨ।

# ਧਾਰਮਿਕ ਸਦਭਾਵਨਾ ਨੂੰ ਠੇਸ ਪਹੁੰਚਾਉਣ ਵਾਲੀਆਂ ਸੋਸ਼ਲ ਸਾਈਟਾਂ 'ਤੇ ਪਾਬੰਦੀ ਲਾਉਣ ਦੀ ਮੰਗ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਿੱਖ ਵਿਰੋਧੀ ਤੱਤਾਂ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ. ਆਈ.) ਤਕਨੀਕ ਦੀ ਵਰਤੋਂ ਕਰਕੇ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਨੂੰ ਨਿਸ਼ਾਨਾ ਬਣਾਉਂਦੀਆਂ ਬੇਅਦਬੀ ਵਾਲੀਆਂ ਵੀਡੀਓਜ਼ ਅਪਲੋਡ ਕੀਤੀਆਂ ਜਾ ਰਹੀਆਂ ਹਨ, ਜਿਸ ਨੇ ਪੂਰੇ ਸਿੱਖ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ ਹੈ।ਇਹ ਸ਼ਬਦ ਉਘੇ ਕਾਰੋਬਾਰੀ ਰਘਬੀਰ ਸਿੰਘ ਰੰਧਾਵਾ ਕੈਨੇਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਰਘਬੀਰ ਸਿੰਘ ਰੰਧਾਵਾ ਨੇ ਆਪਣੀ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਏ. ਆਈ. ਤਕਨੀਕ ਦੀ ਹੋ ਰਹੀ ਦੁਰਵਰਤੋਂ ਬੇਹੱਦ ਸੰਜੀਦਾ ਮਾਮਲਾ ਹੈ, ਕਿਉਂਕਿ ਇਸ ਰਾਹੀਂ ਕੁਝ ਸ਼ਰਾਰਤੀ ਲੋਕਾਂ ਵੱਲੋਂ ਜਿੱਥੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਜਾ ਰਹੀ ਹੈ, ਉਥੇ ਨਾਲ ਹੀ ਫ਼ਿਰਕਿਆਂ ਅੰਦਰ ਟਕਰਾਅ ਵਾਲਾ ਮਾਹੌਲ ਵੀ ਸਿਰਜਿਆ ਜਾ ਰਿਹਾ ਹੈ। ਇਸ ਲਈ ਅਜਿਹੇ ਵਰਤਾਰੇ 'ਤੇ ਜਲਦ ਤੋਂ ਜਲਦ ਰੋਕ ਲਗਾਉਣੀ ਬੇਹੱਦ ਜ਼ਰੂਰੀ ਹੈ।ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਧਾਰਮਿਕ ਸਦਭਾਵਨਾ ਨੂੰ ਠੇਸ ਪਹੁੰਚਾਉਣ ਵਾਲੀਆਂ ਹਰ ਪ੍ਰਕਾਰ ਦੀਆਂ ਸਾਈਟਾਂ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ।

## ਖਟਕੜ ਕਲਾਂ ਵਿਖੇ ਅਨੁਰਾਗ ਠਾਕੁਰ ਹੋਏ ਨਤਮਸਤਕ



**ਬੰਗਾ (ਅਵਤਾਰ ਕਲੇਰ)** ਸ਼ਹੀਦੇ ਆਜ਼ਮ ਭਗਤ ਸਿੰਘ ਦੇ 118ਵੇਂ ਜਨਮ ਦਿਹਾੜੇ ਦੇ ਮੌਕੇ 'ਤੇ ਭਾਰਤੀ ਜਨਤਾ ਪਾਰਟੀ ਤੇ ਸੀਨੀਅਰ ਆਗੂਆਂ ਵਲੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਉਨ੍ਹਾਂ ਦੀ ਯਾਦਗਾਰ ਤੇ ਆਤਮ ਕੱਦ ਬੁੱਤ ਤੇ ਸ਼ਰਧਾ ਸੁਮਨ ਭੇਟ ਕਰਦਿਆਂ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਹਮੀਰਪੁਰ ਤੋਂ ਸੰਸਦ, ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਵਾਈਸ ਪ੍ਰਧਾਨ ਸੁਭਾਸ਼ ਸ਼ਰਮਾ ਅਤੇ ਜਨਰਲ ਸਕੱਤਰ ਪਰਮਿੰਦਰ ਬਰਾੜ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ ਵਿਸ਼ੇਸ਼ ਤੌਰ ਤੇ ਪਹੁੰਚੇ। ਬੀ ਜੇ ਪੀ ਯੁਵਾ ਮੋਰਚਾ ਦੀ ਟੀਮ ਨੇ ਮੋਟਰਸਾਈਕਲ ਰੈਲੀ ਰਾਹੀਂ ਖਟਕੜ ਕਲਾਂ ਪਹੁੰਚੇ। ਅਨੁਰਾਗ ਠਾਕੁਰ ਅਤੇ ਅਸ਼ਵਨੀ ਸ਼ਰਮਾ ਅਤੇ ਸੁਭਾਸ਼ ਸ਼ਰਮਾ ਨੇ ਭਗਤ ਸਿੰਘ ਦੇ ਬਲਿਦਾਨ ਨੂੰ ਯਾਦ ਕੀਤਾ ਅਤੇ ਕਿਹਾ ਕਿ, ਭਾਵੇਂ ਅੱਜ ਭਗਤ ਸਿੰਘ ਦਾ 118ਵਾਂ ਜਨਮ ਦਿਹਾੜਾ ਹੈ ਪਰ ਉਹ ਸਦੀਵਿਆਂ ਤੱਕ 23 ਸਾਲ ਦੇ ਨੌਜਵਾਨ ਰਹਿਣਗੇ, ਉਹਨਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਕੁਰਬਾਨੀ ਦਿੱਤੀ।

## 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਵਿਤਾ ਤੇ ਭਾਸ਼ਣ ਮੁਕਾਬਲੇ ਕਰਵਾਏ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਾਲਜ ਗੁਰਦੁਆਰਾ ਕਮੇਟੀ ਅਤੇ ਪੰਜਾਬੀ ਵਿਭਾਗ ਵਲੋਂ ਕਵਿਤਾ ਉਚਾਰਣ ਅਤੇ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਮੁਕਾਬਲਿਆਂ ਵਿਚ ਸਟੇਜ ਸੰਚਾਲਨ ਵਿਦਿਆਰਥਣ ਅੰਜੂ ਬਾਲਾ ਵਲੋਂ ਕੀਤਾ ਗਿਆ।ਕਵਿਤਾ ਉਚਾਰਣ ਮੁਕਾਬਲੇ ਵਿਚ ਵਿਦਿਆਰਥਣ ਰੰਜਨਾ ਬੀ.ਏ. ਭਾਗ ਤੀਜਾ ਨੇ ਪਹਿਲਾ, ਜਸਮੀਨ ਬੀ.ਏ. ਭਾਗ ਪਹਿਲਾ ਨੇ ਦੂਜਾ ਸਥਾਨ ਅਤੇ ਜਸਪ੍ਰੀਤ ਕੌਰ ਬੀ.ਐੱਡ. ਭਾਗ ਚੌਥਾ ਨੇ ਤੀਜਾ ਸਥਾਨ ਹਾਸਲ ਕੀਤਾ। ਭਾਸ਼ਣ ਮੁਕਾਬਲੇ ਵਿਚ ਲਵਪ੍ਰੀਤ ਸਿੰਘ ਬੀ.ਏ. ਭਾਗ ਪਹਿਲਾ ਨੇ ਪਹਿਲਾ ਸਥਾਨ, ਹਰਪ੍ਰੀਤ ਕੌਰ ਬੀ.ਸੀ.ਏ. ਭਾਗ ਤੀਜਾ ਨੇ ਦੂਜਾ ਸਥਾਨ ਅਤੇ ਰਾਜਵਿੰਦਰ ਕੌਰ ਬੀ.ਏ. ਬੀ.ਐੱਡ. ਭਾਗ ਤੀਜਾ ਸਾਲ ਨੇ ਤੀਜਾ ਸਥਾਨ ਹਾਸਿਲ ਕੀਤਾ। ਅਵੱਲ ਰਹੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਅਤੇ ਸਾਬਕਾ ਪ੍ਰੋ. ਆਪਿੰਦਰ ਸਿੰਘ ਵਲੋਂ ਇਨਾਮ ਤਕਸੀਮ ਕੀਤੇ ਗਏ।ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਇਸ ਤਰ੍ਹਾਂ ਦੇ ਮੁਕਾਬਲਿਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਾਬਕਾ ਪ੍ਰੋ. ਆਪਿੰਦਰ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਬੰਧੀ ਵਿਦਿਆਰਥੀਆਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਡਾ. ਹਰਵਿੰਦਰ ਕੌਰ, ਧਾਰਮਿਕ ਅਧਿਆਪਕ ਅੰਮ੍ਰਿਤਪਾਲ ਸਿੰਘ, ਡਾ. ਕੰਵਲਜੀਤ ਕੌਰ, ਪ੍ਰੋ. ਸੰਦੀਪ ਦਾਦਰੀ ਹਾਜ਼ਰ ਹੋਏ।



## ਅੱਜ ਮੋਦੀ-ਕੇਜਰੀਵਾਲ ਦੇ ਪੁਤਲੇ ਫੂਕੇ ਜਾਣਗੇ : ਰੰਧਾਵਾ

**ਜਲੰਧਰ (ਰਾਜੇਸ਼ ਥਾਪਾ)**- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਵੱਲੋਂ ਬੇਰੁਜ਼ਗਾਰੀ ਦੇ ਖਾਤਮੇ ਅਤੇ ਨਸ਼ਾ ਤਸਕਰੀ ਤੇ ਮਾਫੀਆ ਲੁੱਟ ਤੋਂ ਮੁਕਤੀ ਹਾਸਲ ਕਰਨ ਲਈ ਖਟਕੜ ਕਲਾਂ ਵਿਖੇ ਲਗਾਏ ਗਏ ਪੱਕੇ ਮੋਰਚੇ ਦੀ ਹਿਮਾਇਤ ਵਿੱਚ ਤਕੜੀ ਲੋਕ ਲਾਮਬੰਦੀ ਕਰਨ ਹਿਤ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੇ ਸੱਦੇ ਤੇ ਅੱਜ 30 ਸਤੰਬਰ ਨੂੰ ਪਿੰਡਾਂ, ਸ਼ਹਿਰਾਂ ਅੰਦਰ ਪ੍ਰਭਾਵਸ਼ਾਲੀ ਰੋਸ ਪ੍ਰਦਰਸ਼ਨ ਕਰਕੇ ਮੁੱਖ ਮੰਤਰੀ ਦੇ ਪੁਤਲੇ ਸਾੜੇ ਜਾਣਗੇ। ਇਹ ਜਾਣਕਾਰੀ ਅੱਜ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਕਾਮਰੇਡ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ ਹੈ। ਉਨ੍ਹਾਂ ਪੰਜਾਬ ਦੇ ਕਿਰਤੀ-ਕਿਸਾਨਾਂ, ਨੌਜਵਾਨਾਂ, ਇਸਤਰੀਆਂ, ਅਗਾਂਹਵਧੂ ਤੇ ਨਿਆਂ ਪਸੰਦ ਧਿਰਾਂ ਸਮੇਤ ਸਭਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਰੋਸ ਐਕਸ਼ਨ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ।

## ਨਾਟਕਾਂ ਤੇ ਗੀਤਾਂ ਭਰਿਆ ਹੋਏਗਾ 'ਮੇਲਾ ਗ਼ਦਰੀ ਬਾਬਿਆਂ ਦਾ'

**ਜਲੰਧਰ (ਕੇਸਰ)** ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੂੰ ਸਮਰਪਿਤ 30, 31 ਅਕਤੂਬਰ ਅਤੇ ਪਹਿਲੀ ਨਵੰਬਰ ਦੇਸ਼ ਭਗਤ ਯਾਦਗਾਰ ਹਾਲ 'ਚ ਲੱਗ ਰਿਹਾ 34ਵਾਂ ਮੇਲਾ ਗਦਰੀ ਬਾਬਿਆਂ ਦਾ ਪਹਿਲੀ ਨਵੰਬਰ ਨੂੰ ਦਿਨ ਰਾਤ ਨਾਟਕਾਂ ਅਤੇ ਗੀਤਾਂ ਦੇ ਦਿਲਕਸ਼ ਰੰਗਾਂ ਦੀ ਸਤਰੰਗੀ ਪੀਂਘ ਅੰਬਰਾਂ 'ਤੇ ਪਾਏਗਾ।ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਹੋਣ ਕਾਰਨ ਇਸ ਵਾਰ ਮੇਲੇ 'ਚ ਗ਼ਦਰੀ ਗੁਲਾਬ ਕੌਰ ਬਾਰੇ ਦਿਨੇ ਅਤੇ ਰਾਤ ਵੇਲੇ ਦੋ ਨਾਟਕ ਹੋਣਗੇ।ਦਿਨ ਵੇਲੇ ਸ਼ਾਮ ਨੂੰ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ 'ਧਰਤ ਵੰਗਾਰੇ ਤਖਤ ਨੂੰ' ਨਾਟਕਾਂ ਦੀ ਰਾਤ ਦਾ ਆਗਾਜ਼ ਲੋਕ ਕਲਾ ਮੰਚ ਮਾਨਸਾ ਵੱਲੋਂ ਪ੍ਰੋ. ਅਜਮੇਰ ਸਿੰਘ ਔਲਖ ਦੇ ਲਿਖੇ ਅਤੇ ਡਾ. ਅਜਮੀਤ ਦੁਆਰਾ ਨਿਰਦੇਸ਼ਤ 'ਤੂੰ ਚਰਖਾ ਘੁਕਦਾ ਰੱਖ ਜਿੰਦੇ' ਨਾਲ ਹੋਏਗਾ। ਇਸ ਤੋਂ ਇਲਾਵਾ ਨਾਟਕਾਂ ਭਰੀ ਰਾਤ ਵੇਲੇ ਦੂਰ ਦਰਸ਼ਨ ਦੇ ਸਾਬਕਾ ਨਿਰਦੇਸ਼ਕ ਹਰਜੀਤ ਦੁਆਰਾ ਲਿਖਿਆ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਚ ਨਾਟਕ ਹੋਏਗਾ ਸਾਂਦਲ ਬਾਰ, ਮਾਲਾ ਹਾਸ਼ਮੀ ਨਵੀਂ ਦਿੱਲੀ ਤੋਂ ਆਪਣੀ ਜਨ ਨਾਟਿਆ ਮੰਚ ਮੰਡਲੀ ਵੱਲੋਂ ਫਿਰਕਾ ਪ੍ਰਸਤੀ ਗੁੰਡਾਗਰਦੀ ਅਤੇ ਹਕੂਮਤੀ ਗੱਠ ਜੋੜ ਦਾ ਪਰਦਾ ਫਾਸ ਕਰਦਾ ਨਾਟਕ ਪੇਸ਼ ਕਰਨਗੇ। ਸੰਗੀਤਾ ਗੁਪਤਾ ਚੰਡੀਗੜ੍ਹ ਦੀ ਨਿਰਦੇਸ਼ਨਾ 'ਚ ਨਾਟਕ ਹੋਏਗਾ 'ਮੁਝੇ ਪੰਖ ਦੇ ਦੋ' ਡਾ. ਸਾਹਿਬ ਸਿੰਘ ਦੁਆਰਾ ਰਚਿਤ ਅਤੇ ਨਿਰਦੇਸ਼ਤ ਨਾਟਕ ਹੋਏਗਾ, 'ਤੂੰ ਅਗਲਾ ਵਰਕਾ ਫੋਲ'। ਹੜ ਪੀੜਤਾਂ ਨਾਲ ਹਾਕਮਾਂ ਵੱਲੋਂ ਕੀਤੇ ਜਾ ਰਹੇ ਕੋਝੇ ਮਜ਼ਾਕ ਉੱਪਰ ਵਿਅੰਗ ਕਸਦਾ ਗੁਰਸ਼ਰਨ ਸਿੰਘ ਦਾ ਨਾਟਕ 'ਰਾਹਤ' ਖੇਡੇਗਾ ਇਕੱਤਰ ਅਤੇ ਇਪਟਾ ਮੋਗਾ ਅਵਤਾਰ ਚੜਿੱਕ ਅਤੇ ਸਾਥੀ ਨਿਵੇਕਲਾ ਰੰਗ ਭਰਨਗੇ। ਮੇਲੇ 'ਚ ਸੰਗੀਤ ਦੀਆਂ ਸੁਰਾਂ ਛੇੜਨਗੇ ਛੱਤੀਸਗੜ੍ਹ ਤੋਂ ਰੇਲਾ ਸੰਗੀਤਕ ਗਰੁੱਪ, ਦਸਤਕ ਸਭਿਆਚਾਰਕ ਮੰਚ (ਸਾਰਾ), ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ ਅਤੇ ਸਾਥੀ) ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਲੋਕ ਸੰਗੀਤ ਮੰਡਲੀ ਗੜ੍ਹਦੀਵਾਲਾ (ਗੁਰਪਿੰਦਰ ਸਿੰਘ), ਗੁਲਾਮ ਅਲੀ, ਇਕਬਾਲ ਉਦਾਸੀ, ਨਰਗਿਸ, ਅਜਮੇਰ ਅਕਲੀਆ ਅਤੇ ਅੰਮ੍ਰਿਤਪਾਲ ਬੰਗੇ। ਇਹ ਜਾਣਕਾਰੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਾਂਝੀ ਕੀਤੀ।



## ਪਰਾਲੀ ਸਾੜਨ ਨਾਲ ਵਾਤਾਵਰਣ ਹੁੰਦਾ ਹੈ ਦੂਸ਼ਿਤ : ਸਚਿਨ ਪਾਠਕ

● ਐਸ ਡੀ ਐਮ ਨੰਗਲ ਵੱਲੋਂ ਪਰਾਲੀ ਨਾ ਸਾੜਨ ਬਾਰੇ ਕਿਸਾਨਾਂ ਨੂੰ ਕੀਤਾ ਪ੍ਰੇਰਿਤ

**ਨੰਗਲ, ਭਲਾਣ (ਸੁਰਜੀਤ ਸਿੰਘ ਢੇਰ, ਹਰਭਜਨ ਸਿੰਘ ਢਿੱਲੋਂ)**- ਡਿਪਟੀ ਕਮਿਸ਼ਨਰ ਵਰਜੀਤ ਵਾਲੀਆਂ ਅਤੇ ਮੁੱਖ ਖੇਤੀਬਾੜੀ ਅਫ਼ਸਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਚਿਨ ਪਾਠਕ ਉਪ ਮੰਡਲ ਮੈਜਿਸਟ੍ਰੇਟ ਨੰਗਲ ਦੀ ਅਗਵਾਈ ਵਿੱਚ ਖੇਤੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਿੰਡ ਭੱਲੜੀ ਵਿਚ ਫ਼ਸਲਾਂ ਦੀ ਰਹਿੰਦ-ਖੂੰਹਦ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਸਚਿਨ ਪਾਠਕ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ ਦੱਸਿਆ ਕਿ ਝੋਨੇ ਦੀ ਫ਼ਸਲ ਨਾਲ ਮਿੱਟੀ ਤੋਂ ਪ੍ਰਾਪਤ ਪੋਸ਼ਕ ਤੱਤਾਂ ਦਾ ਇਕ ਵੱਡੀ ਹਿੱਸਾ ਪਰਾਲੀ ਵਿਚ ਹੀ ਚਲਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਵਲੋਂ ਮੈਪਿੰਗ ਕੀਤੇ ਗਏ ਬੇਲਰਾਂ ਦਾ ਨੰਬਰ ਸਬੰਧਤ ਪਿੰਡਾਂ ਦੇ ਕਿਸਾਨਾਂ ਤੱਕ ਪਹੁੰਚਾਇਆ ਜਾ ਰਿਹਾ ਹੈ ਤਾਂ ਜੋ ਉਹ ਆਸਾਨੀ ਨਾਲ ਆਪਣੇ ਖੇਤਾਂ ਨੂੰ ਜਲਦ ਤੋਂ ਜਲਦ ਖਾਲੀ ਕਰ ਸਕਣ ਅਤੇ ਅੱਗ ਲਗਾਉਣ ਵੱਲ ਨਾ ਜਾਣ। ਅਮਰਜੀਤ ਸਿੰਘ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਜੇਕਰ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ ਤਾਂ ਇਸ ਸਾਰੇ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਸੀ ਆਰ ਐਮ ਸਕੀਮ ਦੇ ਤਹਿਤ ਸਬਸਿਡੀ 'ਤੇ ਮਸ਼ੀਨ ਉਪਲੱਬਧ ਕਰਵਾ ਰਹੀ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਇਸ ਮਸ਼ੀਨਰੀ ਦਾ ਉਪਯੋਗ ਕਰਕੇ ਪਰਾਲੀ ਦੀ ਯੋਗ ਸੰਭਾਲ ਕਰਨ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਬੱਚਣ।



## ਅੱਜ ਬਿਜਲੀ ਬੰਦ ਰਹੇਗੀ

**ਬਿਆਸ (ਪੱਤਰ ਪ੍ਰੇਰਕ)** ਐਕਸੀਅਨ ਰਾਜ ਕੁਮਾਰ ਨੇ ਦੱਸਿਆ ਕਿ ਮਿਤੀ 30 ਸਤੰਬਰ (ਮੰਗਲਵਾਰ) ਨੂੰ 66 ਕੇ ਵੀ ਸਬ-ਸਟੇਸ਼ਨ ਬਿਆਸ ਤੋਂ ਚਲਦੇ ਸਾਰੇ ਫੀਡਰ 11 ਕੇ ਵੀ ਬਿਆਸ ਸ਼ਹਿਰੀ, 11 ਕੇ ਵੀ ਬਿਆਸ ਹਸਪਤਾਲ, 11 ਕੇ ਵੀ ਮਿਲਟਰੀ ਸਟੇਸ਼ਨ ਬਿਆਸ, 11 ਕੇ ਵੀ ਰਈਆ ਸ਼ਹਿਰੀ, 11 ਕੇ ਵੀ ਬਾਬਾ ਬਕਾਲਾ ਸਾਹਿਬ ਸ਼ਹਿਰੀ, 11 ਕੇ ਵੀ ਉਮਰਾਨੰਗਲ ਏ ਪੀ ਅਤੇ 11 ਕੇ ਵੀ ਵਜ਼ੀਰ ਭੁੱਲਰ ਏ ਪੀ ਸਵੇਰੇ 10-00 ਤੋਂ 5-00 ਵਜੇ ਸ਼ਾਮ ਤੱਕ ਜ਼ਰੂਰੀ ਮੇਂਨਟੀਨੈਂਸ ਹੋਣ ਕਰਕੇ ਇਸ ਸਮੇਂ ਦੌਰਾਨ ਬੰਦ ਰਹਿਣਗੇ।

## ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਡੀ ਐੱਸ ਪੀ ਦਫ਼ਤਰ ਮੂਹਰੇ ਧਰਨਾ ਦੇਣ ਦਾ ਐਲਾਨ

**ਨਕੋਦਰ (ਮਨਜੀਤ ਮਾਨ)**- ਦਸ਼ਮੇਸ਼ ਤਰਨਾਦਲ ਦੋਆਬਾ ਛਾਉਣੀ ਨਿਹੰਗ ਸਿੰਘਾਂ ਜਥੇਦਾਰ ਮਹਾਂਕਾਲ ਬਾਬਾ ਹਰੀ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦਸਿਆ ਕਿ 13 ਸਤੰਬਰ ਨੂੰ ਕੁਝ ਗੁੰਡਿਆਂ ਵੱਲੋਂ ਨਿਹੰਗ ਸਿੰਘ ਜੋਰਾ ਸਿੰਘ ਤੇ ਜਾਨਲੇਵਾ ਘਾਤਕ ਹੱਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ ਸੀ ਪਰ ਅੱਜ ਤੱਕ ਨਕੋਦਰ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਦੋਸ਼ੀਆਂ ਨੂੰ ਅੱਜ ਤੱਕ ਗ੍ਰਿਫਤਾਰ ਨਹੀਂ ਕੀਤਾ ਜਿਸ ਦੇ ਰੋਸ ਵਜੋਂ ਸਾਰੀਆਂ ਨਿਹੰਗ ਸਿੰਘ, ਦਲ ਪੰਥਾਂ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਜਥੇਬੰਦੀਆਂ ਨਾਲ ਗੁਰਮਤਾ ਕਰਕੇ ਪ੍ਰਸ਼ਾਸਨ ਨੂੰ 03/10/2025 ਤੱਕ ਦਾ ਸਮਾਂ ਦਿੰਦੇ ਹੋਏ ਕਿਹਾ ਕਿ ਜੇਕਰ ਪੁਲਿਸ ਨੇ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਨਾ ਕੀਤਾ ਮਜਬੂਰਨ ਅਸੀਂ 4 ਅਕਤੂਬਰ ਨੂੰ ਸਾਰੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਅਤੇ ਆਪਣੀਆਂ ਨਿਹੰਗ ਸਿੰਘ ਫੌਜਾਂ ਨੂੰ ਲੈ ਕੇ ਡੀਐਸਪੀ ਨਕੋਦਰ ਦੇ ਦਫਤਰ ਦੇ ਬਾਹਰ ਅਣਮਿਥੇ ਸਮੇਂ ਲਈ ਮੋਰਚਾ ਲਗਾਇਆ ਜਾਵੇਗਾ, ਇਹ ਮੋਰਚਾ ਦਿਨ ਰਾਤ ਜਾਰੀ ਰਹੇਗਾ।



## ਰਾਮਲੀਲ੍ਹਾ ਮੰਚਨ ਦਾ ਅਸਲ ਮਕਸਦ ਜਨਤਾ ਨੂੰ ਜਾਗ੍ਰਿਤ ਕਰਨਾ : ਰਾਹੁਲ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਵੀਰ ਕ੍ਰਿਸ਼ਨਾ ਕਲੱਬ ਅਹਿਆਪੁਰ ਦੇ ਪ੍ਰਧਾਨ ਰਾਜ ਅਹਿਆਪੁਰੀ ਦੀ ਅਗਵਾਈ ਵਿੱਚ ਕਰਵਾਈ ਜਾ ਰਹੀ ਰਾਮਲੀਲਾ ਮੰਚਨ ਦੇ ਮਾਤਾ ਸੀਤਾ ਹਰਨ ਨਾਈਟ ਦਾ ਉਦਘਾਟਨ ਮੁੱਖ ਮਹਿਮਾਨ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ ਨੇ ਪ੍ਰਭੂ ਸ਼੍ਰੀ ਰਾਮ ਦਾ ਕਿਰਦਾਰ ਨਿਭਾ ਰਹੇ ਅੰਕਿਤ ਪੁਰੀ ਤੋਂ ਕਰਵਾਇਆ। ਇਸ ਮੌਕੇ ਤੇ ਉਨ੍ਹਾਂ ਨਾਲ ਹਾਜ਼ਰ ਵਿਵੇਕ ਵਿਜਨ, ਪ੍ਰਸ਼ਾਂਤ ਪੰਡਿਤ, ਰਾਜੂ ਖੋਸਲਾ, ਪੰਡਿਤ ਮਿਥਲੇਸ਼ ਗਰਗ, ਗੌਰਵ ਬੇਦੀ, ਸ਼ੈਗੀ ਥਾਪਰ, ਆਰ.ਕੇ ਰਾਜਪੂਤ, ਜੋਨਾ, ਬੱਬੂ ਦਾਰਾਪੁਰ, ਵਿਸ਼ਾਲ ਖੋਸਲਾ ਵੱਲੋਂ ਲਗਾਏ ਗਏ ਜੈ ਸ਼੍ਰੀ ਰਾਮ ਦੇ ਜੈਕਾਰਿਆਂ ਨਾਲ ਪੂਰਾ ਪੰਡਾਲ ਗੂੰਜ ਉਠਿਆ। ਪੰਡਾਲ 'ਚ ਬੈਠੇ ਸ਼ਰਧਾਲੂਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਭਾਰਤ ਵਿੱਚ ਕਰਵਾਈ ਜਾ ਰਹੀ ਰਾਮਲੀਲਾ ਮੰਚਨ ਦਾ ਅਸਲ ਮਕਸਦ ਕਾਲ ਦੇ ਹਨੇਰਿਆਂ ਵਿੱਚ ਗਰਤ ਹੁੰਦੀ ਜਾ ਰਹੀ ਆਮ ਜਨਤਾ ਨੂੰ ਜਾਗ੍ਰਿਤ ਕਰਨਾ ਹੈ ਤਾਂ ਜੋ ਅਹੰਕਾਰ ਦਾ ਤਿਆਗ ਕਰਕੇ ਉਹ ਸੱਚਾਈ ਦੇ ਰਸਤੇ ਤੇ ਚੱਲ ਸਕਣ। ਇਸ ਮੌਕੇ ਤੇ ਪ੍ਰਧਾਨ ਰਾਜ ਅਹੀਆਪੁਰੀ, ਅਰੁਨ ਪੁਰੀ, ਪਰਮਜੀਤ ਬਾਬੂ, ਰਜਿੰਦਰ ਕੁਮਾਰ ਕਾਕਾ, ਰਮੇਸ਼ ਚੰਦਰ ਸ਼ਰਮਾ, ਪ੍ਰਿੰਸ ਮਹਿਰਾ, ਸੰਨੀ ਮਹਿਰਾ, ਅਸ਼ਵਨੀ ਮਹਿਰਾ, ਮੰਦੀਪ ਪਲਟਾ, ਸੰਜੀਵ ਪੁਰੀ, ਮੰਨਾ ਮਹਿਰਾ ਵਲੋਂ ਆਏ ਹੋਏ ਮੁੱਖ ਮਹਿਮਾਨਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ।



## ਭਗਵਾਨ ਵਾਲਮੀਕ ਦੀ ਮੂਰਤੀ ਸਥਾਪਨਾ

**ਭਲਾਣ (ਹਰਭਜਨ ਸਿੰਘ ਢਿੱਲੋਂ)** ਨੰਗਲ ਦੇ ਸੈਕਟਰ ਦੋ ਵਿਖੇ ਭਗਵਾਨ ਵਾਲਮੀਕ ਮੰਦਰ ਵਿਖੇ ਭਗਵਾਨ ਵਾਲਮੀਕ ਦੀ ਮੂਰਤੀ ਸਥਾਪਨਾ ਸਮਾਰੋਹ ਦਾ ਵਰਿੰਦਰ ਆਦੀਅ ਦੀ ਅਗਵਾਈ ਹੇਠ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਜਿਸ ਵਿੱਚ ਚੰਦਰ ਗਰੇਵਾਲ ਚੇਅਰਮੈਨ ਸਫਾਈ ਕਮਿਸ਼ਨਰ ਪੰਜਾਬ ਮੁੱਖ ਮਹਿਮਾਨ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ ਅਤੇ ਆਪਣੇ ਕਾਰ ਕਮਲਾਂ ਨਾਲ ਭਗਵਾਨ ਵਾਲਮੀਕ ਦੀ ਮੂਰਤੀ ਦੀ ਵਾਲਮੀਕ ਮੰਦਰ ਵਿੱਚ ਸਥਾਪਨਾ ਕੀਤੀ ਅਤੇ ਉਹਨਾਂ ਇਸ ਮੌਕੇ ਕਮੇਟੀ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਸਭ ਨੂੰ ਮਿਲ ਕੇ ਇਹੋ ਜਿਹੇ ਧਰਮ ਸਮਾਗਮ ਕਰਵਾਉਣੇ ਚਾਹੀਦੇ ਹਨ।ਇਸ ਮੌਕੇ ਕਮੇਟੀ ਮੈਂਬਰਾਂ ਵੱਲੋਂ ਚੰਦਰ ਗਰੇਵਾਲ ਚੇਅਰਮੈਨ ਸਫਾਈ ਕਮਿਸ਼ਨਰ ਪੰਜਾਬ ਦਾ ਵਿਸ਼ੇਸ਼ ਤੌਰ 'ਤੇ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ। ਇਸ ਸਮੇਂ ਬਾਲਮੀਕ ਪ੍ਰਧਾਨ ਵਰਿੰਦਰ ਆਦੀਅ, ਸਕੱਤਰ ਚਮਨ ਲਾਲ, ਰਾਮ ਲੁਭਾਇਆ ਮੱਟੂ, ਵਰਿੰਦਰ ਮੱਟੂ, ਅਸ਼ੋਕ ਹੰਸ, ਬਾਵਾ, ਕੁੰਤੀ, ਜਤਿੰਦਰ ਆਦੀਅ ਲੁਧਿਆਣੇ ਵਾਲੇ, ਅਸ਼ਵਨੀ ਹੰਸ, ਸਤੀਸ਼ ਹੰਸ ਅਤੇ ਬਾਲਮੀਕ ਸਭਾ ਨੰਗਲ ਦੇ ਪ੍ਰਧਾਨ ਸੰਜੇ ਬਾਵਾ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।



## ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਹਰਿਆਣਾ ਨੇ ਸ਼ਹੀਦ ਭਗਤ ਨੂੰ ਕੀਤਾ ਯਾਦ

**ਹਰਿਆਣਾ (ਕ੍ਰਿਸ਼ਨ ਗਰਗ )** ਅਮਰ ਸ਼ਹੀਦ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ 118ਵੀਂ ਜਯੰਤੀ ਮਨਾਉਣ ਲਈ ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਹਰਿਆਣਾ (ਕਰਨਾਲ, ਪਾਣੀਪਤ, ਕੈਥਲ ਯੂਨਿਟ) ਦੀ ਅਗਵਾਈ ਹੇਠ, ਆਰੀਆ ਸਮਾਜ ਮੰਦਰ ਭਵਨ, ਸੈਕਟਰ 13, ਅਰਬਨ ਅਸਟੇਟ, ਕਰਨਾਲ ਦੇ ਆਡੀਟੋਰੀਅਮ ਵਿੱਚ ਇੱਕ ਵਿਸ਼ੇਸ਼ ਸਿੰਪੋਜ਼ੀਅਮ ਦਾ ਆਯੋਜਨ ਕੀਤਾ ਗਿਆ। ਕਰਨਾਲ, ਪਾਣੀਪਤ ਅਤੇ ਕੈਥਲ ਜ਼ਿਲ੍ਹਿਆਂ ਦੇ ਪੰਦਰਾਂ ਵਿਦਵਾਨਾਂ ਅਤੇ ਵਿਦੂਸ਼ੀਆਂ ਨੇ ਹਿੱਸਾ ਲਿਆ। ਸਿੰਪੋਜ਼ੀਅਮ ਦੀ ਪ੍ਰਧਾਨਗੀ ਪ੍ਰਲੇਸ ਦੀ ਕਰਨਾਲ ਯੂਨਿਟ ਦੇ ਸਰਪ੍ਰਸਤ ਡਾ. ਅਸ਼ੋਕ ਭਾਟੀਆ ਅਤੇ ਪ੍ਰਧਾਨ ਜਗਦੀਸ਼ ਸਿੰਘ ਵਿਰਕ ਨੇ ਕੀਤੀ। ਯੂਨਿਟ ਸਕੱਤਰ ਡਾ. ਕਰਨੈਲ ਚੰਦ ਨੇ ਇੱਕ ਮਾਹਰ ਸੂਤਰਧਾਰਤਾ ਵਜੋਂ ਸਿੰਪੋਜ਼ੀਅਮ ਦਾ ਸੰਚਾਲਨ ਕੀਤਾ। ਪ੍ਰਧਾਨ ਜਗਦੀਸ਼ ਵਿਰਕ ਨੇ ਵਰਤਮਾਨ ਸਮੇਂ ਵਿੱਚ ਭਗਤ ਸਿੰਘ ਦੇ ਵਿਚਾਰਾਂ ਦੀ ਸਾਰਥਕਤਾ 'ਤੇ ਚਾਨਣਾ ਪਾਇਆ। ਡਾ. ਰਾਮੇਸ਼ਵਰ ਦਾਸ, ਜੋ ਕਿ ਪਾਣੀਪਤ ਤੋਂ ਵਿਸ਼ੇਸ਼ ਤੌਰ 'ਤੇ ਆਏ ਸਨ, ਨੇ ਭਗਤ ਸਿੰਘ ਦੇ ਵਿਚਾਰਾਂ ਅਤੇ ਉਨ੍ਹਾਂ ਦੀ ਵਚਨਬੱਧਤਾ ਦੇ ਪਿਛੋਕੜ 'ਤੇ ਚਾਨਣਾ ਪਾਇਆ।ਜੈਪ੍ਰਕਾਸ਼ ਸ਼ਾਸਤਰੀ, ਰਾਮਮੇਹਰ ਕ੍ਰਿਸ਼ਨ ਗੰਭੀਰ, ਅਤੇ ਹੋਰ ਸਾਥੀਆਂ ਨੇ ਭਗਤ ਸਿੰਘ ਦੇ ਦ੍ਰਿਸ਼ਟੀਕੋਣ ਅਤੇ ਸਮਾਨਤਾ, ਧਰਮ ਨਿਰਪੱਖਤਾ, ਸਮਾਜਵਾਦ, ਸੰਪਰਦਾਇਕਤਾ ਅਤੇ ਜਾਤੀਵਾਦ ਦੇ ਸਿਧਾਂਤਾਂ 'ਤੇ ਵੀ ਵਿਸਥਾਰ ਨਾਲ ਜ਼ੋਰ ਦਿੱਤਾ।ਲਗਭਗ ਤਿੰਨ ਘੰਟੇ ਚੱਲੇ ਇਸ ਸਿੰਪੋਜ਼ੀਅਮ ਨੇ ਹਾਜ਼ਰੀਨ ਨੂੰ ਭਗਤ ਸਿੰਘ ਦੀ ਵਿਚਾਰਧਾਰਕ ਅਗਵਾਈ ਦੀ ਪਾਲਣਾ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ। ਹਰਿਆਣਾ ਪ੍ਰਲੇਸ ਦੀਆਂ ਕਰਨਾਲ, ਪਾਣੀਪਤ ਅਤੇ ਕੈਥਲ ਇਕਾਈਆਂ ਆਉਣ ਵਾਲੇ ਮਹੀਨੇ ਦੇ ਆਖਰੀ ਐਤਵਾਰ ਨੂੰ ਇੱਕ ਹੋਰ ਸਮਕਾਲੀ ਵਿਸ਼ੇ 'ਤੇ ਸਿੰਪੋਜ਼ੀਅਮ ਵੀ ਆਯੋਜਿਤ ਕਰਨਗੀਆਂ।



## ਸਾਲਾਨਾ ਭੰਡਾਰਾ ਕਰਾਇਆ



**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਧੰਨ- ਧੰਨ ਜੋਤ ਮਾਰਗੀਏ ਸੰਤ ਓਮ ਪ੍ਰਕਾਸ਼ ਢਾਂਗੂ ਵਾਲੇ ਮਹਾਰਾਜ ਦੇ ਪਵਿੱਤਰ ਅਸਥਾਨ ਪਿੰਡ ਜੇਜੋ ਦੋਆਬਾ ਵਿਖੇ ਸਾਲਾਨਾ ਭੰਡਾਰਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ ਢੰਗ ਨਾਲ ਕਰਵਾਇਆ ਗਿਆ।ਇਸ ਮੌਕੇ ਸਭ ਤੋਂ ਪਹਿਲਾਂ ਪਾਠ ਦੇ ਭੋਗ ਪਾਏ ਗਏ, ਉਸ ਤੋਂ ਬਾਅਦ ਭਾਈ ਸੁਖਬੀਰ ਸਿੰਘ ਖਟਕੜ, ਬੀਬੀ ਰਾਮਪ੍ਰੀਤ, ਸੰਤ ਰਣਜੀਤ ਸਿੰਘ ਹਰਖੋਵਾਲ, ਭਾਈ ਹਰਜੋਧ ਸਿੰਘ ਯੋਧਾ, ਭਾਈ ਲਖਵਿੰਦਰ ਸਿੰਘ ਸਮੇਤ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਉਸ ਸਰਵ ਸ਼ਕਤੀਮਾਨ ਪਰਮਾਤਮਾ ਨਾਲ ਜੋੜਿਆ, ਜੋ ਇਸ ਬ੍ਰਹਿਮੰਡ ਦੇ ਕਣ-ਕਣ ਵਿੱਚ ਮੌਜੂਦ ਹੋ ਕੇ ਸਭਨਾ ਜੀਵਾਂ ਦੀ ਪ੍ਰਿਤਪਾਲਨਾ ਕਰ ਰਿਹਾ ਹੈ। ਇਸ ਮੌਕੇ ਸੰਤ ਰਤਨ ਪ੍ਰਕਾਸ਼ ਨੇ ਕਿਹਾ ਕਿ ਸਾਨੂੰ ਮਹਾਂਪੁਰਸ਼ਾਂ ਵੱਲੋਂ ਦਰਸਾਏ ਮਾਰਗ 'ਤੇ ਚਲਦੇ ਹੋਏ ਸੇਵਾ-ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਲਈ ਹਮੇਸ਼ਾ ਹੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਮੌਕੇ ਬੀਬੀ ਰਾਮਪ੍ਰੀਤ, ਪ੍ਰੇਮ ਪ੍ਰਕਾਸ਼, ਹਰਪ੍ਰੀਤ ਸਿੰਘ, ਰਣਜੀਤ ਕੌਰ, ਕੇਵਲ ਸਿੰਘ, ਸੁਰਿੰਦਰ ਕੌਰ, ਲਖਬੀਰ ਸਿੰਘ, ਵੀਰ ਕ੍ਰਾਂਤੀ ਸਮੇਤ ਜੇਜੋ ਦੋਆਬਾ ਅਤੇ ਲਾਗਲੇ ਪਿੰਡਾਂ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਚੱਲੇ। ਸੰਤ ਰਤਨ ਪ੍ਰਕਾਸ਼ ਮਹਾਰਾਜ ਵੱਲੋਂ ਸਮਾਗਮ ਦੀਆਂ ਸਹਿਯੋਗੀ ਸੰਗਤਾਂ ਅਤੇ ਸੰਤਾਂ ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦੀਵਾਨ ਹਾਲ ਦੀ ਬੇਸਮੈਂਟ ਦਾ ਲੈਂਟਰ ਪਾਇਆ

**ਮੋਹਾਲੀ (ਗੁਰਜੀਤ ਬਿੱਲਾ)** ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬ੍ਰਹਮਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਆਸ਼ੀਰਵਾਦ ਸਦਕਾ ਦੀਵਾਨ ਹਾਲ ਦੀ ਬੇਸਮੇਂਟ ਦਾ ਲੈਂਟਰ ਪਾਇਆ ਗਿਆ।ਇਸ ਕਾਰਜ ਦੀ ਅਰੰਭਤਾ ਲਈ ਸਵੇਰੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਲੈਂਟਰ ਦੀ ਅਰੰਭਤਾ ਕੀਤੀ ਗਈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਹਰਜਿੰਦਰ ਸਿੰਘ, ਸਤਵਿੰਦਰ ਸਿੰਘ ਸੌਂਧੀ ਨੇ ਦੱਸਿਆ ਕਿ ਆਧੁਨਿਕ ਸਹੂਲਤਾਂ ਵਾਲਾ ਇਹ ਦੀਵਾਨ ਹਾਲ ਬੇਸਮੇਂਟ ਸਮੇਤ 160 ਫੁੱਟ ਲੰਬਾਈ, 135 ਫੁੱਟ ਚੋੜਾਈ ਅਤੇ 35 ਫੁੱਟ ਉਚਾਈ ਵਾਲਾ ਬਣਵਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਬੰਧਕ ਕਮੇਟੀ ਤੋਂ ਇਲਾਵਾ ਪਿੰਡ ਅਤੇ ਇਲਾਕੇ ਦੇ ਪਤਵੰਤੇ ਸਜੱਣ ਅਤੇ ਕਈ ਉਘੇ ਸਿਆਸੀ ਆਗੂ ਹਾਜ਼ਰ ਸਨ।



## ਨਰਿੰਦਰ ਬੀਬਾ ਯਾਦਗਾਰੀ ਸੱਭਿਆਚਾਰਕ ਮੇਲਾ ਯਾਦਗਾਰੀ ਹੋ ਨਿਬੜਿਆ

**ਨਕੋਦਰ (ਮਨਜੀਤ ਮਾਨ)**- ਪਿੰਡ ਸਾਦਿਕਪੁਰ ਵਿਖੇ 27 ਵਾਂ ਮਰਹੂਮ ਨਰਿੰਦਰ ਬੀਬਾ ਯਾਦਗਾਰੀ ਅੰਤਰਰਾਸਟਰੀ ਸੱਭਿਆਚਾਰਕ ਮੇਲਾ ਸੱਭਿਆਚਾਰਕ ਮੇਲੇ ਦੇ ਮੁੱਖ ਸੰਚਾਲਕ ਗੀਤਕਾਰ ਗੁਰਨਾਮ ਸਿੰਘ ਨਿਧੜਕ, ਸਮੂਹ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ ਇਹ ਮੇਲਾ ਆਪਣੀਆਂ ਅਮਿੱਟ ਪੈੜਾ ਛੱਡਦਾ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਇਸ ਮੇਲੇ ਦੇ ਉਦਘਾਟਨ ਦੀ ਰਸਮ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਤੇ ਇਨਫੋਟਿੱਕ ਪੰਜਾਬ ਦੀ ਡਾਇਰੈਕਟਰ ਬੀਬੀ ਰਣਜੀਤ ਕੌਰ ਨੇ ਸਾਝੇ ਤੌਰ ਕੀਤਾ। ਮੁੱਖ ਮਹਿਮਾਨ ਵੱਜੋਂ ਲੋਕ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ 'ਚ ਤਰਨਦੀਪ ਸਿੰਘ ਰੂਬੀ ਫਾਰਮੇਸੀ ਅਫਸਰ ਸ਼ਾਹਕੋਟ, ਬਲਬੀਰ ਸਿੰਘ ਧੰਜੂ ਬਾਹਮਣੀਆ, ਮਾ. ਕੁਲਜੀਤ ਸਿੰਘ ਸ਼ਾਹਕੋਟ, ਮੇਜਰ ਸਿੰਘ ਚੌਕੀ ਇੰਚਾਰਜ ਤਲਵੰਡੀ ਸੰਘੇੜਾ, ਨੰਬਰਦਾਰ ਗੁਰਦਿਆਲ ਸਿੰਘ ਗਰੇਵਾਲ ਡਾਕਟਰ ਜਗਦੀਸ਼ ਸਿੰਘ ਐੱਮ ਬੀ ਬੀ ਐਸ ਐਮ ਡੀ ਮੀਰੀ ਪੀਰੀ ਹਸਪਤਾਲ ਕਾਲਾ ਸੰਘਿਆਂ ਨੇ ਕੀਤੀ। ਮੇਲੇ ਦੀ ਸ਼ੁਰੂਆਤ ਨਮਰਤਾ ਸਾਦਿਕਪੁਰੀ ਨੇ ਆਪਣੇ ਹਿੱਟ ਗੀਤ ਗਾਕੇ ਮੇਲੇ ਵਿੱਚ ਨਵੇਂ ਰੰਗ ਭਰੇ ਅਤੇ ਹੁਣ ਤੂੰ ਹੀ ਭਗਤ ਸਿਆਂ ਮੁੜਕੇ, ਦੁਬਾਰਾ ਗੇੜਾ ਮਾਰ ਵੇ ਗੀਤ ਗਾ ਕੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।ਫਿਰ ਰਾਣਾ ਲਹਿਰੀ, ਸੁਰਪ੍ਰੀਆ ਸਹੋਤਾ, ਸੁਖਦੇਵ ਤੇਜੀ ਨੇ ਆਪਣੇ ਹਿੱਟ ਗੀਤਾਂ ਨਾਲ ਮੇਲੇ ਨੂੰ ਅੱਗੇ ਤੋਰਿਆ, ਇਲਾਕੇ ਦੇ ਨਾਮਵਾਰ ਗਾਇਕ ਅਸ਼ੋਕ ਗਿੱਲ ਨੇ ਆਪਣੇ ਚਰਚਿਤ ਗੀਤਾਂ ਨਾਲ ਗਾਕੇ ਮੇਲੇ ਨੂੰ ਸਿਖਰਾਂ ਵੱਲ ਤੋਰਿਆ। ਜਦੋ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਬਲਬੀਰ ਚੋਟੀਆ, ਤੇ ਜੈਸਮੀਨ ਚੋਟੀਆ ਨੇ ਸਟੇਜ ਸੰਭਾਲੀ ਤਾਂ ਮੇਲਾ ਸਿਖਰਾਂ ਤੇ ਜਾ ਪੁੱਜਾ ਉਨ੍ਹਾਂ ਦੋ ਘੰਟੇ ਆਪਣੇ ਹਿੱਟ ਗੀਤ ਇੱਕ ਮਾਂ ਬੋਹੜ ਦੀ ਛਾਂ ਤੋ ਸ਼ੁਰੂਆਤ ਕਰਕੇ, ਹੋਰ ਹਿੱਟ ਗੀਤਾ ਨਾਲ ਮੇਲਾ ਨੂੰ ਸਿਖਰਾ ਤੇ ਪਹੁੰਚਾ ਤੇ ਸ੍ਰੋਤਿਆਂ ਦੇ ਦਿਲਾਂ ਤੇ ਅਮਿੱਟ ਛਾਪ ਛਾਪ ਛੱਡੀ। ਫਿਰ ਦਲਵਿੰਦਰ ਦਿਆਲਪੁਰੀ ਨੇ ਨੇਰੀਆਂ ਲਿਆ ਦਊ ਬਿੱਲੋ ਨੇਰ੍ਹੀਆ ਆਪਣੇ ਨਵੇਂ ਪੁਰਾਣੇ ਹਿੱਟ ਗੀਤਾਂ ਨਾਲ ਮੇਲੇ ਨੂੰ ਪੂਰੇ ਜੋਬਨ ਤੇ ਪਹੁੰਚਾ ਦਿੱਤਾ ਤੇ ਸ੍ਰੋਤਿਆਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਫਿਰ ਸੁਰੀਲੀ ਗਾਇਕ ਜੋੜੀ ਗਾਮਾ ਫਕੀਰ ਨੀਲੂ ਬੇਗਮ ਨੇ ਗੀਤਕਾਰ ਗੁਰਨਾਮ ਸਿੰਘ ਨਿਧੜਕ ਲਿਖੇ ਗੀਤ ਪੇਸ਼ ਕਰਕੇ ਸ੍ਰੋਤਿਆਂ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਵਿੱਢਣ ਦਾ ਸੱਦਾ ਦਿੱਤਾ। ਇਸ ਮੌਕੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਗੁਰਨਾਮ ਸਿੰਘ ਨਿਧੜਕ ਦੀ ਤਰੀਫ ਕਰਦਿਆ ਲੋਕਾਂ ਨੂੰ ਮੇਲਿਆ ਵਿੱਚ ਸਹਿਯੋਗ ਕਰਨ ਦਾ ਸੱਦਾ ਦਿੱਤਾ।



## ਬਾਬਾ ਪਿੱਪਲ ਦਾਸ ਮਹਾਰਾਜ ਦਾ ਬਰਸੀ ਸਮਾਗਮ ਮਨਾਇਆ

**ਅਲਾਵਲਪੁਰ (ਮਦਨ ਬੰਗੜ)**- ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਿਖੇ ਬ੍ਰਹਮਲੀਨ ਬਾਬਾ ਪਿੱਪਲ ਦਾਸ ਮਹਾਰਾਜ ਦਾ ਬਰਸੀ ਸਮਾਗਮ ਸੰਤ ਸੁਰਿੰਦਰ ਦਾਸ ਬਾਵਾ ਦੀ ਸਰਪ੍ਰਸਤੀ ਹੇਠ ਸ਼ਰਧਾ ਪੂਰਵਕ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਅੰਮ੍ਰਿਤ ਬਾਣੀ ਸਤਿਗੁਰ ਰਵਿਦਾਸ ਮਹਾਰਾਜ ਦੇ ਪਾਵਨ ਜਾਪ ਆਰਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਹਰਿ ਦੇ ਨਿਸ਼ਾਨ ਸਾਹਿਬ ਚੜ੍ਹਾਏ ਗਏ।ਇਸ ਮੌਕੇ ਸੰਤ ਸੁਰਿੰਦਰ ਦਾਸ ਬਾਵਾ ਨੇ ਬ੍ਰਹਮਲੀਨ ਬਾਬਾ ਪਿੱਪਲ ਦਾਸ ਜੀ ਮਹਾਰਾਜ ਦੇ ਪਾਵਨ ਜੀਵਨ ਅਤੇ ਵਿਸ਼ਵ ਭਰ ਵਿੱਚ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਤੇ ਚਾਨਣਾ ਪਾਇਆ।ਬਾਬਾ ਪਿੱਪਲ ਦਾਸ ਮਹਾਰਾਜ ਸੰਗਤਾਂ ਨੂੰ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੁੜਨ, ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਆ ਪੜਾਉਣ, ਮਾਤਾ ਪਿਤਾ ਦੀ ਸੇਵਾ ਕਰਨ, ਮਾਨਵਤਾ ਨਾਲ ਪਿਆਰ ਕਰਨ, ਸੰਤਾਂ ਦੀ ਸੰਗਤ, ਹਰਿ ਦਾ ਸਿਮਰਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦਾ ਉਪਦੇਸ਼ ਦਿੰਦੇ ਸਨ। ਬਾਬਾ ਪਿੱਪਲ ਦਾਸ ਜੀ ਮਹਾਰਾਜ ਨੇ ਕੁਟੀਆ ਵਿਖੇ ਪਾਠਸ਼ਾਲਾ ਵੀ ਖੋਲੀ ਹੋਈ ਸੀ ਜਿੱਥੇ ਬੱਚਿਆਂ ਨੂੰ ਗੁਰਮੁਖੀ ਭਾਸ਼ਾ ਅਤੇ ਗੁਰਬਾਣੀ ਦਾ ਅਧਿਐਨ ਕਰਵਾਇਆ ਕਰਦੇ ਸਨ। ਉਸ ਪਾਠਸ਼ਾਲਾ ਵਿੱਚ ਗਿਆਨ ਦਾ ਪ੍ਰਕਾਸ਼ ਪ੍ਰਾਪਤ ਕਰਕੇ ਅਨੇਕਾਂ ਵਿਦਿਆਰਥੀਆਂ ਨੇ ਜੀਵਨ ਸਫਲ ਕੀਤਾ।ਇਸ ਮੌਕੇ ਸੰਤ ਸਤਿਆ ਪਾਲ ਦਾਸ ਹਰਿਆਣਾ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਅੰਮ੍ਰਿਤ ਬਾਣੀ ਦੇ ਪ੍ਰਕਾਸ਼ ਲੱਖਾਂ ਦੀ ਗਿਣਤੀ ਵਿੱਚ ਹੋ ਚੁੱਕੇ ਹਨ।ਇਸ ਮੌਕੇ ਸੰਤ ਹਰਵਿੰਦਰ ਦਾਸ ਆਦਮਪੁਰ, ਬੀਬੀ ਕ੍ਰਿਸ਼ਨਾ ਦੇਵੀ, ਸੰਤ ਤਰਸੇਮ ਸਿੰਘ ਆਦਮਪੁਰ, ਜਾਗਤ ਗੁਰੂ ਰਵਿਦਾਸ ਕੀਰਤਨੀ ਜਥਾ ਕੁੱਕੜ ਪਿੰਡ, ਜਗਤ ਗੁਰੂ ਰਵਿਦਾਸ ਸੰਗੀਤ ਅਕੈਡਮੀ ਕਾਹਨਪੁਰ, ਬੰਗੜ ਬ੍ਰਦਰ, ਜੀਵਨ ਸੋਹਲ ਆਦਿ ਵਲੋਂ ਹਾਜ਼ਰੀ ਲਗਾਈ ਗਈ। ਸੁਖਵਿੰਦਰ ਗੋਲਡੀ ਵਲੋਂ ਸਟੇਜ ਸਕੱਤਰ ਦੀ ਸੇਵਾ ਬਖੂਬੀ ਨਿਭਾਈ ਗਈ।



## ਸੰਤ ਨਿਰੰਕਾਰੀ ਮਿਸ਼ਨ ਨੇ ਲਗਾਇਆ ਖੂਨਦਾਨ ਕੈਂਪ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸੰਤ ਨਿਰੰਕਾਰੀ ਸਤਿਸੰਗ ਭਵਨ ਭੋਗਪੁਰ ਜੋਨ ਕਪੂਰਥਲਾ ਵਿਖੇ ਇੱਕ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਜਿੱਥੇ ਮਿਸ਼ਨ ਦੇ ਸ਼ਰਧਾਲੂਆਂ ਦੇ ਨਾਲ-ਨਾਲ ਸ਼ਹਿਰ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸਾਰਿਆਂ ਨੇ ਪੂਰੇ ਉਤਸ਼ਾਹ ਅਤੇ ਸਮਰਪਣ ਭਾਵਨਾ ਨਾਲ ਸਵੈ-ਇੱਛਾ ਨਾਲ 83 ਯੂਨਿਟ ਖੂਨਦਾਨ ਕਰਕੇ ਮਨੁੱਖੀ ਭਲਾਈ ਵਿੱਚ ਯੋਗਦਾਨ ਪਾਇਆ। ਇਸ ਖੂਨਦਾਨ ਕੈਂਪ ਦਾ ਉਦਘਾਟਨ ਸੰਤ ਨਿਰੰਕਾਰੀ ਮਿਸ਼ਨ ਚੰਡੀਗੜ੍ਹ ਤੋਂ ਆਏ ਸਤਿਕਾਰਯੋਗ ਮਹਾਤਮਾ ਪਵਨ ਕੁਮਾਰ ਜੀ ਗਿਆਨ ਪ੍ਰਚਾਰਕ ਚੰਡੀਗੜ੍ਹ ਨੇ ਕੀਤਾ। ਉਹਨਾਂ ਨੇ ਮਿਸ਼ਨ ਦੇ ਇਤਿਹਾਸ ਦੀ ਪੂਰੀ ਜਾਣਕਾਰੀ ਦਿੱਤੀ ਤੇ ਉਹਨਾਂ ਕਿਹਾ ਬਾਬਾ ਹਰਦੇਵ ਸਿੰਘ ਜੀ ਨੇ ਖੂਨਦਾਨ ਨੂੰ ਮਿਸ਼ਨ ਦੀ ਅਧਿਆਤਮਿਕ ਸੇਵਾ ਦਾ ਇੱਕ ਅਨਿੱਖੜਵਾਂ ਅੰਗ ਬਣਾਇਆ, ਖੂਨ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ, ਨਾਲੀਆਂ ਵਿੱਚ ਨਹੀਂ ਦਾ ਅਮਰ ਸੰਦੇਸ਼ ਦਿੱਤਾ। ਇਹ ਸੰਦੇਸ਼ ਅੱਜ ਵੀ ਹਰ ਨਿਰੰਕਾਰੀ ਸ਼ਰਧਾਲੂ ਦੇ ਦਿਲ ਵਿੱਚ ਸੇਵਾ ਅਤੇ ਸਮਰਪਣ ਦੀ ਇੱਕ ਪ੍ਰੇਰਨਾਦਾਇਕ ਲਾਈਨ ਦੇ ਰੂਪ ਵਿੱਚ ਜ਼ਿੰਦਾ ਹੈ। ਇਸ ਖੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ ਜਲੰਧਰ ਦੀ ਮਾਹਿਰ ਟੀਮ ਨੇ 83 ਯੂਨਿਟ ਖੂਨ ਇਕੱਠਾ ਕੀਤਾ। ਅੰਤ ਵਿੱਚ ਭੋਗਪੁਰ ਬ੍ਰਾਂਚ ਦੇ ਮੁਖੀ ਡਾਕਟਰ ਮਹਿੰਗਾ ਸਿੰਘ ਨੇ ਸਾਰੇ ਹੀ ਮਹਿਮਾਨਾਂ ਖੂਨਦਾਨੀਆਂ, ਸੇਵਾਦਾਰਾਂ ਅਤੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਸ਼ਹੀਦ ਭਗਤ ਸਿੰਘ ਦੇ ਵਿਚਾਰ ਅੱਜ ਵੀ ਨੌਜਵਾਨਾਂ ਨੂੰ ਪ੍ਰੇਰਿਤ ਕਰਦੇ : ਵਿਜੇ ਸਾਂਪਲਾ

**ਫਗਵਾੜਾ, ਹੁਸ਼ਿਆਰਪੁਰ (ਡਾ. ਰਮਨ, ਜਸਵਿੰਦਰ ਢੱਡਾ, ਬਲਵੀਰ ਸਿੰਘ ਸੈਣੀ)** ਭਾਰਤੀ ਆਜ਼ਾਦੀ ਅੰਦੋਲਨ ਦੇ ਸਭ ਤੋਂ ਮਹਾਨ ਇਨਕਲਾਬੀ ਸ਼ਹੀਦ ਭਗਤ ਸਿੰਘ ਨੂੰ ਅੱਜ ਇੱਕ ਧੰਨਵਾਦੀ ਰਾਸ਼ਟਰ ਸ਼ਰਧਾਂਜਲੀ ਭੇਟ ਕਰਦਾ ਹੈ।ਇਸ ਸੰਬੰਧ ਵਿੱਚ, ਮਹਾਨ ਇਨਕਲਾਬੀ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ 'ਤੇ ਭਾਜਪਾ ਫਗਵਾੜਾ ਹਲਕਾ ਇੰਚਾਰਜ ਅਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਦੇ ਨਿਵਾਸ ਸਥਾਨ 'ਤੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਭਾਜਪਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਇਸ ਮੌਕੇ ਵਿਸ਼ੇਸ਼ ਮਹਿਮਾਨ ਸਨ।ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਇਨਕਲਾਬੀ ਭਗਤ ਸਿੰਘ ਨੇ ਨਾ ਸਿਰਫ਼ ਬ੍ਰਿਟਿਸ਼ ਸ਼ਾਸਨ ਨੂੰ ਜ਼ੋਰਦਾਰ ਢੰਗ ਨਾਲ ਚੁਣੌਤੀ ਦਿੱਤੀ, ਸਗੋਂ ਦੇਸ਼ ਦੀ ਆਜ਼ਾਦੀ ਅਤੇ ਉੱਜਵਲ ਭਵਿੱਖ ਲਈ ਆਪਣੀ ਜਾਨ ਵੀ ਕੁਰਬਾਨ ਕਰ ਦਿੱਤੀ।ਵਿਜੇ ਸਾਂਪਲਾ ਨੇ ਅੱਗੇ ਕਿਹਾ ਕਿ ਜਿੰਨਾ ਚਿਰ ਉਹ ਜੀਉਂਦੇ ਰਹੇ, ਉਹ ਇੱਕ ਮਿਸ਼ਨ ਨਾਲ ਜੀਉਂਦੇ ਰਹੇ ਅਤੇ ਇਸ ਲਈ ਉਨ੍ਹਾਂ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ।ਭਗਤ ਸਿੰਘ ਦੇ ਸਾਹਿਤਕ ਪਿਆਰ ਦਾ ਸਭ ਤੋਂ ਵੱਡਾ ਪ੍ਰਮਾਣ ਉਨ੍ਹਾਂ ਦੀ ਜੇਲ੍ਹ ਡਾਇਰੀ ਹੈ, ਜਿਸ ਵਿੱਚ ਉਨ੍ਹਾਂ ਨੇ ਕਵੀਆਂ ਅਤੇ ਲੇਖਕਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੇ ਵਿਚਾਰ ਨੌਜਵਾਨਾਂ ਨੂੰ ਦੇਸ਼ ਭਗਤੀ, ਕੁਰਬਾਨੀ ਅਤੇ ਸਮਾਜਿਕ ਨਿਆਂ ਵੱਲ ਪ੍ਰੇਰਿਤ ਕਰਦੇ ਹਨ, ਜਿਸ ਵਿੱਚ ਇਨਕਲਾਬੀ ਸੋਚ, ਆਲੋਚਨਾ ਅਤੇ ਸੁਤੰਤਰ ਸੋਚ ਦੀ ਮਹੱਤਤਾ ਸ਼ਾਮਲ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਵਿਚਾਰਾਂ ਦੀ ਕ੍ਰਾਂਤੀ ਤਲਵਾਰ ਦੀ ਧਾਰ 'ਤੇ ਨਹੀਂ, ਸਗੋਂ ਵਿਚਾਰਾਂ ਦੇ ਸੰਘਰਸ਼ ਰਾਹੀਂ ਹੁੰਦੀ ਹੈ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਨੇ ਕਿਹਾ ਕਿ ਭਗਤ ਸਿੰਘ ਪੂਰੇ ਦੇਸ਼ ਦੇ ਨਾਇਕ ਹਨ। ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਅੱਜ, ਨੌਜਵਾਨ ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰਭਾਵਿਤ ਹਨ।ਇਸ ਮੌਕੇ ਬਲਭਦਰਸੇਨ ਦੁੱਗਲ, ਤੇਜਸਵੀ ਭਾਰਦਵਾਜ, ਮਹਿੰਦਰ ਥਾਪਰ, ਆਸ਼ੂ ਪੁਰੀ, ਆਸ਼ੂ ਸਾਂਪਲਾ, ਡਾ: ਪਵਨ ਕੌਲ, ਰੁਕੀ ਸ਼ਰਮਾ, ਅਸ਼ੋਕ ਦੁੱਗਲ, ਸ਼ਿਵਰੰਜਨ ਦੁੱਗਲ, ਰਾਜਕੁਮਾਰ ਰਾਣਾ, ਸੰਨੀ ਬੈਂਸ, ਮਨਜੀਤ ਬਾਲੀ, ਸੁਰਿੰਦਰ ਜੌਰਡਨ, ਬੱਲੂ ਵਾਲੀਆ, ਵਿਨਾਇਕ ਪਰਾਸ਼ਰ, ਹਰਿੰਦਰ ਸਿੰਘ ਵਾਸੀਆ, ਹਰਿੰਦਰ ਸਿੰਘ ਬੈਂਸ, ਸ. ਸਿਧਾਰਥ, ਸ਼ੁਕਲਾ ਰਾਏ, ਦੀਪਕ ਮਲਹੋਤਰਾ ਆਦਿ ਹਾਜ਼ਰ ਸਨ।



## ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਅੱਜ ਪਲੇਸਮੈਂਟ ਕੈਂਪ

**ਮੋਹਾਲੀ (ਗੁਰਜੀਤ ਬਿੱਲਾ)** ਡੀ ਬੀ ਈ ਈ ਐਸ ਏ ਐਸ ਨਗਰ ਦੇ ਡਿਪਟੀ ਡਾਇਰੈਕਟਰ, ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ, ਮੇਜਰ (ਸੇਵਾਮੁਕਤ) ਹਰਪ੍ਰੀਤ ਸਿੰਘ ਮਾਨਸ਼ਾਹੀਆ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਤਹਿਤ ਪੰਜਾਬ ਸਰਕਾਰ ਦੇ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ, ਐਸ.ਏ.ਐਸ ਨਗਰ ਵੱਲੋਂ ਪਿੰਡ ਗੋਬਿੰਦਗੜ੍ਹ, ਨੈਨਾ ਦੇਵੀ ਮੰਦਿਰ, ਨੇੜੇ ਸਰਕਾਰੀ ਸਕੂਲ, ਮੋਹਾਲੀ, ਐਸ.ਏ. ਐਸ. ਨਗਰ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪਿੰਡ ਗੋਬਿੰਦਗੜ੍ਹ, ਨੈਨਾ ਦੇਵੀ ਮੰਦਰ, ਨੇੜੇ ਸਰਕਾਰੀ ਸਕੂਲ, ਮੋਹਾਲੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ 30 ਸਤੰਬਰ ਦਿਨ ਮੰਗਲਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 2:00 ਵਜੇ ਤੱਕ ਹੋਵੇਗਾ।


### ਜਨਮ ਦਿਨ ਮੁਬਾਰਕ



ਰਬਾਬ ਸਿੰਘ ਸੰਧੂ, ਗੁਰਦਾਸਪੁਰ

### ਵਰ੍ਹੇਗੰਢ ਮੁਬਾਰਕ



ਸੋਨੂੰ ਅਤੇ ਪੂਨਮ ਵਾਸੀ ਗੁਰਦਾਸਪੁਰ ਨੂੰ ਵਿਆਹ ਦੀ 13ਵੀਂ ਵਰ੍ਹੇਗੰਢ ਮੁਬਾਰਕਾਂ।


## 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਸੰਸਥਾ ਅਜਨੋਹਾ ਵੱਲੋਂ ਪੰਜ ਬੂਟੇ ਮੋਟਰ 'ਤੇ ਮੁਹਿੰਮ ਤਹਿਤ ਬੂਟਿਆਂ ਦਾ ਲੰਗਰ ਲਗਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ।ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਵੱਲੋਂ ਵਰਸਾਏ ਬਾਬਾ ਯੱਖ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਹਿਯੋਗ ਨਾਲ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਸੰਸਥਾ (ਰਜਿ.) ਅਜਨੋਹਾ ਵਲੋਂ ਪੰਜ ਬੂਟੇ ਮੋਟਰ ਤੇ ਮੁਹਿੰਮ ਤਹਿਤ ਬੂਟਿਆਂ ਦਾ ਲੰਗਰ ਪਿੰਡ ਬਘਾਣਾ ਵਿਖੇ ਲਗਾਇਆ ਗਿਆ।ਪਿੰਡ ਦੇ ਸਰਪੰਚ ਬਲਵਿੰਦਰ ਸਿੰਘ ਜੀ ਨੇ ਬੂਟੇ ਵੰਡ ਕੇ ਲੰਗਰ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਹਾਜ਼ਰ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਸਰਪੰਚ ਬਲਵਿੰਦਰ ਸਿੰਘ, ਬਲਜੀਤ ਸਿੰਘ ਬਿੱਲਾ ਖਾਲਸਾ ਅਜਨੋਹਾ, ਜਰਨੈਲ ਸਿੰਘ ਅਜਨੋਹਾ, ਬਰਿੰਦਰ ਸਿੰਘ ਬਿੰਦਰ ਪੰਜੌੜਾ, ਸੁਮੀਤ ਪਾਲ ਸਿੰਘ, ਦਰਬਾਰਾ ਸਿੰਘ ਖਾਲਸਾ ਅਜਨੋਹਾ, ਉਂਕਾਰ ਸਿੰਘ ਖਾਲਸਾ ਨਰੂੜ, ਗੁਰਚਰਨ ਸਿੰਘ ਘੁੱਲਰ, ਦਲਜੀਤ ਸਿੰਘ, ਗੁਰਮੇਲ ਸਿੰਘ ਅਮਨਦੀਪ ਪੱਬੀ, ਰਮਨ ਕੁਮਾਰ ਮਹਿਤਾ, ਕੁਲਦੀਪ ਕੌਰ, ਦਰਸ਼ਨ ਕੌਰ, ਹਰਦੀਪ ਕੌਰ, ਦਲਜੀਤ ਕੌਰ ਹਰਬੰਸ ਸਿੰਘ, ਕੁਲਵੰਤ ਸਿੰਘ, ਸੁਖਵਿੰਦਰ ਸਿੰਘ ਆਦਿ।



## ਭਲਕ ਦੀ ਭੁੱਖ ਹੜਤਾਲ 'ਚ ਅਧਿਆਪਕ ਵੱਧ-ਚੜ੍ਹ ਕੇ ਲੈਣਗੇ ਹਿੱਸਾ : ਚੌਟਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ 'ਤੇ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲੈ ਕੇ 1 ਅਕਤੂਬਰ ਨੂੰ ਇੱਕ ਰੋਜ਼ਾ ਭੁੱਖ ਹੜਤਾਲ ਤੇ ਅਧਿਆਪਕ ਅਤੇ ਕਰਮਚਾਰੀ ਬੈਠਣਗੇ, ਜਿਸ ਵਿੱਚ ਅਧਿਆਪਕਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਆਪਣਾ ਹਿੱਸਾ ਪਾਇਆ ਜਾਵੇਗਾ ਅਤੇ ਜੇਕਰ ਸਾਡੀ ਮੰਗ ਨੂੰ ਅਣਗੌਲਿਆ ਤਾਂ 25 ਨਵੰਬਰ ਨੂੰ ਕੀਤਾ ਜਾਵੇਗਾ ਦਿੱਲੀ ਕੂਚ ਇਸ ਬਾਰੇ ਜਾਣਕਾਰੀ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਨੇ ਦੱਸਿਆ ਕਿ ਕੇਂਦਰ ਅਤੇ ਰਾਜ ਸਰਕਾਰਾਂ ਅਧਿਆਪਕ ਦਿਵਸ 'ਤੇ ਅਧਿਆਪਕਾਂ ਦੇ ਮਾਨ ਸਨਮਾਨ ਦੇ ਫੋਕੇ ਦਾਅਵੇ ਕਰਦੇ ਹਨ ਪਰ ਅਧਿਆਪਕਾਂ ਦਾ ਮਾਨ ਸਨਮਾਨ ਸਮਾਜਿਕ ਸੁਰੱਖਿਆ ਵਿੱਚ ਹੈ ਜੋ ਕਿ ਰਾਜ ਅਤੇ ਕੇਂਦਰ ਸਰਕਾਰ ਦੋਵੇਂ ਦੇਣ ਤੋਂ ਮੁਨਕਰ ਹਨ ਜਿੱਥੇ ਰਾਜ ਸਰਕਾਰ ਆਪਣਾ ਤਿੰਨ ਸਾਲ ਪਹਿਲਾਂ ਕੀਤਾ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਲਾਗੂ ਕਰਨਾ ਭੁੱਲ ਕੇ ਚੋਣਾਂ ਸਮੇਂ ਪੁਰਾਣੀ ਪੈਨਸ਼ਨ ਬਹਾਲੀ ਦੀ ਦਿੱਤੀ ਗਰੰਟੀ ਤੇ ਕੀਤੇ ਵਾਅਦੇ ਤੋਂ ਮੂੰਹ ਫੇਰ ਲਿਆ ਹੈ। ਇਸ ਮੌਕੇ ਲੈਕ ਅਮਰ ਸਿੰਘ, ਵਿਕਾਸ ਸ਼ਰਮਾ, ਪ੍ਰਿੰਸ ਪਲਿਆਲ ਗੜ੍ਹਦੀਵਾਲਾ, ਰਾਜ ਕੁਮਾਰ ਹੁਸ਼ਿਆਰਪੁਰ, ਸਰਬਜੀਤ ਸਿੰਘ ਡੱਫਰ, ਸਚਿਨ ਕੁਮਾਰ, ਦਵਿੰਦਰ ਹੁਸ਼ਿਆਰਪੁਰ, ਉਮੇਸ਼ ਕੁਮਾਰ ਰਜਤ ਮਹਾਜਨ ਬਲਵਿੰਦਰ ਸਿੰਘ ਨਰਿੰਦਰ ਅਜਨੋਹਾ ਪਰਮਜੀਤ ਸਿੰਘ ਇੰਦਰਜੀਤ ਸਿੰਘ ਰਕੇਸ਼ ਕੁਮਾਰ ਸੁਸ਼ੀਲ ਪਠਾਣੀਆ ਅਨੂਪਮ ਰਤਨ ਅਤੇ ਹੋਰ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।

## ਪ੍ਰਧਾਨ ਮੰਤਰੀ ਹਮੇਸ਼ਾ ਦੇਸ਼ ਵਾਸੀਆਂ ਨੂੰ ਸਹੂਲਤ ਤੇ ਰਾਹਤ ਪ੍ਰਦਾਨ ਕਰਨ ਲਈ ਵਚਨਬੱਧ : ਪਵਾਰ

**ਫਿਲੌਰ (ਨਿਰਮਲ)**- ਕੇਂਦਰ ਸਰਕਾਰ ਨੇ ਦੀਵਾਲੀ ਅਤੇ ਨਵਰਾਤਰੀ ਦੇ ਸ਼ੁਭ ਮੌਕੇ 'ਤੇ ਜੀ ਐਸ ਟੀ ਨੂੰ ਦੋ ਸਲੈਬਾਂ ਤੱਕ ਸੀਮਤ ਕਰਕੇ ਇੱਕ ਕ੍ਰਾਂਤੀਕਾਰੀ ਕਦਮ ਚੁੱਕਿਆ ਹੈ, ਜਿਸ ਨਾਲ ਦੇਸ਼ ਵਾਸੀਆਂ ਨੂੰ ਸਹੂਲਤ ਅਤੇ ਰਾਹਤ ਮਿਲਦੀ ਹੈ।ਇਹ ਵਿਚਾਰ ਸੂਬੇ ਦੇ ਸਕੱਤਰ ਰਾਕੇਸ਼ ਕੁਮਾਰ ਸ਼ਰਮਾ ਅਤੇ ਭਾਜਪਾ ਦਿਹਾਤੀ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਰਣਜੀਤ ਸਿੰਘ ਪਵਾਰ ਨੇ ਭਾਜਪਾ ਵੱਲੋਂ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਮੇਸ਼ਾ ਆਮ ਲੋਕਾਂ ਨੂੰ ਸਹੂਲਤ ਅਤੇ ਰਾਹਤ ਪ੍ਰਦਾਨ ਕਰਨ ਲਈ ਵਚਨਬੱਧ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਜਨਤਾ ਨੂੰ ਲਾਭ ਮਿਲਦਾ ਰਹੇਗਾ।ਰਾਕੇਸ਼ ਸ਼ਰਮਾ ਨੇ ਕਿਹਾ ਕਿ ਪਾਰਟੀ ਵਰਕਰ ਜੀ ਐਸ ਟੀ ਵਿੱਚ ਕਟੌਤੀ ਅਤੇ ਰੋਜ਼ਾਨਾ ਦੀਆਂ ਵਸਤੂਆਂ ਵਿੱਚ ਕਟੌਤੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਘਰਾਂ ਅਤੇ ਦੁਕਾਨਾਂ ਦਾ ਦੌਰਾ ਕਰਨ ਲਈ ਪੈਂਫਲੇਟ ਵੰਡਣਗੇ।ਭਾਜਪਾ ਆਗੂ ਸਹਿਬਾਨਾ ਨੇ ਕਾਨਫਰੰਸ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਸੋਚ ਅਤੇ ਕ੍ਰਾਂਤੀਕਾਰੀ ਕਦਮਾਂ ਕਾਰਨ ਸਮਾਜ ਦੇ ਸਾਰੇ ਵਰਗਾਂ ਨੂੰ ਜੀ ਐਸ ਟੀ ਵਿੱਚ ਕਟੌਤੀ ਦਾ ਲਾਭ ਮਿਲਿਆ ਹੈ। ਇਸ ਮੌਕੇ ਤਰਸੇਮ ਰੁਪਾਣਾ ਬੇਮੁਕਤ ਜਾਤੀਆਂ ਪੰਜਾਬ ਪ੍ਰਧਾਨ, ਸੁਰਿੰਦਰ ਕੁਮਾਰ ਸਟੇਟ ਆਫਿਸ ਸੈਕਟਰੀ, ਗੋਲਡੀ ਨਾਹਰ ਮੈਂਬਰ ਪੰਜਾਬ ਕਾਰਜਕਰਣੀ, ਵਿਨੋਦ ਰਹੇਜਾ ਪ੍ਰਧਾਨ ਫਿਲੌਰ, ਰਾਮ ਰਾਜ ਬਿਰਦੀ ਰਾਮ ਲਾਲ ਮਹਿਰਾ ਦੁਸਾਂਝ ਕਲਾਂ, ਮਦਾਨ ਸਾਬ, ਸ਼ਾਮ ਲਾਲ ਸ਼ਰਮਾ ਆਦਿ ਹੋਰ ਵੀ ਸਾਥੀ ਮੌਜੂਦ ਸਨ।

